ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 7 | Issue 30 | 25 July 2018 to 31 July 2018 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# ਭਾਰਤ 'ਚ ਜਾਨੂੰਨੀ ਹਿੰਦੂਆਂ ਦੇ ਹਜੂਮਾਂ ਦਾ ਤਾਂਡਵ

- ਆਏ ਦਿਨ ਹੋ ਰਹੇ ਨੇ ਬੇਕਸੂਰ ਮੁਸਲਮਾਨਾਂ ਤੇ ਦਲਿਤਾਂ ਦੇ ਕਤਲ
- ਮੋਦੀ ਸਰਕਾਰ ਦੇ ਮੰਤਰੀ ਦੇ ਰਹੇ ਨੇ ਹਤਿਆਰਿਆਂ ਨੂੰ ਸ਼ਰੇਆਮ ਥਾਪੜਾ
- ਸੁਪਰੀਮ ਕੋਰਟ ਦੀ ਸਖਤੀ ਦੇ ਬਾਵਜੂਦ ਘੱਟ ਗਿਣਤੀਆਂ 'ਚ ਭੈਅ ਦਾ ਮਾਹੌਲ



ਜਾਨੂੰਨੀ ਹਿੰਦੂਤਵੀਆਂ ਦੀਆਂ ਭੀੜਾਂ ਵਲੋਂ ਨਿੱਤ ਦਿਨ ਗਊ ਰੱਖਿਆ ਅਤੇ ਧਰਮ ਬਚਾਉਣ ਦੀ ਆੜ ਹੇਠ ਆਮ ਲੋਕਾਂ ਦੇ ਕਤਲ ਕੀਤੇ ਜਾ ਰਹੇ ਹਨ। ਤਸਵੀਰ ਵਿਚ ਭੀੜ ਦੁਆਰਾ ਘੇਰ ਕੇ ਕੁੱਟਮਾਰ ਦਾ ਸ਼ਿਕਾਰ ਇਕ ਵਿਅਕਤੀ ਜਾਨ ਦੀ ਭੀਖ ਮੰਗਦਾ ਹੋਇਆ।

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਭਾਰਤ ਵਿਚ ਹਿੰਦੂ ਬਹੁਗਿਣਤੀ ਨਾਲ ਸਬੰਧਤ ਜਾਨੂੰਨੀ ਲੋਕਾਂ ਦੇ ਹਜੂਮ ਨਿੱਤ ਦਿਨ ਆਮ ਲੋਕਾਂ ਦੇ ਕਤਲ ਤੇ ਮਾਰਕੁੱਟ ਕਰ ਰਹੇ ਹਨ। ਉਨ੍ਹਾਂ ਦੇ ਨਿਸ਼ਾਨੇ ਉਤੇ ਦੇਸ਼ ਦੀਆਂ ਘੱਟ ਗਿਣਤੀਆਂ ਖਾਸ ਕਰਕੇ ਮੁਸਲਮਾਨ, ਈਸਾਈ ਅਤੇ ਸਦੀਆਂ ਤੋਂ ਆਰਥਿਕ ਤੇ ਸਮਾਜਿਕ ਲੁੱਟ ਦਾ ਸ਼ਿਕਾਰ ਚਲਿਆ ਆ ਰਿਹਾ ਦਤਿ ਭਾਈਚਾਰਾ ਹੈ। ਇਹ ਸਭ ਕੁਝ ਜਦੋਂ ਤੋਂ ਕੇਂਦਰ ਵਿਚ ਭਾਰਤੀ ਜਨਤਾ ਪਾਰਟੀ ਦੀ ਨਰਿੰਦਰ ਮੋਦੀ ਦੀ ਅਗਵਾਈ ਵਿਚ ਸਰਕਾਰ ਬਣੀ ਹੈ, ਉਦੋਂ ਤੋਂ ਹੀ ਵਾਪਰ ਰਿਹਾ ਹੈ। ਦੂਜੇ ਰਾਜਾਂ ਵਿਚ ਵੀ ਜਿੱਥੇ-ਜਿੱਥੇ ਬੀਜੇਪੀ ਦੀ ਸਰਕਾਰ ਹੈ, ਉਥੇ ਹੀ ਅਜਿਹੀਆਂ ਘਟਨਾਵਾ ਦੀ ਭਰਮਾਰ ਹੈ। ਇਹ ਸਭ ਕੁਝ ਉਸ ਤਰ੍ਹਾਂ ਦਾ ਹੀ ਹੈ, ਜਿਵੇਂ ਨਵੰਬਰ ਉਨੀ ਸੌ ਚੁਰਾਸੀ ਵਿਚ ਉਸ ਵੇਲੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਕਾਂਗਰਸ ਪਾਰਟੀ ਦੇ ਸ਼ਾਸਨ ਵਾਲੇ ਰਾਜਾਂ ਵਿਜ ਯੋਜਨਾਬੱਧ ਢੰਗ ਨਾਲ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਸੀ। ਹੁਣ ਪਾਸੇ ਬਦਲੇ ਹੋਏ ਹਨ, ਕਾਂਗਰਸ ਦੀ ਥਾਂ ਭਾਜਪਾ ਹੈ ਤੇ ਸਿੱਖਾਂ ਦੀ ਥਾਂ ਮੁਸਲਮਾਨਾਂ ਦੀ ਵਾਰੀ ਹੈ। ਪੁਲਿਸ ਅਤੇ ਪ੍ਰਸ਼ਾਸਨ ਉਤੇ ਘਟਨਾਵਾਂ ਵਾਪਰਨ ਦੇ ਸਮੇਂ ਤੇ ਬਾਅਦ ਵਿਚ ਉਲਟਾ ਪੀੜਤਾਂ ਨੂੰ ਤੰਗ ਪਰੇਸ਼ਾਨ ਕਰਨ ਅਤੇ ਦੋਸ਼ੀਆਂ ਦੇ ਹੱਕ ਵਿਚ ਭੁਗਤਣ ਦੇ ਦੋਸ਼ ਲੱਗ ਰਹੇ ਹਨ।

ਤਾਜ਼ਾ ਮਾਮਲਾ ਅਕਬਰ ਖਾਨ ਦੀ ਮੌਤ ਦਾ ਹੈ। ਰਾਜਸਥਾਨ ਦੇ ਅਲਵਰ ਜ਼ਿਲ੍ਹੇ ਵਿੱਚ ਗਊ ਤਸਕਰੀ ਦੇ ਸ਼ੱਕ ਹੇਠ ਘੱਟਗਿਣਤੀ ਭਾਈਚਾਰੇ ਦੇ ਇਕ ਵਿਅਕਤੀ ਦੇ ਹਜੂਮੀ ਕਤਲ ਨੇ ਇਕ ਵਾਰ ਫਿਰ ਹਿੰਦੂ ਅੱਤਵਾਦ ਵੱਲ ਸਭ ਦਾ ਧਿਆਨ ਖਿੱਚਿਆ ਹੈ। ਕਥਿਤ ਗਊ ਰੱਖਿਅਕਾਂ ਵੱਲੋਂ ਕੁੱਟ-ਮਾਰ ਕਰ ਕੇ ਮਰਨਹਾਰ ਅਕਬਰ ਖ਼ਾਨ (28) ਨੂੰ ਹਸਪਤਾਲ ਲਿਜਾਣ 'ਚ ਪੁਲੀਸ ਨੇ ਤਿੰਨ ਘੰਟੇ ਲਗਾ ਦਿੱਤੇ ਕਿਉਂਕਿ ਉਹ ਰਸਤੇ ਵਿੱਚ ਅਕਬਰ ਨੂੰ ਉਸੇ ਹਾਲ ਛੱਡ ਕੇ ਖ਼ੁਦ ਚਾਹ ਪੀਣ ਲੱਗ ਪਏ ਸਨ।

ਇਸ ਦੌਰਾਨ ਰਾਜਸਥਾਨ ਪੁਲੀਸ ਨੇ ਦੇਰ ਰਾਤ ਇਸ ਮਾਮਲੇ ਨੂੰ ਸਿੱਝਣ ਵਿੱਚ ਹੋਈ 'ਗ਼ਲਤੀ' ਕਬੂਲਦਿਆਂ ਅਕਬਰ ਉਰਫ ਅਕਬਰ ਖ਼ਾਨ ਨੂੰ ਹਸਪਤਾਲ ਲੈ ਜਾਣ 'ਚ ਦੇਰੀ ਕਰਨ ਬਦਲੇ ਇਕ ਏਐਸਆਈ ਨੂੰ ਮੁਅੱਤਲ ਕਰ ਦਿੱਤਾ ਤੇ ਤਿੰਨ ਸਿਪਾਹੀਆਂ ਨੂੰ ਲਾਈਨ ਹਾਜ਼ਰ ਕੀਤਾ ਹੈ। ਏਐਸਆਈ ਮੋਹਨ ਸਿੰਘ ਵੱਲੋਂ ਇਸ ਸਬੰਧੀ 'ਗ਼ਲਤੀ' ਮੰਨਦਿਆਂ ਕਥਿਤ ਮੁਆਫ਼ੀ

ਬਾਕੀ ਸਫ਼ਾ 23 'ਤੇ

## ਭਾਰਤ 'ਚ ਆਮ ਲੋਕਾਂ ਨਾਲੋਂ ਗਊ ਦੀ ਅਹਿਮੀਅਤ ਜ਼ਿਆਦਾ



**ਅਲਵਰ/ਬਿਊਰੋ ਨਿਊਜ਼ :** ਭਾਰਤ ਵਿਚ ਜਦੋਂ ਤੋਂ ਨਰਿੰਦਰ ਮੋਦੀ ਦੀ ਅਗਵਾਈ ਵਿਚ ਕੇਂਦਰ 'ਚ ਸਰਕਾਰ ਬਣੀ ਹੈ, ਉਦੋਂ ਤੋਂ ਹੀ ਹਿੰਦੂਤਵੀਆਂ ਦੀਆਂ ਭੜਕੀਆਂ ਭੀੜਾਂ ਕੋਈ ਵੀ ਬਹਾਨਾ ਬਣਾ ਕੇ ਆਮ ਲੋਕਾਂ ਦੀ ਹੱਤਿਆ ਤਕ ਕਰ ਰਹੀਆਂ ਹਨ। ਸੁਪਰੀਮ ਕੋਰਟ ਦੀਆਂ ਹਦਾਇਤਾਂ ਤੋਂ ਬਾਅਦ ਵੀ ਪੁਲਿਸ ਪ੍ਰਸ਼ਾਸਨ ਦੇ ਕੰਨ ਉਤੇ ਜੂੰ ਨਹੀਂ ਸਰਕ ਰਹੀ। ਰਾਜਸਥਾਨ ਦੇ ਅਲਵਰ ਵਿਚ ਗਊ ਰੱਖਿਅਕਾਂ ਵਲੋਂ ਕਥਿਤ ਤੌਰ 'ਤੇ ਅਕਬਰ ਖ਼ਾਨ ਨਾਂ ਦੇ ਵਿਅਕਤੀ ਨੂੰ ਕੁੱਟ ਕੁੱਟ ਕੇ ਮਾਰ ਦਿਤੇ ਜਾਣ ਦੇ ਮਾਮਲੇ ਵਿਚ ਪੁਲਿਸ ਦੀ ਵੱਡੀ ਅਣਗਹਿਲੀ ਸਾਹਮਣੇ ਆਈ ਹੈ। ਅਕਬਰ ਨੂੰ 6 ਕਿਲੋਮੀਟਰ ਦੂਰ ਸਥਿਤ ਹਸਪਤਾਲ ਵਿਚ ਪਹੁੰਚਾਉਣ ਲਈ ਪੁਲਿਸ ਨੂੰ ਤਿੰਨ ਘੰਟੇ ਲੱਗ ਗਏ। ਪੁਲਿਸ ਨੇ ਗੰਭੀਰ ਰੂਪ ਨਾਲ ਜ਼ਖ਼ਮੀ ਖ਼ਾਨ ਨੂੰ ਸਮਾਜਿਕ ਸਿਹਤ ਕੇਂਦਰ ਪਹੁੰਚਾਉਣ ਤੋਂ ਪਹਿਲਾਂ ਘਟਨਾ ਸਥਾਨ ਤੋਂ ਬਰਾਮਦ ਦੋ ਗਊਆਂ ਨੂੰ ਗਊਸ਼ਾਲਾ ਪਹੁੰਚਾਉਣ ਨੂੰ ਪਹਿਲ ਦਿਤੀ। ਜੇਕਰ ਅਕਬਰ ਨੂੰ ਜਲਦੀ ਹਸਪਤਾਲ ਪਹੁੰਚਾਇਆ ਜਾਂਦਾ ਤਾਂ ਸ਼ਾਇਦ ਉਸ ਦੀ ਜਾਨ ਬਚਾਈ ਜਾ ਸਕਦੀ ਸੀ। ਗੌਰਤਲਬ ਹੈ ਕਿ ਮਾਬ ਲਿੰਚਿੰਗ ਦੀ ਇਸ ਘਟਨਾ ਵਿਚ ਅਕਬਰ ਖ਼ਾਨ ਦੀ ਮੌਤ ਹੋ ਗਈ ਸੀ। ਪੁਲਿਸ ਕਰਮੀ ਪਹਿਲਾਂ ਦੋ ਗਾਵਾਂ ਨੂੰ ਲੈ ਕੇ 10 ਕਿਲੋਮੀਟਰ ਦੂਰ ਗਊਸ਼ਾਲਾ ਗਏ ਅਤੇ ਉਸ ਤੋਂ ਬਾਅਦ ਖ਼ਾਨ ਨੂੰ ਹਸਪਤਾਲ ਲਿਜਾਇਆ ਗਿਆ। ਸਿਹਤ ਕੇਂਦਰ ਦੇ ਓਪੀਡੀ

ਬਾਕੀ ਸਫ਼ਾ 23 'ਤੇ

## ਹਾਰਦਿਕ ਪਟੇਲ ਨੂੰ ਦੋ ਸਾਲ ਦੀ ਸਜਾ

**ਗਾਂਧੀਨਗਰ/ਬਿਊਰੋ ਨਿਊਜ਼ :**
ਗੁਜਰਾਤ ਵਿਚ ਪਾਟੀਦਾਰ ਅੰਦੋਲਨ ਦੌਰਾਨ ਦੁਨੀਆ ਭਰ ਵਿਚ ਚਮਕੇ ਨੌਜਵਾਨ ਆਗੂ



ਹਾਰਦਿਕ ਪਟੇਲ ਦੀਆਂ ਮੁਸ਼ਕਲਾ ਵਧ ਸਕਦੀਆਂ ਹਨ। ਇਕ ਭਾਜਪਾ ਵਿਧਾਇਕ ਰਿਸ਼ੀਕੇਸ਼ ਪਟੇਲ ਦੇ ਦਫ਼ਤਰ 'ਚ ਭੰਨਤੋੜ ਦੇ ਮਾਮਲੇ 'ਚ ਵਿਸਨਗਰ ਅਦਾਲਤ ਨੇ ਹਾਰਦਿਕ ਪਟੇਲ ਅਤੇ ਲਾਲਜੀ ਪਟੇਲ ਨੂੰ ਦੋਸ਼ੀ ਕਰਾਰ ਦਿੰਦਿਆਂ ਦੋ ਸਾਲ ਕੈਦ ਦੀ ਸਜ਼ਾ ਦੇ ਨਾਲ 50,000 ਜੁਰਮਾਨਾ ਕੀਤਾ ਹੈ। ਦੱਸ ਦੇਈਏ ਕਿ ਹਾਰਦਿਕ ਨੇ ਪਾਟੀਦਾਰਾਂ ਲਈ ਰਾਖਵਾਂਕਰਨ ਦੀ ਮੰਗ ਕੀਤੀ ਸੀ, ਜਿਸ ਦੌਰਾਨ ਗੁਜਰਾਤ ਵਿਚ ਕਾਫੀ ਸ਼ੋਰਗੁੱਲ ਮਚਿਆ ਸੀ।ਇਸ ਕੇਸ ਵਿਚ ਪਟੇਲ ਸਮੇਤ 16 ਵਿਅਕਤੀਆਂ ਦੇ ਨਾਂ ਸ਼ਾਮਲ ਸਨ। ਪਟੇਲ ਸਮੇਤ ਸਰਦਾਰ ਗਰੁੱਪ ਦੇ ਲੀਡਰ, ਲਾਲਜੀ ਪਟੇਲ ਨੂੰ ਵੀ 2 ਸਾਲ ਦੀ ਸਜ਼ਾ ਅਤੇ 50,000 ਰੁ. ਜੁਰਮਾਨਾ ਕੀਤਾ ਗਿਆ ਹੈ। ਇਨ੍ਹਾਂ 'ਤੇ ਤਿੰਨ ਸਾਲ ਪਹਿਲਾਂ ਹੋਈ ਹਿੰਸਾ ਦੌਰਾਨ ਸਰਕਾਰੀ ਮਸ਼ੀਨਰੀ ਨੂੰ ਨੁਕਸਾਨ ਪਹੁੰਚਾਉਣ ਦਾ ਦੋਸ਼ ਹੈ। ਗੁਜਰਾਤ ਵਿਚ ਇਸ ਹਿੰਸਾ ਦੌਰਾਨ ਕੁੱਲ 14 ਲੋਕਾਂ ਦੀ ਮੌਤ ਹੋ ਗਈ ਸੀ।

## ਛੇ ਸਾਲਾ ਬੱਚੀ ਦੇ ਬਲਾਤਕਾਰੀ ਹਤਿਆਰੇ ਨੂੰ ਫਾਂਸੀ ਦਾ ਹੁਕਮ

**ਮਾਨਸਾ/ਬਿਊਰੋ ਨਿਊਜ਼ :** ਪੰਜਾਬ ਵਿਚ ਮਾਨਸਾ ਜ਼ਿਲ੍ਹਾ ਅਦਾਲਤ ਨੇ ਜਬਰ ਜਨਾਹ ਦੇ ਇੱਕ ਮਾਮਲੇ 'ਚ ਅਹਿਮ ਫ਼ੈਸਲਾ ਕਰਦਿਆਂ ਦੋਸ਼ੀ ਨੂੰ ਫਾਂਸੀ ਦੀ ਸਜ਼ਾ ਸੁਣਾਈ ਹੈ। ਜ਼ਿਕਰਯੋਗ ਹੈ ਕਿ 11 ਮਈ, 2016 ਨੂੰ ਜ਼ਿਲ੍ਹੇ ਦੇ ਪਿੰਡ ਆਲਮਪੁਰ ਮੰਦਰਾਂ 'ਚ ਇਕ 6 ਸਾਲ ਦੀ ਬੱਚੀ ਨਾਲ ਬਲਾਤਕਾਰ ਕਰਨ ਤੋਂ ਬਾਅਦ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ। ਦੋਸ਼ੀ ਪਿੰਡ ਵਿਚ ਹੀ ਗੁਆਂਢੀਆਂ ਦੇ ਵਿਆਹ 'ਚ ਸ਼ਾਮਲ ਹੋਣ ਆਇਆ ਸੀ। ਦੋਸ਼ੀ ਨੇ ਪਹਿਲਾਂ ਬੱਚੀ ਨੂੰ ਅਗਵਾ ਕੀਤਾ ਤੇ ਫਿਰ ਉਸ ਨਾਲ ਜਬਰ ਜਨਾਹ ਕੀਤਾ ਸੀ। ਇਸ ਮਗਰੋਂ ਉਸ ਨੇ ਬੱਚੀ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਬੱਚੀ ਦੀ ਲਾਸ਼ ਅਗਲੇ ਦਿਨ ਮਿਲੀ ਸੀ। ਮਾਮਲੇ ਦੀ ਜਾਂਚ ਕਰ ਰਹੀ ਥਾਣਾ ਬੋਹਾ ਦੀ ਪੁਲਿਸ ਨੇ ਦੋਸ਼ੀ ਵਿਰੁੱਧ ਵੱਖ-ਵੱਖ ਧਾਰਾਵਾਂ ਅਧੀਨ ਮੁਕੱਦਮਾ ਦਰਜ ਕੀਤਾ ਸੀ।

## ਸਿੱਖਾਂ ਵੱਲੋਂ ਜਗਤਾਰ ਸਿੰਘ ਜੱਗੀ ਜੌਹਲ ਦੇ ਹੱਕ ਵਿੱਚ ਬ੍ਰਮਿੰਘਮ ਅਤੇ ਸਕਾਟਲੈਂਡ ਵਿਖੇ ਭਾਰੀ ਰੋਸ ਪ੍ਰਦਰਸ਼ਨ

### 'ਬ੍ਰਮਿੰਘਮ ਦੇ ਭਾਰਤੀ ਦੂਤਘਰ ਨੇ ਪ੍ਰਦਰਸ਼ਨ ਤੋਂ ਪਹਿਲਾਂ ਹੀ ਜਨਤਕ ਦਾਖਲਾ ਕੀਤਾ ਬੰਦ , ਭਾਰਤੀ ਤਿਰੰਗਾ ਫੂਕਿਆ'

**ਲੰਡਨ/ਬਿਊਰੋ ਨਿਊਜ਼ :** ਪੰਜਾਬ ਪੁਲਿਸ ਵੱਲੋਂ ਪਿਛਲੇ ਸਾਲ 4 ਨਵੰਬਰ ਨੂੰ ਗ੍ਰਿਫਤਾਰ ਕੀਤੇ ਗਏ ਬਰਤਾਨਵੀ ਨਾਗਰਿਕ ਜਗਤਾਰ ਸਿੰਘ ਜੱਗੀ ਜੌਹਲ ਦੇ ਹੱਕ ਵਿੱਚ ਇੰਗਲੈਂਡ ਦੇ ਸ਼ਹਿਰ ਬ੍ਰਮਿੰਘਮ ਅਤੇ ਸਕਾਟਲੈਂਡ ਦੇ ਸਹਿਰ ਐਡਨਬਰਾ ਸਥਿਤ ਭਾਰਤੀ ਦੂਤ ਘਰਾਂ ਮੂਹਰੇ ਇੱਕੋ ਵਕਤ, ਇੱਕੋ ਦਿਨ ਭਾਰੀ ਰੋਸ ਪ੍ਰਦਰਸ਼ਨ ਕੀਤੇ ਗਏ। ਸਿੱਖ ਯੂਥ ਯੂਕੇ.,ਸਿੱਖ ਜਥੇਬੰਦੀਆਂ ਦੇ ਸਾਝੇ ਸੰਗਠਨ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂਕੇ. ਅਤੇ ਜੱਗੀ ਜੌਹਲ ਦੇ ਪਰਿਵਾਰ ਵਲੋਂ ਆਯੋਜਤ ਕੀਤੇ ਗਏ ਇਹਨਾਂ ਰੋਸ ਪ੍ਰਦਸ਼ਨਾਂ ਵਿੱਚ ਸੈਂਕੜੇ ਸਿੱਖ ਸੰਗਤਾਂ ਨੇ ਸ਼ਮੂਲੀਅਤ ਕੀਤੀ। ਜਗਤਾਰ ਸਿੰਘ ਜੌਹਲ ਦੇ ਭਰਾਤਾ ਭਾਈ ਗੁਰਪ੍ਰੀਤ ਸਿੰਘ ਜੌਹਲ , ਸਿੱਖ ਫੈਡਰੇਸ਼ਨ ਯੂਕੇ ਦੇ ਮੁਖੀ ਭਾਈ ਅਮਰੀਕ ਸਿੰਘ ਗਿੱਲ, ਭਾਈ ਕੁਲਦੀਪ ਸਿੰਘ ਚਹੇੜੂ, ਯੂਨਾਈਟਿਡ ਖਾਲਸਾ ਦਲ ਯੂਕੇ. ਦੇ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ, ਧਰਮਯੁੱਧ ਜਥਾ ਦਮਦਮੀ ਟਕਸਾਲ ਦੇ ਮੁਖੀ ਭਾਈ ਚਰਨ ਸਿੰਘ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂਕੇ. ਦੇ ਮੁਖੀ ਭਾਈ ਜਸਪਾਲ ਸਿੰਘ ਬੈਂਸ, ਸਿੱਖ ਯੂਥ ਯੂਕੇ. ਦੇ ਮੁਖੀ ਭਾਈ ਕੀਪਾ ਸਿੰਘ, ਬੱਬਰ ਅਕਾਲੀ ਜਥੇਬੰਦੀ ਦੇ ਭਾਈ ਜੋਗਾ ਸਿੰਘ, ਭਾਈ ਸਮਸ਼ੇਰ ਸਿੰਘ, ਭਾਈ ਮੰਗਲ ਸਿੰਘ, ਭਾਈ ਰਜਿੰਦਰ ਸਿੰਘ ਚਿੱਟੀ, ਭਾਈ ਸਤਵਿੰਦਰ ਸਿੰਘ ਜਾਗੋਵਾਲਾ, ਭਾਈ ਬੌਬੀ ਸਿੰਘ ਸਮੇਤ ਅਨੇਕਾਂ ਪੰਥਕ ਬੁਲਾਰਿਆਂ ਨੇ ਸਿੱਖ ਸੰਗਤਾਂ ਨੂੰ ਸੰਬੋਧਨ ਕਰਦਿਆਂ ਭਾਈ ਜਗਤਾਰ ਸਿੰਘ ਜੌਹਲ ਦੇ ਹੱਕ ਵਿੱਚ ਆਵਾਜ਼ ਬੁਲੰਦ ਕੀਤੀ । ਭਾਰਤ ਦੀ ਕੌਮੀ ਜਾਂਚ ਏਜੰਸੀ ਅਤੇ ਪੰਜਾਬ ਪੁਲਿਸ ਵਲੋਂ ਜੱਗੀ ਜੌਹਲ ਉਤੇ ਕੀਤੇ ਗਏ ਅਣਮਨੁੱਖੀ ਅੱਤਿਆਚਾਰਾਂ ਨੂੰ ਬੇਨਕਾਬ ਕਰਦਿਆਂ ਉਸ ਦੀ ਯੂਕੇ. ਵਾਪਸੀ ਦੀ ਆਵਾਜ਼ ਉਠਾਈ ਗਈ। ਇਹਨਾਂ ਰੋਸ ਪ੍ਰਦਰਸ਼ਾਂ ਵਿੱਚ ਸਿੱਖ ਸੰਗਤਾਂ ਦੂਰ ਦਰਾਡੇ



ਬਾਕੀ ਸਫ਼ਾ 32 'ਤੇ
















SHER® ROTI
SOFT
SO SOFT
SHER
DURUM ATTA
DESI STYLE
20 lb
9.07 kg
SHER ATTA GHAR LAAO
WWW.SHERBRARMILLS.COM

# ਸਿੱਖ ਸਪੋਰਟਸ ਐਸੋਸੀਏਸ਼ਨ ਵੱਲੋਂ ਕਰਵਾਈਆਂ ਬਾਰ੍ਹਵੀਆਂ ਸਲਾਨਾ ਖੇਡਾਂ ਸਫਲਤਾ ਪੂਰਵਕ ਸਮਾਪਤ






ਫਰੀਮੌਂਟ/ਹਰਦੀਪ ਔਲਖ : ਸਿੱਖ ਸਪੋਰਟਸ ਐਸੋਸੀਏਸ਼ਨ ਆਫ ਯੂਐਸਏ ਵੱਲੋਂ 21 ਅਤੇ 22 ਜੁਲਾਈ ਨੂੰ ਕਰਵਾਈਆਂ ਗਈਆਂ ਬਾਰ੍ਹਵੀਆਂ ਸਾਲਾਨਾ ਖੇਡਾਂ ਸਫਲਤਾ ਨਾਲ ਸਮਾਪਤ ਹੋਈਆਂ। ਇਸ ਟੂਰਨਾਮੈਂਟ ਦੀ ਮੁੱਖ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਪ੍ਰਮੁੱਖ ਖੇਡਾਂ ਜਿਵੇਂ ਕਿ ਬਾਸਕਟਬਾਲ, ਫੁਟਬਾਲ (ਸੌਕਰ), ਫਲੈਗ ਫੁਟਬਾਲ, ਹਾਕੀ, ਵਾਲੀਬਾਲ, ਟੈਨਿਸ, ਅਥਲੈਟਿਕਸ ਅਤੇ ਕਬੱਡੀ ਦੇ ਮੁਕਾਬਲੇ ਕਰਵਾਏ ਜਾਂਦੇ ਹਨ। ਹਰ ਸਾਲ ਦੀ ਤਰਾਂ ਇਸ ਵਾਰ ਵੀ ਇਹ ਖੇਡਾਂ ਲੋਗਨ ਹਾਈ ਸਕੂਲ ਯੂਨੀਅਨ ਸਿਟੀ ਵਿਚ ਇੰਟਰਨੈਸ਼ਨਲ ਪੱਧਰ ਦੀਆਂ ਗਰਾਊਂਡਾਂ ਵਿਚ ਕਰਵਾਈਆਂ ਗਈਆਂ। ਬਾਸਕਟਬਾਲ ਵਿਚ ਇਸ ਵਾਰ ਬਾਜ਼ੀ ਸਿੱਖ ਸਪੋਰਟਸ ਦੀ ਟੀਮ ਨੇ ਮਾਰੀ, ਜਿਸ ਵਿਚ ਮੁੱਖ ਤੌਰ ’ਤੇ ਅਜੇ ਕਾਹਲੋਂ, ਜਸਕਰਨ ਕਾਹਲੋਂ ਅਤੇ ਜੱਸੀ ਬਾਜਵਾ ਦੇ ਤਾਲਮੇਲ ਨੇ ਜਿੱਤ ਦਿਵਾਈ। ਦੂਸਰੇ ਸਥਾਨ ‘ਤੇ ਵੂਲਫ ਪੈਕ ਫਰਿਜ਼ਨੋ ਦੀ ਟੀਮ ਰਹੀ। ਹਾਕੀ ਵਿਚ ਬੜੇ ਸੰਘਰਸ਼ ਪੂਰਵਕ ਮੁਕਾਬਲੇ ਤੋਂ ਬਾਅਦ ਯੂਬਾ ਬ੍ਰਦਰਜ਼ ਨੇ ਸੇਕਰਾਮੈਂਟੋ ਨੂੰ 2-1 ਨਾਲ ਹਰਾਇਆ। ਇਸ ਵਾਰ ਹਾਕੀ ਵਿਚ ਵੱਖ-ਵੱਖ ਟੀਮਾਂ ਵਿਚ ਇਨਟਰਨੈਸ਼ਨਲ ਪੱਧਰ ਉਤੇ ਖੇਡ ਚੁੱਕੇ ਖਿਡਾਰੀਆਂ ਨੇ ਵੀ ਭਾਗ ਲਿਆ ਜਿਨ੍ਹਾਂ ਦੀ ਖੇਡ ਵੇਖਣਯੋਗ ਸੀ। ਫੁੱਟਬਾਲ ਵਿਚ ਵੀ ਯੂਬਾ ਬ੍ਰਦਰਜ਼ ਦੀ ਟੀਮ ਪਹਿਲੇ ਅਤੇ ਈਸਟ-ਬੇ ਫਰੀਮੌਂਟ ਦੀ ਟੀਮ ਦੁਜੇ ਨੰਬਰ ’ਤੇ ਰਹੀ ।ਕਬੱਡੀ ਦੇ ਮੁਕਾਬਲੇ ਕੈਲੀਫੋਰਨੀਆ ਸਪੋਰਟਸ ਕਲੱਬ, ਖਾਲਸਾ ਸਪੋਰਟਸ ਕਲੱਬ, ਨਾਰਦਨ ਕੈਲੀਫੋਰਨੀਆ ਸਪੋਰਟਸ ਕਲੱਬ ਅਤੇ ਯੂਬਾ ਬ੍ਰਦਰਜ਼ ਦੀਆਂ ਟੀਮਾਂ ਵਿਚ ਹੋਏ ਜਿਨ੍ਹਾਂ ਦਾ ਦਰਸ਼ਕਾਂ ਨੇ ਬਹੁਤ ਅਨੰਦ ਮਾਣਿਆ। ਚੈਂਪੀਅਨਸ਼ਿਪ ਦੀ ਬਾਜ਼ੀ ਨਾਰਦਨ ਕੈਲੀਫੋਰਨੀਆ ਸਪੋਰਟਸ ਕਲੱਬ ਨੇ ਕੈਲੀਫੋਰਨੀਆ ਸਪੋਰਟਸ ਕਲੱਬ ਨੂੰ ਹਰਾ ਕੇ ਜਿੱਤੀ। ਫਲੈਗ ਫੁਟਬਾਲ ਦੇ ਫਾਈਨਲ ਵਿਚ ਕੜੀ ਬੰਬਰ ਨੇ ਆਊਟ ਸਾਈਡਰਜ਼ ਨੂੰ ਹਰਾਇਆ। ਅਥਲੈਟਿਕਸ ਅਤੇ ਟੈਨਿਸ ਵਿਚ ਵੀ ਵਧੀਆ ਮੁਕਾਬਲੇ ਦੇਖਣ ਨੂੰ ਮਿਲੇ। ਖੇਡਾਂ ਦਾ ਅਨੰਦ ਮਾਨਣ ਅਤੇ ਖਿਡਾਰੀਆਂ ਦੀ ਹੌਸਲਾ-ਅਫਜ਼ਾਈ ਲਈ ਇਲਾਕੇ ਦੇ ਲੋਕਾ ਸਮੇਤ ਟੂਰਨਾਮੈਂਟ ਦੇ ਪ੍ਰਮੁੱਖ ਸਪਾਂਸਰਾਂ ਨੇ ਵੀ ਹਾਜ਼ਰੀ ਭਰੀ। ਇਨ੍ਹਾਂ ਵਿਚ ਅਮੋਲਕ ਸਿੰਘ ਗਾਖਲ ਅਤੇ ਬ੍ਰਦਰਜ਼, ਜੱਗੀ ਕਪੂਰ, ਇੰਦਰ ਦੁਸਾਂਝ, ਇੰਡੋ-ਅਮੇਰੀਕਨ ਵੈਟਰੀਨਰੀ ਮੈਡੀਕਲ ਐਸੋਸੀਏਸ਼ਨ ਦੇ ਡਾ. ਜਸਵੀਰ ਮੱਟੂ, ਜੱਸੀ ਗਿੱਲ, ਹੈਰੀ ਸਿੱਧੂ, ਸੰਜੀਵ ਗਰਗ, ਡਾ. ਸਰਬਜੀਤ ਹੁੰਦਲ, ਸਰਦੂਲ ਸਮਰਾ ਸਬਵੇ, ਡੇਵਿਡ ਹੈਅਰ, ਸਰਬਜੀਤ ਸਰਾਓ, ਮਾਂਗਟ ਬ੍ਰਦਰਜ਼, ਜੋ ਜੌਹਲ, ਦੀਪੂ ਧਾਲੀਵਾਲ, ਮੱਖਣ ਬੈਂਸ, ਹਰਮੀਤ ਤੂਰ, ਕਾਹਲੋਂ ਬ੍ਰਦਰਜ਼, ਮਾਨ ਬ੍ਰਦਰਜ਼ ਦੇ ਨਾਮ ਸ਼ਾਮਲ ਹਨ।ਇਸ ਤੋਂ ਇਲਾਵਾ ਯੂਨੀਅਨ ਸਿਟੀ ਪੁਲਿਸ ਮੁਖੀ ਡੈਰਿਲ ਮੇਕਏਲਸਟਰ, ਸਿਟੀ ਮੈਨੇਜਰ ਟੋਨੀ ਆਕੋਸਟਾ, ਸਿਟੀ ਕੌਂਸਲ ਗੈਰੀ ਸਿੰਘ, ਸਕੂਲ ਬੋਰਡ ਪ੍ਰਧਾਨ ਸਰਬਜੀਤ ਚੀਮਾ, ਫਰੀਮੌਂਟਸਿਟੀ ਕੌਂਸਲ ਰਾਜ ਸਲਵਾਣ ਵੀ ਹਾਜ਼ਰ ਹੋਏ। ਟੂਰਨਾਮੈਂਟ ਦੀ PTC ਪੰਜਾਬੀ, IND TV USA ਅਤੇ YO INDIA TV ਨੇ ਲਾਈਵ ਕਵਰੇਜ਼ ਕੀਤੀ।

# ਇੱਕੀ ਇੰਟਰਨੈਸ਼ਨਲ ਐਂਟਰਟੇਨਮੈਂਟ ਵੱਲੋਂ ਯੂ-ਟਿਊਬ ਚੈਨਲ ‘ਅੱਜ-ਕੱਲ੍ਹ’ ਲਾਂਚ ਕਰਨ ਦਾ ਐਲਾਨ

## ਇੱਕੀ ਦੀ ਵੈਬਸਾਈਟ ਤੋਂ ਰੋਜ਼ਾਨਾ ਹੋਵੇਗਾ ਖਬਰਾਂ ਦਾ ਪ੍ਰਸਾਰਣ

**ਫਰੀਮਾਂਟ/ਬਿਊਰੋ ਨਿਊਜ਼ :**

ਇੱਕੀ ਇੰਟਰਨੈਸ਼ਨਲ ਐਂਟਰਟੇਨਮੈਂਟ ਅਤੇ ਐੱਸ.ਅਸ਼ੋਕ ਭੌਰਾ ਵਲੋਂ ‘ਛਣਕਾਟਾ ਵੰਗਾਂ ਦਾ’ ਸੱਭਿਆਚਾਰਕ ਪ੍ਰੋਗਰਾਮ ਪਿਛਲੇ ਪੰਜ ਸਾਲਾਂ ਤੋਂ ਲਗਾਤਾਰ ਸਫਲਤਾ ਨਾਲ ਕਰਵਾਏ ਜਾਣ ਤੋਂ ਬਾਅਦ ਕੰਪਨੀ



ਵਲੋਂ ਨਵੀਂ ਵੈੱਬਸਾਈਟ ਲਾਂਚ ਕੀਤੀ ਜਾ ਰਹੀ ਹੈ ਜਿਸ ਜਰੀਏ ‘ਈ-ਪੇਪਰ’ ਰਾਹੀਂ ਖਬਰਾਂ ਅਤੇ ਰੋਜ਼ਾਨਾ ਸਵੇਰੇ 7 ਵਜੇ (ਕੈਲੇਫੋਰਨੀਆਂ ਟਾਈਮ) ਵੀਡੀਓ ਖਬਰਾਂ ਦਾ ਪ੍ਰਸਾਰਣ ਕੀਤਾ ਜਾਇਆ ਕਰੇਗਾ। ਮੁੱਖ ਪ੍ਰਬੰਧਕ ਐੱਸ.ਅਸ਼ੋਕ ਭੌਰਾ ਨੇ ਕਿਹਾ ਕਿ ‘ਅੱਜ-ਕੱਲ੍ਹ’ ਟਾਈਟਲ ਅਧੀਨ ਹੀ ਨਵਾਂ ਯੂ-ਟਿਊਬ ਚੈਨਲ ਤਿਆਰ ਕੀਤਾ ਗਿਆ ਹੈ ਜਿਸ ਰਾਹੀਂ ਪਹਿਲਾ ਸਿੰਗਲ ਟਰੈਕ ਗਾਇਕ ‘ਬੰਨੀ ਬੈਦਵਾਣ’ ਦੀ ਅਵਾਜ਼ ਵਿਚ ਪੰਜਾਬ ਦੀ ਨਸ਼ਿਆਂ ’ਚ ਫਸੀ ਜਵਾਨੀ ਨੂੰ ਸਹੀ ਰਾਹ ਦਿਖਾਉਣ ਲਈ ਪ੍ਰੈੱਸ ਕਲੱਬ ਜਲੰਧਰ ’ਚ ਅਗਲੇ ਦਿਨੀਂ ਰਿਲੀਜ਼ ਕੀਤਾ ਜਾ ਰਿਹਾ ਹੈ। ਇਸ ਚੈਨਲ ਨੂੰ ਜੀ.ਬੀ. ਐਂਟਰਟੇਨਮੈਂਟ ਅਤੇ ਗਾਖਲ ਪਰਿਵਾਰ ਦਾ ਭਰਪੂਰ ਸਮਰਥਨ ਰਹੇਗਾ। ਸ੍ਰੀ ਭੌਰਾ ਨੇ ਕਿਹਾ ਕਿ ਚੰਗੇ ਅਤੇ ਨਵੇਂ ਗਾਇਕਾਂ ਨੂੰ ਇਸ ਚੈਨਲ ਰਾਹੀਂ ਵਧੀਆ ਪ੍ਰਮੋਸ਼ਨ ਦਾ ਮੌਕਾ ਪ੍ਰਦਾਨ ਕੀਤਾ ਜਾਵੇਗਾ ਅਤੇ ਪੰਜਾਬੀ ਗਾਇਕੀ ਦੀ ਵਿਗੜੀ ਹੋਈ ਦਿੱਖ ਨੂੰ ਸੁਧਾਰਨ ਲਈ ਯਤਨ ਕੀਤੇ ਜਾਣਗੇ। ਉਨ੍ਹਾਂ ਆਪਣੀਆਂ ਲਿਖਤਾਂ ਅਤੇ ਸ਼ਾਇਰੀ ਵਾਂਗ ਚੈਨਲ ਲਈ ਵੀ ਪੰਜਾਬੀਆਂ ਤੋਂ ਭਰਪੂਰ ਸਮਰਥਨ ਦੀ ਆਸ ਜ਼ਾਹਿਰ ਕੀਤੀ। ਸਤੰਬਰ ਦੇ ਪਹਿਲੇ ਹਫਤੇ ਕੈਲੇਫੋਰਨੀਆ ’ਚ ਇਸ ਇੱਕੀ ਇੰਟਰਨੈਸ਼ਨਲ ਐਂਟਰਟੇਨਮੈਂਟ ਦੇ ਯੂਟਿਊਬ ਚੈਨਲ ਅਤੇ ਵੈੱਬਸਾਈਟ ਨੂੰ ਨਾਮੀ ਹਸਤੀਆਂ ਦੀ ਹਾਜ਼ਰੀ ’ਚ ਵਿਸ਼ੇਸ਼ ਸਮਾਗਮ ਦੌਰਾਨ ਲਾਂਚ ਕੀਤਾ ਜਾਵੇਗਾ।





ਉਡੀਕਾਂ ਖ਼ਤਮ
ਹੁਣ ਘਰ ਬੈਠੇ ਅਪਣੇ ਪਰਿਵਾਰ ਤੇ ਦੋਸਤਾਂ ਮਿੱਤਰਾਂ
ਨਾਲ ਵੇਖੋ
ਅਪਣੀ ਪਸੰਦੀਦਾ ਹਾਲੀਵੁੱਡ ਫਿਲਮ
No More Wait
You can watch your favorite
Historical Hollywood Movie
Now at Home
The Black Prince
(ਸਿੱਖ ਰਾਜ ਦੇ ਆਖ਼ਰੀ ਮਹਾਰਾਜਾ ਦੀ ਦਿਲ ਟੁੰਭਵੀਂ
ਜੀਵਨ ਕਹਾਣੀ ਉੱਤੇ ਆਧਾਰਿਤ)
ਡਿਜੀਟਲ ਤੇ ਡੀਵੀਡੀ ਪ੍ਰਾਪਤ ਕਰਨ ਲਈ
Digital and DVD Available on
www.theblackprince.com
Digital platforms;
put logos of Amazon , iTunes, Google Play, Sony PSX, Microsoft Xbox, Fandango now
amazon
iTunes
Google play
PLAYSTATION Network
XBOX
FANDANGONOW

# ਪਾਕਿਸਤਾਨ ਦੇ ਨਨਕਾਣਾ ਸਾਹਿਬ ਵਿਚ 'ਗੁਰੂ ਨਾਨਕ ਦੇਵ ਇੰਟਰਨੈਸ਼ਨਲ ਯੂਨੀਵਰਸਿਟੀ' ਬਣਨ ਦਾ ਰਾਹ ਪੱਧਰਾ

**ਜਲੰਧਰ/ਬਿਊਰੋ ਨਿਊਜ਼ :** ਸਿੱਖ ਕੌਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰਹਿਬਰੀ ਦਾ ਡੰਕਾ ਪੂਰੇ ਵਿਸ਼ਵ ਵਿਚ ਵੱਜਦਾ ਆ ਰਿਹਾ ਹੈ। ਭਾਰਤੀ ਪੰਜਾਬ ਤੋਂ ਬਾਅਦ ਹੁਣ ਪਾਕਿਸਤਾਨ ਸਥਿਤ ਗੁਰੂ ਸਾਹਿਬ ਦੇ ਜਨਮ ਅਸਥਾਨ ਨਨਕਾਣਾ ਸਾਹਿਬ ਵਿਚ ਵੀ "ਗੁਰੂ ਨਾਨਕ ਦੇਵ ਯੂਨੀਵਰਸਿਟੀ" ਬਣਨ ਜਾ ਰਹੀ ਹੈ। ਲਾਹੌਰ ਤੋਂ ਮੀਡੀਆ ਨਾਲ ਗੱਲਬਾਤ ਕਰਦਿਆਂ ਪਾਕਿਸਤਾਨ ਸਿੱਖ ਗੁਰੂਦੁਆਰਾ ਪ੍ਰਬੰਧਕ ਕਮੇਟੀ (ਪੀਐੱਸਜੀਪੀਸੀ) ਦੇ ਪ੍ਰਧਾਨ ਤਾਰਾ ਸਿੰਘ ਨੇ ਜਾਣਕਾਰੀ ਦਿੱਤੀ ਹੈ ਕਿ ਆਖਰ ਲੰਮੀ ਉਡੀਕ ਤੋਂ ਬਾਅਦ ਗੁਰੂ ਨਾਨਕ ਦੇਵ ਇੰਟਰਨੈਸ਼ਨਲ ਯੂਨੀਵਰਸਿਟੀ, ਨਨਕਾਣਾ ਸਾਹਿਬ ਵਿੱਚ ਬਣਨ ਲਈ ਰਾਹ ਪੱਧਰਾ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਬਣਨ ਤੋਂ ਬਾਅਦ ਛੇਤੀ ਹੀ ਕਿਸੇ ਵੀ ਦਿਨ ਯੂਨੀਵਰਸਿਟੀ ਦਾ ਨੀਂਹ ਪੱਥਰ ਰੱਖਿਆ ਜਾਵੇਗਾ। ਨਾਲ ਹੀ ਯੂਨੀਵਰਸਿਟੀ ਦਾ ਤਜਵੀਜ਼ਤ ਕੈਂਪਸ, ਨਨਕਾਣਾ ਸਾਹਿਸ ਤੋਂ ਸ਼ੇਖੂਪੁਰਾ ਜ਼ਿਲ੍ਹੇ ਦੇ ਪਿੰਡ ਮੁਰੀਦਕੇ ਵਿੱਚ ਤਬਦੀਲ ਨਹੀਂ ਹੋਵੇਗਾ। ਇਸ ਪ੍ਰਾਜੈਕਟ ਲਈ 100 ਕਰੋੜ ਰੁਪਏ ਜਾਰੀ ਕੀਤੇ ਜਾ ਚੁੱਕੇ ਹਨ।

ਇਸ ਸਬੰਧੀ ਸੂਤਰਾਂ ਤੋਂ ਵੀ ਜਾਣਕਾਰੀ ਮਿਲੀ ਹੈ ਕਿ ਚਿਰਾਂ ਤੋਂ ਉਡੀਕੀ ਜਾ ਰਹੀ ਗੁਰੂ ਨਾਨਕ ਦੇਵ ਇੰਟਰਨੈਸ਼ਨਲ ਯੂਨੀਵਰਸਿਟੀ ਹੈ ਦਾ ਨੀਂਹ ਪੱਥਰ ਹੁਣ ਪਾਕਿਸਤਾਨ ਵਿੱਚ ਹੋਣ ਵਾਲੀਆਂ ਆਮ ਚੋਣਾਂ ਮਗਰੋਂ ਨਵੀਂ ਸਰਕਾਰ ਬਣਨ ਤੋਂ ਬਾਅਦ ਰੱਖਿਆ ਜਾਵੇਗਾ। ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਪੀਐੱਸਜੀਪੀਸੀ) ਦੇ ਪ੍ਰਧਾਨ ਤਾਰਾ ਸਿੰਘ ਅਨੁਸਾਰ ਯੂਨੀਵਰਸਿਟੀ ਦਾ ਨੀਂਹ ਪੱਥਰ ਅਪਰੈਲ ਮਹੀਨੇ ਰੱਖਿਆ ਜਾਣਾ ਸੀ ਪਰ ਪਾਕਿਸਤਾਨ ਵਿੱਚ ਹੋ ਰਹੀਆਂ ਆਮ ਚੋਣਾਂ ਕਾਰਨ ਮੁਲਤਵੀ ਹੋ ਗਿਆ ਸੀ। ਯੂਨੀਵਰਸਿਟੀ ਦੇ ਨਿਰਮਾਣ ਲਈ ਪਾਕਿਸਾਤਨ ਸਰਕਾਰ ਪਹਿਲਾਂ ਹੀ ਅਕਤੂਬਰ 2017 ਵਿੱਚ 100 ਕਰੋੜ ਰੁਪਏ ਦੀ ਗਰਾਂਟ ਜਾਰੀ ਕਰ ਚੁੱਕੀ ਹੈ। ਪਾਕਿਸਤਾਨ ਦੇ ਤਤਕਾਲੀ ਪ੍ਰਧਾਨ ਮੰਤਰੀ ਸਈਦ ਯੂਸਫ਼ ਰਜ਼ਾ ਗਿਲਾਨੀ ਨੇ ਇਸ ਪ੍ਰਾਜੈਕਟ ਲਈ ਕਾਫੀ ਦਿਲਚਸਪੀ ਦਿਖਾਈ ਸੀ। ਉਨ੍ਹਾਂ ਸਾਲ 2008 ਵਿੱਚ ਯੂਨੀਵਰਸਿਟੀ ਲਈ ਗੁਰੂ ਨਾਨਕ ਦੇਵ ਜੀ ਦੀ ਜਨਮ ਭੂਮੀ ਨਨਕਾਣਾ ਸਾਹਿਬ ਵਿੱਚ 300 ਏਕੜ ਜ਼ਮੀਨ ਐਕੁਆਇਰ ਕਰਨ ਦੇ ਹੁਕਮ ਦਿੱਤੇ ਸਨ। ਯੂਨੀਵਰਸਿਟੀ ਦਾ ਨੀਂਹ ਪੱਥਰ ਅਪਰੈਲ 2010 ਵਿੱਚ ਰੱਖਿਆ ਜਾਣਾ ਸੀ ਪਰ ਕਿਸੇ ਕਾਰਨ ਪ੍ਰੋਗਰਾਮ ਮੁਲਤਵੀ ਹੋ ਗਿਆ ਸੀ। ਇਹ ਪ੍ਰਾਜੈਕਟ ਸਿੱਖ ਡਾਇਸਪੋਰਾ ਸਮੇਤ ਪਾਕਿਸਤਾਨ ਦੇ ਸਿੱਖਾਂ ਅਤੇ ਹਿੰਦੂਆਂ ਦੀ ਚਿਰੋਕਣੀ ਮੰਗ ਨੂੰ ਧਿਆਨ ਵਿਚ ਰੱਖ ਕੇ ਤਿਆਰ ਕੀਤਾ ਗਿਆ ਹੈ।

# ਬਰਤਾਨੀਆ ਵੱਲੋਂ ਸਿੱਖ ਕੌਮ ਦੇ ਭਾਰਤੀਆਂ ਨਾਲੋਂ ਵੱਖਰੇ-ਨਿਆਰੇਪਣ ਨੂੰ ਮਾਨਤਾ ਦੇਣ ਦਾ ਫੈਸਲਾ



**ਲੰਡਨ/ਬਿਊਰੋ ਨਿਊਜ਼ :**
ਯੂਕੇ ਵਿਚ ਸ਼ਕਤੀਸ਼ਾਲੀ ਤੌਰ 'ਤੇ ਸੰਗਠਿਤ ਸਿੱਖ ਭਾਈਚਾਰੇ ਨੂੰ ਸੰਨ 2021 ਦੀ ਮਰਦਮੁਸ਼ਮਾਰੀ ਵਿੱਚ ਵੱਖਰੀ ਕੌਮ-ਵੱਖਰੀ ਨਸਲ ਦਾ ਦਰਜਾ ਮਿਲਣ ਵਾਲਾ ਹੈ। ਯੂਕੇ ਅੰਕੜਾ ਅਥਾਰਟੀ ਨੇ ਕਿਹਾ ਕਿ ਇਸ ਕਦਮ ਨਾਲ ਸਿੱਖ ਭਾਈਚਾਰਾ ਸਰਕਾਰ ਤੋਂ ਮਿਲਦੀਆਂ ਕਈ ਜਨਤਕ ਸੇਵਾਵਾਂ ਦਾ ਪੂਰਨ ਲਾਹਾ ਵੀ ਚੁੱਕ ਸਕਦਾ ਹੈ। ਜ਼ਿਕਰਯੋਗ ਹੈ ਕਿ ਭਾਰਤੀ ਸੰਵਿਧਾਨ ਵਿੱਚ ਸਿੱਖਾਂ ਨੂੰ ਕਾਨੂੰਨੀ ਤੌਰ 'ਤੇ ਵੱਖਰੀ ਕੌਮ ਨਹੀਂ ਸਮਝਿਆ ਜਾਂਦਾ।ਭਾਰਤੀ ਸੰਵਿਧਾਨ ਦੀ ਧਾਰਾ ਪੱਚੀ ਵਿਚ ਸਿੱਖਾਂ ਨੂੰ ਕੇਸਾਧਾਰੀ ਹਿੰਦੂ ਤਕ ਲਿਖਿਆ ਗਿਆ ਹੈ, ਜਿਸ ਦਾ ਸਿੱਖ ਮੁੱਢ ਤੋਂ ਹੀ ਵਿਰੋਧ ਕਰਦੇ ਆ ਰਹੇ ਹਨ।

ਗੌਰਤਲਬ ਹੈ ਕਿ ਸੰਨ 1983 ਵਿਚ ਹਾਊਸ ਆਫ ਲਾਰਡਸ ਵਲੋਂ ਇਕ ਸਿੱਖ ਸਕੂਲੀ ਬੱਚੇ ਨਾਲ ਨਸਲੀ ਵਿਤਕਰੇ ਦੇ ਮਾਮਲੇ ਵਿਚ ਸੁਣਾਏ ਫੈਸਲੇ ਤੋਂ ਸਿੱਖਾਂ ਨੂੰ ਬਰਤਾਨੀਆ ਵਿਚ ਕਾਨੂੰਨੀ ਤੌਰ 'ਤੇ ਇਕ ਨਸਲ ਮੰਨਿਆ ਗਿਆ ਹੈ। ਪਰ ਸੰਨ 1991, ਸੰਨ 2001 ਅਤੇ ਸੰਨ 2011 ਦੀਆਂ ਮਰਦਮਸ਼ੁਮਾਰੀਆਂ ਵਿਚ ਸਿੱਖਾਂ ਨੂੰ ਇਕ ਨਸਲ ਵਜੋਂ ਸ਼ਾਮਿਲ ਨਹੀਂ ਕੀਤਾ ਗਿਆ ਸੀ। ਸੰਨ 2011 ਦੀ ਮਰਦਮਸ਼ੁਮਾਰੀ ਵਿਚ 83,000 ਤੋਂ ਵੱਧ ਸਿੱਖਾਂ ਨੇ ਫਾਰਮਾਂ ਵਿਚ ਦਿੱਤੇ ਗਏ ਭਾਰਤੀ ਹੋਣ ਦੇ ਖਾਨੇ ਨੂੰ ਖਾਲੀ ਛੱਡਦਿਆਂ ਹੋਰ ਖਾਨੇ ਉੱਤੇ ਮੋਹਰ ਲਾ ਕੇ ਖੁਦ ਨੂੰ ਸਿੱਖ ਲਿਖ ਕੇ ਆਪਣੀ ਪਛਾਣ ਨੂੰ ਭਾਰਤੀ ਮੰਨਣ ਤੋਂ ਇਨਕਾਰ ਕੀਤਾ ਗਿਆ ਸੀ।

ਹੁਣ ਬਰਤਾਨੀਆ ਵਿਚ ਮਰਦਮਸ਼ੁਮਾਰੀ ਵਿਚ ਸਿੱਖਾਂ ਨੂੰ ਸਿਰਫ ਇਕ ਵੱਖਰੇ ਧਰਮ ਵਜੋਂ ਹੀ ਨਹੀਂ ਬਲਕਿ ਇਕ ਵੱਖਰੀ ਨਸਲ (ਐਥਨੀਸਿਟੀ) ਵਜੋਂ ਮਾਨਤਾ ਮਿਲਣ ਉੱਤੇ ਲਗਭਗ ਮੋਹਰ ਲੱਗ ਚੁੱਕੀ ਹੈ। ਬਰਤਾਨੀਆ ਦੀ ਮਰਦਮਸ਼ੁਮਾਰੀ ਲਈ ਜ਼ਿੰਮੇਵਾਰ ਸੰਸਥਾ ਓਐਨਐਸ ਵਲੋਂ 2021 ਵਿਚ ਹੋਣ ਵਾਲੀ ਮਰਦਮਸ਼ੁਮਾਰੀ ਦੇ ਫਾਰਮਾਂ ਵਿਚ 'ਸਿੱਖ ਨਸਲ' (ਸਿੱਖ ਐਥਨੀਸਿਟੀ) ਦੇ ਖਾਨੇ ਨੂੰ ਪਾਉਣ ਦੀਆਂ ਸੰਭਾਵਨਾਵਾਂ ਉੱਤੇ ਵੱਡੇ ਪੱਧਰ 'ਤੇ ਵਿਚਾਰ ਕੀਤੀ ਗਈ ਹੈ ਤੇ ਸਿੱਖ ਅਬਾਦੀ ਵਲੋਂ ਇਸ ਦਾ ਹਾਂ-ਪੱਖੀ ਹੁੰਗਾਰਾ ਭਰਿਆ ਗਿਆ ਹੈ।

ਬਰਤਾਨਵੀ ਸਿੱਖਾਂ ਲਈ ਆਲ ਪਾਰਟੀ ਪਾਰਲੀਮੈਂਟਰੀ ਗਰੁੱਪ ਵਲੋਂ ਓਐਨਐਸ ਦੀ ਸਿੱਖ ਨਸਲ (ਐਥਨੀਸਿਟੀ) ਦੇ ਖਾਨੇ ਦੀ ਸ਼ਮੂਲੀਅਤ ਬਾਰੇ ਲੋਕ ਰਾਇ ਜਾਣਨ ਵਿਚ ਮਦਦ ਕਰਨ ਲਈ ਬਰਤਾਨੀਆ ਦੇ ਗੁਰਦੁਆਰਿਆਂ ਰਾਹੀਂ ਚਿੱਠੀਆਂ ਪਾ ਕੇ ਸਲਾਹ ਮੰਗੀ ਗਈ ਸੀ।

ਸੰਨ 2016 ਵਿਚ ਬਰਤਾਨੀਆ ਵਿਚ ਸਿੱਖਾਂ ਦੇ ਹੋਏ ਸਭ ਤੋਂ ਵੱਡੇ ਸਰਵੇਖਣ ਮੁਤਾਬਿਕ 93.5 ਫੀਸਦੀ ਦੇ ਕਰੀਬ ਸਿੱਖ ਸੰਨ 2021 ਦੀ ਮਰਦਮਸ਼ੁਮਾਰੀ ਵਿਚ ਸਿੱਖ ਨਸਲ ਦੇ ਖਾਨੇ ਦੀ ਸ਼ਮੂਲੀਅਤ ਦੇ ਪੱਖ ਵਿਚ ਹਨ।

ਬਰਤਾਨੀਆ ਦੀ ਪਾਰਲੀਮੈਂਟ ਵਿਚ ਮੈਂਬਰ ਚੁਣੀ ਗਈ ਪਹਿਲੀ ਸਿੱਖ ਬੀਬੀ ਅਤੇ ਆਲ ਪਾਰਟੀ ਗਰੁੱਪ ਦੀ ਮੁਖੀ ਪ੍ਰੀਤ ਕੌਰ ਗਿੱਲ ਨੇ ਕਿਹਾ ਕਿ ਸਿੱਖਾਂ ਨੇ ਮੁਕੰਮਲ ਰੂਪ ਵਿਚ ਸਿੱਖ ਨਸਲ ਦੇ ਖਾਨੇ ਦੀ ਹਮਾਇਤ ਕੀਤੀ ਹੈ। ਕਿਸੇ ਵੀ ਗੁਰਦੁਆਰੇ ਵਲੋਂ ਇਸ ਦਾ ਵਿਰੋਧ ਨਹੀਂ ਕੀਤਾ ਗਿਆ। ਗੌਰਤਲਬ ਹੈ ਕਿ ਜੇ 60 ਫੀਸਦੀ ਤੋਂ ਵੱਧ ਗੁਰਦੁਆਰੇ ਇਸ ਦੇ ਹੱਕ ਵਿਚ ਭੁਗਤਦੇ ਹਨ ਤਾਂ ਓਐਨਐਸ ਇਸ ਨੂੰ ਸੰਨ 2021 ਦੀ ਮਰਦਮਸ਼ੁਮਾਰੀ ਦੇ ਫਾਰਮਾਂ ਵਿਚ ਸ਼ਾਮਿਲ ਕਰ ਲਵੇਗੀ।

ਬਰਤਾਨੀਆ ਵਿਚ ਸਿੱਖਾਂ ਦੀ ਸੰਸਥਾ ਸਿੱਖ ਫੈਡਰੇਸ਼ਨ ਦੇ ਪ੍ਰਧਾਨ ਅਮਰੀਕ ਸਿੰਘ ਗਿੱਲ ਨੇ ਕਿਹਾ ਕਿ ਸਿੱਖਾਂ ਵਲੋਂ ਸਿੱਖ ਇਕ ਵੱਖਰੀ ਨਸਲ ਦੇ ਮਤੇ 'ਤੇ ਭਰਵੀਂ ਹਮਾਇਤ ਤੋਂ ਬਾਅਦ ਓਐਨਐਸ ਨੂੰ ਮਰਦਮਸ਼ੁਮਾਰੀ ਦੇ ਫਾਰਮਾਂ ਵਿਚ ਸਿੱਖ ਨਸਲ ਦੇ ਖਾਨੇ ਨੂੰ ਸ਼ਾਮਿਲ ਕਰਨ ਵਿਚ ਕੋਈ ਦਿੱਕਤ ਨਹੀਂ ਆਉਣੀ ਚਾਹੀਦੀ।

ਬੀਤੇ ਵਰ੍ਹੇ 113 ਵਿਧਾਇਕਾਂ ਵਲੋਂ ਸਿੱਖਾਂ ਨੂੰ ਇਕ ਵੱਖਰੀ ਨਸਲ ਵਜੋਂ ਮਰਦਮਸ਼ੁਮਾਰੀ ਵਿਚ ਥਾਂ ਦੇਣ ਦੇ ਪੱਖ ਵਿਚ ਓਐਨਐਸ ਨੂੰ ਲਿਖੀ ਚਿੱਠੀ 'ਤੇ ਦਸਤਖਤ ਕੀਤੇ ਗਏ ਸੀ। ਸਿੱਖਾਂ ਤੋਂ ਇਲਾਵਾ ਜਹੂਦੀਆਂ, ਰੋਮਾ ਅਤੇ ਸੋਮਾਲੀਆਂ ਨੂੰ ਵੀ ਮਰਦਮਸ਼ੁਮਾਰੀ ਵਿਚ ਇਕ ਨਸਲ ਵਜੋਂ ਮਾਨਤਾ ਦੇਣ 'ਤੇ ਵਿਚਾਰ ਚੱਲ ਰਹੀ ਹੈ।

ਪਿਛਲੇ ਸਾਲ, ਭਾਰਤੀ ਮੂਲ ਦੇ ਸੰਸਦ ਮੈਂਬਰਾਂ ਸਮੇਤ ਕੁੱਲ 100 ਬਰਤਾਨਵੀਂ ਐਮਪੀਜ਼ ਨੇ ਅਥਾਰਟੀ ਨੂੰ ਸਾਲ 2021 ਵਿੱਚ ਹੋਣ ਵਾਲੀ ਮਦਰਮੁਸ਼ਮਾਰੀ ਦੇ ਪ੍ਰੋਫਾਰਮੇ ਵਿੱਚ ਸਿੱਖਾਂ ਲਈ ਵੱਖਰੀ ਕੌਮ ਦਾ ਵਿਕਲਪ ਮੁਹੱਈਆ ਕਰਵਾਉਣ ਲਈ ਪੁੱਛਿਆ ਸੀ। ਸੰਡੇ ਟਾਈਮ ਦੀ ਰਿਪੋਰਟ ਮੁਤਾਬਕ ਇਸ ਸਮੇਂ ਦੇਸ਼ ਵਿੱਚ ਸਿੱਖਾਂ ਨੂੰ ਸਿਰਫ ਵੱਖਰੇ ਧਰਮ ਵਾਲੇ ਲੋਕ ਸਮਝਿਆ ਜਾਂਦਾ ਹੈ ਨਾ ਕਿ ਵੱਖਰੀ ਕੌਮ।

ਦੇਸ਼ ਦੀ ਸਭ ਤੋਂ ਤਾਜ਼ਾ ਮਰਦਮੁਸ਼ਮਾਰੀ ਸਾਲ 2011 ਦੌਰਾਨ 83,000 ਸਿੱਖਾਂ ਨੇ ਕੌਮ ਵਾਲੇ ਕਿਸੇ ਵੀ ਕੌਮ ਵਿਕਲਪ ਨੂੰ ਨਹੀਂ ਚੁਣਿਆ ਸੀ। ਇਸ ਲਈ ਕੌਮੀ ਅੰਕੜਾ ਦਫ਼ਤਰ ਸਾਲ 2021 ਦੀ ਮਰਦਮੁਸ਼ਮਾਰੀ ਦੌਰਾਨ ਬਰਤਾਨੀਆ ਦੇ 4,30,000 ਤੋਂ ਵੱਧ ਸਿੱਖਾਂ ਨੂੰ ਵੱਖਰੀ ਕੌਮ ਦਾ ਦਰਜਾ ਦੇਣ ਜਾ ਰਿਹਾ ਹੈ।


CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- STUDENT VISA
- RELIGIOUS VISA
- U.K. VISA
- CANADA VISA & P.R.





Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com



When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568



GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.



BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!



Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

# ਇੰਡੋ-ਅਮੈਰੀਕਨ ਹੈਰੀਟੇਜ ਫੋਰਮ ਵਲੋਂ 29 ਜੁਲਾਈ ਨੂੰ ਫਰਿਜ਼ਨੋ 'ਚ ਕਰਵਾਏ ਜਾਣਗੇ ਭਾਸ਼ਣ ਮੁਕਾਬਲੇ

**ਫਰਿਜ਼ਨੋ/ਬਿਊਰੋ ਨਿਊਜ਼ :** ਇੰਡੋ ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ ਵਲੋਂ ਹਰ ਉਮਰ ਦੇ ਵਿਦਿਆਰਥੀਆ ਲਈ ਭਾਸ਼ਣ ਮੁਕਾਬਲੇ 29 ਜੁਲਾਈ ਨੂੰ ਫਰਿਜ਼ਨੋ ਵਿਚ ਕਰਵਾਏ ਜਾ ਰਹੇ ਹਨ। ਇਸ ਪ੍ਰੋਗਰਾਮ ਲਈ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਫੋਰਮ ਦੀ ਇਕ ਮੀਟਿੰਗ 22 ਜੁਲਾਈ ਨੂੰ ਫਰਿਜ਼ਨੋ ਵਿਚ ਹੋਈ। ਫੋਰਮ ਦੇ ਪ੍ਰਧਾਨ ਗੁਰਦੀਪ ਸਿੰਘ ਗਿੱਲ ਨੂੰ ਦੱਸਿਆ ਕੇ ਇੰਡੋ ਅਮੈਰੀਕਨ ਫੋਰਮ ਪਿਛਲੇ 7 ਸਾਲਾਂ ਤੋਂ ਭਾਰਤ ਦੀ ਆਜ਼ਾਦੀ ਦੇ ਪਰਵਾਨਿਆ ਸ਼ਹੀਦ ਊਧਮ ਸਿੰਘ ਸੁਨਾਮ ਅਤੇ ਸ਼ਹੀਦ ਮਦਨ ਲਾਲ ਢੀਂਗਰਾ ਦੀ ਬਰਸੀ ਦੇ ਮੌਕੇ 'ਤੇ ਇਹ ਮੁਕਾਬਲੇ ਕਰਵਾਉਦਾ ਆ ਰਿਹਾ ਹੈ ਜਿਸ ਦਾ ਮੁਖ ਮਕਸਦ ਸਾਡੇ ਬੱਚਿਆਂ ਨੂੰ ਸਮਾਜ ਵਿਚ ਅਗਾਂਹਵਧੂ ਅਤੇ ਲੀਡਰਸ਼ਿਪ ਰੋਲ ਲਈ ਤਿਆਰ ਕਰਨਾ ਅਤੇ ਪੰਜਾਬੀ ਬੋਲੀ ਨਾਲਾ ਜੋੜਨਾ ਹੈ। ਇਸ ਪ੍ਰੋਗਰਾਮ ਵਿਚ ਭਾਵੇਂ ਵਿਦਿਆਰਥੀ ਪੰਜਾਬੀ, ਅਗਰੇਜ਼ੀ ਜਾਂ ਹਿੰਦੀ ਵਿਚ ਆਪਣਾ ਭਾਸ਼ਣ ਕਰ ਸਕਦੇ ਹਨ ਪਰ ਪੰਜਾਬੀ ਨੂੰ ਉਤਸ਼ਾਹਤ ਕਰਨ ਲਈ ਇਸ ਦੇ ਵਿਦਿਆਰਥੀਆਂ ਨੂੰ ਇਕ ਗਰੇਸ ਅੰਕ ਦਿਤਾ ਜਾਵੇਗਾ। ਇਸ ਸਾਲ ਇਹ ਮੁਕਾਬਲੇ 29 ਜੁਲਾਈ ਨੂੰ ਇੰਡੀਆ ਉਵਨ, 3035 ਵੈਸਟ ਐਸਲੈਨ ਐਵਨਿਉ ਫਰਿਜ਼ਨੋ ਵਿਚ ਦੁਪਿਹਰ 1 ਵਜੇ ਤੋਂ ਸ਼ਾਮ 5 ਵਜੇ ਤੱਕ ਕਰਵਾਏ ਜਾ ਰਹੇ ਹਨ। ਇਨਾਂ ਮੁਕਾਬਲਿਆਂ ਵਿਚ ਵਿਦਿਆਰਥੀਆਂ ਨੂੰ ਉਨਾਂ ਦੀ ਉਮਰ ਦੇ ਹਿਸਾਬ ਨਾਲ ਚਾਰ ਗਰੁੱਪਾਂ ਵਿਚ ਵੰਡ ਕੇ ਵੱਖ-ਵੱਖ ਵਿਸ਼ੇ ਦਿਤੇ ਗਏ ਹਨ। ਇਹ ਸਾਰੇ ਵਿਦਿਆਰਥੀ ਆਪਣੇ ਗਰੁੱਪ ਨੂੰ ਦਿਤੇ ਹੋਏ ਵਿਸ਼ਿਆਂ 'ਤੇ ਅਧਾਰਤ ਆਪਣਾ ਭਾਸ਼ਣ ਤਿਆਰ ਕਰਕੇ ਪੇਸ਼ ਕਰਨਗੇ। ਪਰਾਇਮਰੀ ਸਕੂਲ ਦੇ ਵਿਦਿਆਰਥੀ ਕਿਸੇ ਵੀ ਆਜ਼ਾਦੀ ਘੁਲਾਟੀਏ 'ਤੇ ਅਧਾਰਤ ਆਪਣੀ ਸਪੀਚ ਕਰਨਗੇ। ਮਿਡਲ ਸਕੂਲ਼ ਦੇ ਵਿਦਿਆਰਥੀਆਂ ਦਾ ਵਿਸ਼ਾ ਜਲ੍ਹਿਆਂਵਾਲੇ ਬਾਗ ਦਾ ਸਾਕਾ ਹੋਵੇਗਾ। ਹਾਈ ਸਕੂਲ਼ ਦੇ ਵਿਦਿਆਰਥੀ ਵਾਤਾਵਰਣ ਵਿਚ ਵਧ ਰਹੇ ਪਰਦੂਸ਼ਣ ਦੇ ਕਾਰਣ, ਪਰਭਾਵ ਅਤੇ ਉਪਾਵਾਂ ਬਾਰੇ ਆਪਣੇ ਭਾਸ਼ਣ ਦੇਣਗੇ। ਕਾਲਜ ਅਤੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੇ ਭਾਸ਼ਣ ਦਾ ਵਿਸ਼ਾ ਹੋਵੇਗਾ 'ਬਰਤਾਨਵੀ ਰਾਜ ਅਧੀਨ ਭਾਰਤ ਵਿਚ ਨਿਆਂ'। ਇਸ ਵਿਸ਼ੇ 'ਤੇ ਇਕ ਖੋਜ ਭਰਪੂਰ ਪੇਪਰ ਪੰਜਾਬੀ ਅਤੇ ਅਗਰੇਜ਼ੀ ਵਿਚ ਫੋਰਮ ਦੇ ਕੋਲ ਹੈ ਜੋ ਕਿ ਵਿਦਿਆਰਥੀ ਆਪਣਾ ਭਾਸ਼ਣ ਤਿਆਰ ਕਰਨ ਲਈ ਲੈ ਸਕਦੇ ਹਨ। ਪਰਾਇਮਰੀ ਅਤੇ ਮਿਡਲ ਸਕੂਲ ਦੇ ਵਿਦਿਆਰਥੀ ਵੀ ਆਪਣਾ ਭਾਸ਼ਣ ਤਿਆਰ ਕਰਨ ਲਈ ਕਿਸੇ ਤਰਾਂ ਦੀ ਲੋੜੀਦੀ ਸਹਾਇਤਾ ਲਈ ਵੀ ਫੋਰਮ ਦੇ ਨੁਮਾਇੰਦਿਆ ਨਾਲ ਸੰਪਰਕ ਕਰ ਸਕਦੇ ਹਨ। ਸਾਰੇ ਵਿਦਿਆਰਥੀਆ ਨੂੰ ਇਸ ਪ੍ਰੋਗਰਾਮ ਵਿਚ ਸ਼ਮੂਲ਼ੀਅਤ ਕਰਨ ਲਈ ਸਰਟੀਫੀਕੇਟ ਦਿਤੇ ਜਾਣਗੇ ਅਤੇ ਹਰ ਗਰੁੱਪ ਦੇ ਪਹਿਲੇ ਤਿੰਨ ਜੇਤੂਆਂ ਨੂੰ ਨਗਦ ਇਨਾਮ ਦਿਤੇ ਜਾਣਗੇ ਫੋਰਮ ਦੇ ਇਨਾਂ ਉਦਮਾਂ ਦੀ ਕਮਿਊਨਿਟੀ ਵਿਚ ਕਾਫੀ ਸ਼ਲਾਘਾ ਹੋ ਰਹੀ ਹੈ। ਫੋਰਮ ਨੂੰ ਇਸ ਕੰਮ ਲਈ ਆਪਣੀ ਭਰਾਤਰੀ ਜੰਥੇਬੰਦੀ ਜੀਐਚਜੀ ਡਾਂਸ ਐਂਡ ਸੰਗੀਤ ਅਕੈਡਮੀ ਵਲੋਂ ਕਾਫੀ ਸਹਿਯੋਗ ਮਿਲ ਰਿਹਾ ਹੈ। ਇਸ ਪ੍ਰੋਗਰਾਮ ਵਿਚ ਸ਼ਾਮਲ ਹੋਣ ਜਾਂ ਕਿਸੇ ਹੋਰ ਜਾਣਕਾਰੀ ਲਈ ਹਰਜਿੰਦਰ ਢੇਸੀ (559-618-0156), ਸੁਰਿੰਦਰ ਮੰਢਾਲੀ (559-473-9269) ਜਾਂ ਗੁਰਦੀਪ ਸਿੰਘ ਗਿੱਲ (559-360-4248) ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਇਨਾਂ ਮੁਕਾਬਲਿਆਂ ਲਈ ਆਪਣਾ ਨਾਂ ਰਜਿਸਟਰਡ ਕਰਵਾਉਣ ਲਈ ਈਮੇਲ ਕਰ ਸਕਦੇ ਹੋ।

ਸਮੂਹ ਕਮਿਊਨਿਟੀ ਨੂੰ ਸ਼ਹੀਦਾਂ ਦੇ ਸ਼ਰਧਾਜਲੀ ਪ੍ਰੋਗਰਾਮ ਵਿਚ ਸ਼ਾਮਲ ਹੋ ਕੇ ਵਿਦਿਆਰਥੀਆਂ ਦੀ ਹੌਂਸਲਾ-ਅਫਜਾਈ ਕਰਨ ਦਾ ਖੁੱਲ੍ਹਾ ਸੱਦਾ ਦਿਤਾ ਜਾਂਦਾ ਹੈ। ਬੱਚਿਆਂ ਦੀਆਂ ਭੰਗੜਾ ਅਤੇ ਗਿੱਧਾ ਟੀਮਾਂ ਦਰਸ਼ਕਾਂ ਲਈ ਪ੍ਰੋਗਰਾਮ ਪੇਸ਼ ਕਰਨਗੀਆਂ। ਚਾਹ-ਪਾਣੀ ਦਾ ਵੀ ਪ੍ਰਬੰਧ ਹੋਵੇਗਾ।

## ਤੀਆਂ ਦਾ ਮੇਲਾ 'ਝਾਂਜਰ ਦੀ ਛਣਕਾਰ' ਪੰਜਾਬੀ ਸੱਭਿਆਚਾਰ ਦੀ ਤਸਵੀਰ ਪੇਸ਼ ਕਰ ਗਿਆ



**ਮਿਲਪੀਟਸ/ਬਿਊਰੋ ਨਿਊਜ਼ :** ਸੈਨਹੋਜ਼ੇ ਪੰਜਾਬੀ ਹੈਰੀਟੇਜ ਕਲੱਬ ਵਲੋਂ ਗੁਰਮੀਤ ਕੌਰ ਛੀਨਾ ਅਤੇ ਗੁਰਮੀਤ ਕੌਰ ਚਾਹਲ ਦੀ ਅਗਵਾਈ ਹੇਠ ਪੰਜਾਬਣਾਂ ਦੇ ਰਵਾਇਤੀ ਤਿਉਹਾਰ ਤੀਆਂ ਨੂੰ ਇਸ ਵਾਰ ਬਿਲਕੁਲ ਨਿਵੇਕਲੇ ਢੰਗ ਨਾਲ ਮਨਾਉਣ ਦਾ ਸਫਲ ਉਪਰਾਲਾ ਕੀਤਾ ਗਿਆ। ਵੱਖਰੀ ਗੱਲ ਇਹ ਸੀ ਕਿ ਨਾ ਸਿਰਫ ਗੀਤ-ਸੰਗੀਤ, ਗਿੱਧੇ-ਭੰਗੜੇ ਦੀ ਗੱਲ ਤੁਰੀ ਸਗੋਂ ਬੀਬੀਆਂ ਨੇ 'ਪੰਜਾਬ ਬੋਲਦਾ ਹੈ' ਨਾਟਕ ਖੇਡ ਕੇ ਨਸ਼ਿਆਂ ਦੀ ਬਰਬਾਦੀ 'ਚ ਫਸੀ ਜਵਾਨੀ 'ਤੇ ਤਿੱਖਾ ਵਿਅੰਗ ਕਸਦਿਆਂ ਮੌਨਰੰਜਨ ਦੇ ਨਾਲ-ਨਾਲ ਇਕ ਨਵੀਂ ਸੇਧ ਵੀ ਦਿੱਤੀ। ਅਜੇ ਭੰਗੜਾ ਅਕੈਡਮੀਆਂ ਦੀਆਂ ਮੁਟਿਆਰਾਂ ਅਤੇ ਗੱਭਰੂਆਂ ਵਲੋਂ ਗਿੱਧਾ ਅਤੇ ਭੰਗੜਾ ਦੀ ਪੇਸ਼ਕਾਰੀ ਕੀਤੀ ਗਈ ਜਦੋਂ ਕਿ ਬੀਬੀ ਜਸਵਿੰਦਰ ਧਨੋਆ, ਕਸ਼ਮੀਰ ਕੌਰ ਭੌਰਾ ਅਤੇ ਸੋਨੀਆ ਚੇੜਾ ਦੀ ਅਗਵਾਈ 'ਚ ਰਵਾਇਤੀ ਲੋਕ ਗੀਤ 'ਕੱਚੀ ਕੱਚੀ ਕਲੀਓ ਨਾ ਤੋੜ' ਨੂੰ ਪੇਸ਼ ਕਰਕੇ ਕਰੀਬ ਪੰਜਾਹ ਸਾਲ ਪੁਰਾਣੇ ਪੰਜਾਬ

**ਬਾਕੀ ਸਫ਼ਾ 30 'ਤੇ**

## ਗੁਰਦੁਆਰਾ ਸੱਚਖੰਡ ਈਸ਼ਰ ਦਰਬਾਰ ਸੈਕਰਾਮੈਂਟੋ ਵਿਖੇ ਧਾਰਮਿਕ ਕਵੀ ਦਰਬਾਰ ਸਜਾਇਆ ਗਿਆ

**ਸੈਕਰਾਮੈਂਟੋ/ਬਿਊਰੋ ਨਿਊਜ਼ :** ਅਮਰੀਕੀ ਪੰਜਾਬੀ ਕਵੀਆਂ ਵਲੋਂ ਸੰਨ 2008 ਵਿਚ ਸ਼ੁਰੂ ਹੋਏ ਗੁਰਦੁਆਰਾ ਸੱਚਖੰਡ, ਈਸ਼ਰ ਦਰਬਾਰ 7616 Rang View Road, Sacramento CA 95828 ਵਿਖੇ ਵਿਸ਼ੇਸ਼ ਦੀਵਾਨਾਂ ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿਚ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਪਰਮਿੰਦਰ ਪ੍ਰਵਾਨਾ ਵਲੋਂ ਮੰਚ ਸੰਭਾਲਦਿਆਂ ਇਤਿਹਾਸ 'ਤੇ ਰੌਸ਼ਨੀ ਪਾਈ ਗਈ ਕਿ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਪਹਿਲਾਂ ਹੀ ਹਦਾਇਤ ਕਰ ਦਿੱਤੀ ਸੀ ਕਿ ਗੁਰਗੱਦੀ ਉਤੇ ਹਥਿਆਰਬੰਦ ਹੋ ਕੇ ਬੈਠਣਾ ਹੈ ਅਤੇ ਜ਼ੁਲਮ ਦੇ ਖਿਲਾਫ਼ ਟੱਕਰ ਲੈਣ ਲਈ ਫੌਜ ਵੀ ਰੱਖਣੀ ਹੈ। ਇਸੇ ਲਈ ਗੁਰੂ ਹਰਿਗੋਬਿੰਦ ਜੀ ਨੇ ਗੁਰਗੱਦੀ 'ਤੇ ਬੈਠਦਿਆਂ ਦੋ ਤਲਵਾਰਾਂ ਪਹਿਨੀਆਂ, ਇਕ ਪੀਰੀ ਦੀ ਅਤੇ ਇਕ ਮੀਰੀ ਦੀ। ਗੁਰੂ ਜੀ ਨੇ ਪੰਥ ਨੂੰ ਬਕਾਇਦਾ ਤੌਰ 'ਤੇ ਹਥਿਆਰਬੰਦ ਹੋਣ ਦਾ ਐਲਾਨ ਕੀਤਾ ਅਤੇ ਅੱਗੇ ਜਾ ਕੇ ਸਸ਼ਤਰਬੱਧ ਖ਼ਾਲਸਾ ਸਾਜਿਆ ਅਤੇ ਜੰਗਾਂ ਵਿਚ ਜਿੱਤਾਂ ਪ੍ਰਾਪਤ ਕੀਤੀਆਂ।



ਇਸ ਮੌਕੇ ਧਾਰਮਿਕ ਕਵੀ ਦਰਬਾਰ ਦੇ ਦੌਰ ਵਿਚ ਬੀਬੀ ਬਲਜਿੰਦਰ ਕੌਰ, ਤਰਸੇਮ ਸਿੰਘ, ਸੁੰਮਨ, ਗੁਰਦਿਆਲ ਸਿੰਘ ਨੂਰਪੁਰੀ, ਜਸਦੀਪ ਸਿੰਘ ਫਰੀਮਾਂਟ, ਪ੍ਰਮਿੰਦਰ ਸਿੰਘ ਰਾਏ ਖਾਨਖਾਨਾ, ਫੱਗਣ ਸਿੰਘ ਧਾਮੀ, ਕ੍ਰਿਪਾਲ ਸਿੰਘ ਢਿਲੋਂ, ਕੁਲਦੀਪ ਸਿੰਘ, ਦਰਸ਼ਨ ਸਿੰਘ ਅਤੇ ਬਾਬਾ ਗਿੰਦਰ ਸਿੰਘ ਆਦਿ ਕਵੀ ਸ਼ਾਮਲ ਹੋਏ। ਗੁਰਦੁਆਰਾ ਸਾਹਿਬ ਦੇ ਬਾਨੀ ਮੁੱਖ ਸੇਵਾਦਾਰ ਬਾਬਾ ਕਸ਼ਮੀਰ ਸਿੰਘ ਨੇ ਕਿਹਾ ਕਿ ਜਿਥੇ ਅਸੀਂ ਇਥੇ ਪਹੁੰਚੇ ਕਵੀਆਂ ਦੇ ਧੰਨਵਾਦੀ ਹਾਂ ਉਥੇ ਉਨਾਂ ਨੂੰ ਹਮੇਸ਼ਾ ਲਈ ਸੱਦਾ ਹੈ ਕਿ ਉਹ ਜਦੋਂ ਚਾਹੁਣ ਧਾਰਮਿਕ ਕਵੀ ਦਰਬਾਰ ਸਜਾਇਆ ਕਰਨ, ਜਿਸ ਤੋਂ ਧਾਰਮਿਕ ਵਿਰਸੇ ਦੀ ਜਾਣਕਾਰੀ ਵਿਚ ਵਾਧਾ ਹੁੰਦਾ ਹੈ। ਉਨਾਂ ਵਲੋਂ ਹਾਜ਼ਰ ਕਵੀਆਂ ਨੂੰ ਗੁਰੂਘਰ ਦੀ ਦਾਤ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ। ਧਾਰਮਿਕ ਕਵੀ ਦਰਬਾਰਾਂ ਵਿਚ ਸ਼ਾਮਲ ਹੋਣ ਲਈ ਫੋਨ ਨੰ : 510-415-9377 ਜਾਂ 408-528-4489 'ਤੇ ਸੰਪਰਕ ਕੀਤਾ ਜਾ ਸਕਦਾ ਹੈ।



# ਸ਼੍ਰੋਮਣੀ ਕਮੇਟੀ ਨੇ ਸ੍ਰੀ ਅਕਾਲ ਤਖਤ ਉਤੇ ਮਨਾਇਆ ਮੀਰੀ-ਪੀਰੀ ਦਿਵਸ



ਸੰਗਤ ਨੂੰ ਗੁਰੂ ਸਾਹਿਬ ਵੱਲੋਂ ਧਾਰਨ ਕੀਤੀਆਂ ਮੀਰੀ-ਪੀਰੀ ਦੀਆਂ ਕਿਰਪਾਨਾਂ ਦੇ ਦਰਸ਼ਨ ਕਰਵਾਏ ਜਾਣ ਦਾ ਦ੍ਰਿਸ਼।

**ਅੰਮ੍ਰਿਤਸਰ/ਬਿਊਰੋ ਨਿਊਜ਼ :** ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਿੱਖ ਸੰਗਤ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਮੀਰੀ ਪੀਰੀ ਦੇ ਸਿਧਾਂਤ 'ਤੇ ਚੱਲਦਿਆਂ ਸਮਾਜ ਵਿੱਚ ਹੋ ਰਹੇ ਅਨਿਆਂ ਵਿਰੁੱਧ ਆਵਾਜ਼ ਬੁਲੰਦ ਕਰਨ ਦੀ ਲੋੜ ਹੈ। ਉਹ ਇੱਥੇ ਅਕਾਲ ਤਖ਼ਤ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੀਰੀ ਪੀਰੀ ਦਿਵਸ ਮੌਕੇ ਕਰਵਾਏ ਗਏ ਸਮਾਗਮ ਮੌਕੇ ਸੰਗਤ ਨੂੰ ਸੰਬੋਧਨ ਕਰ ਰਹੇ ਸਨ।

ਗੁਰਮਤਿ ਸਮਾਗਮ ਮੌਕੇ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਮੀਰੀ ਪੀਰੀ ਦਾ ਸਿਧਾਂਤ ਧਰਮ ਦੀ ਪਾਲਣਾ ਕਰਦਿਆਂ ਜਬਰ ਅਤੇ ਜ਼ੁਲਮ ਵਿਰੁੱਧ ਸੰਘਰਸ਼ ਲਈ ਸੱਤਾਧਾਰੀ ਹੋਣ ਦਾ ਸੁਨੇਹਾ ਦਿੰਦਾ ਹੈ ਤਾਂ ਜੋ ਸਮਾਜ ਵਿੱਚ ਹਰ ਵਰਗ ਨੂੰ ਆਜ਼ਾਦੀ ਨਾਲ ਜਿਊਣ ਦਾ ਹੱਕ ਮਿਲ ਸਕੇ। ਉਨ੍ਹਾਂ ਕਿਹਾ ਕਿ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਜੀ ਨੇ ਗੁਰਗੱਦੀ 'ਤੇ ਬੈਠਣ ਸਮੇਂ ਮੀਰੀ-ਪੀਰੀ ਦੀਆਂ ਦੋ ਕਿਰਪਾਨਾਂ ਧਾਰਨ ਕਰਕੇ ਸਮਕਾਲੀ ਜ਼ਾਲਮ ਹਕੂਮਤ ਖ਼ਿਲਾਫ਼ ਡਟਣ ਦਾ ਸੁਨੇਹਾ ਦਿੱਤਾ ਸੀ। ਇਸ ਤੋਂ ਪਹਿਲਾਂ ਅਕਾਲ ਤਖਤ ਵਿਖੇ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥਿਆਂ ਨੇ ਕੀਰਤਨ ਕੀਤਾ। ਅਰਦਾਸ ਅਤੇ ਹੁਕਮਨਾਮਾ ਅਕਾਲ ਤਖ਼ਤ ਦੇ ਹੈੱਡ ਗ੍ਰੰਥੀ ਗਿਆਨੀ ਮਲਕੀਤ ਸਿੰਘ ਨੇ ਲਿਆ। ਇਸ ਦੌਰਾਨ ਅਕਾਲ ਤਖ਼ਤ ਵਿਖੇ ਰੱਖੇ ਗਏ ਇਤਿਹਾਸਕ ਸ਼ਸਤਰਾਂ ਨੂੰ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਿਰੋਪਾ ਭੇਟ ਕੀਤਾ। ਉਨ੍ਹਾਂ ਨੇ ਗੁਰੂ ਸਾਹਿਬ ਵੱਲੋਂ ਧਾਰਨ ਕੀਤੀਆਂ ਮੀਰੀ ਪੀਰੀ ਦੀਆਂ ਕਿਰਪਾਨਾਂ ਦੇ ਸੰਗਤਾਂ ਨੂੰ ਦਰਸ਼ਨ ਵੀ ਕਰਵਾਏ।

# ਸਿੱਖ ਬੀਬੀਆਂ ਨੂੰ ਚੰਡੀਗੜ੍ਹ 'ਚ ਹੈਲਮਟ ਪਾਉਣ ਦਾ ਹੁਕਮ ਸਿੱਖ ਸਿਧਾਂਤਾਂ ਖਿਲਾਫ : ਅਕਾਲ ਤਖਤ

## *ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਹੋਏ ਕਈ ਫੈਸਲੇ*

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਸਿੱਖ ਬੀਬੀਆਂ ਨੂੰ ਦੋ ਪਹੀਆ ਵਾਹਨ ਚਲਾਉਣ ਵੇਲੇ ਸਿਰ ਉਤੇ ਹੈਲਮਟ (ਲੋਹ ਟੋਪ) ਪਾਉਣ ਦਾ ਮਾਮਲਾ ਇਕ ਵਾਰ ਫਿਰ ਸਿੱਖ ਮਰਿਆਦਾ ਤੇ ਸਿਧਾਂਤ ਦੇ ਖਿਲਾਫ ਹੋਣ ਕਾਰਨ ਵਿਵਾਦਪੂਰਨ ਰੁਖ ਅਖਤਿਆਰ ਕਰਦਾ ਜਾ ਰਿਹਾ ਹੈ। ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਚੰਡੀਗੜ੍ਹ ਵਿਚ ਸਿੱਖ ਬੀਬੀਆਂ ਨੂੰ ਦੋ ਪਹੀਆ ਵਾਹਨ ਚਲਾਉਣ ਸਮੇਂ ਹੈਲਮਟ (ਲੋਹ ਟੋਪ) ਪਾਉਣਾ ਲਾਜ਼ਮੀ ਕੀਤੇ ਜਾਣ ਨੂੰ ਸਿੱਖ ਸਿਧਾਂਤਾਂ ਦੇ ਉਲਟ ਕਰਾਰ ਦਿੰਦਿਆਂ ਇਹ ਮਾਮਲਾ ਕਾਨੂੰਨੀ ਚਾਰਾਜੋਈ ਵਾਸਤੇ ਸ਼੍ਰੋਮਣੀ ਕਮੇਟੀ ਨੂੰ ਸੌਂਪ ਦਿੱਤਾ ਹੈ। ਇਹ ਫੈਸਲਾ ਇਥੇ ਅਕਾਲ ਤਖ਼ਤ ਸਕੱਤਰੇਤ ਵਿਖੇ ਹੋਈ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਕੀਤਾ ਗਿਆ।

ਇਕੱਤਰਤਾ ਮਗਰੋਂ ਗਿਆਨੀ ਗੁਰਬਚਨ ਸਿੰਘ ਨੇ ਦੱਸਿਆ ਕਿ ਸਿੱਖ ਰਹਿਤ ਮਰਿਆਦਾ ਮੁਤਾਬਕ ਕੋਈ ਵੀ ਕੇਸਧਾਰੀ ਸਿੱਖ ਮਰਦ ਜਾਂ ਔਰਤ ਲਈ ਲੋਹ ਟੋਪ ਪਹਿਨਣਾ ਸਿਧਾਂਤ ਦੀ ਉਲੰਘਣਾ ਹੈ। ਉਨ੍ਹਾਂ ਆਖਿਆ ਕਿ ਸਿੱਖ ਬੀਬੀਆਂ ਦੀ ਸ਼ਨਾਖਤ ਦਸਤਾਰਧਾਰੀ ਜਾਂ ਗੈਰ ਦਸਤਾਰਧਾਰੀ ਹੋਣ ਨਾਲ ਨਹੀਂ ਜੁੜੀ ਹੋਈ ਹੈ। ਕੋਈ ਵੀ ਸਿੱਖ ਬੀਬੀ ਜਿਸ ਦੇ ਨਾਂ ਨਾਲ 'ਕੌਰ' ਸ਼ਬਦ ਜੁੜਦਾ ਹੈ ਅਤੇ ਉਹ ਸਾਬਤ ਸੂਰਤ ਹੈ, ਤਾਂ ਉਹ ਸਿੱਖ ਹੈ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਕੀਤਾ ਗਿਆ ਫੈਸਲਾ ਕਿ ਦਸਤਾਰਧਾਰੀ ਸਿੱਖ ਬੀਬੀਆਂ ਨੂੰ ਹੈਲਮਟ ਪਹਿਨਣ ਤੋਂ ਛੋਟ ਹੋਵੇਗੀ ਅਤੇ ਬਾਕੀ ਗੈਰ ਦਸਤਾਰਧਾਰੀ ਸਿੱਖ ਬੀਬੀਆਂ ਨੂੰ ਇਹ ਛੋਟ ਨਹੀਂ ਮਿਲੇਗੀ, ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਹੁਕਮਾਂ ਖਿਲਾਫ਼ ਸੰਗਤ ਵੱਲੋਂ ਵੱਡੇ ਪੱਧਰ 'ਤੇ ਸ਼ਿਕਾਇਤਾਂ ਕੀਤੀਆਂ ਗਈਆਂ ਹਨ। ਬੀਤੇ ਦਿਨੀਂ ਬੀਬੀ ਜਗੀਰ ਕੌਰ ਦੀ ਅਗਵਾਈ ਹੇਠ ਇਸਤਰੀਆਂ ਦਾ ਇਕ ਵਫ਼ਦ ਵੀ ਉਨ੍ਹਾਂ ਨੂੰ ਮਿਲਿਆ ਸੀ। ਉਨ੍ਹਾਂ ਕਿਹਾ ਕਿ ਇਹ ਮਾਮਲਾ ਅਦਾਲਤੀ ਆਦੇਸ਼ਾਂ ਨਾਲ ਜੁੜਿਆ ਹੋਇਆ ਹੈ, ਇਸ ਲਈ ਕਾਨੂੰਨੀ ਚਾਰਾਜੋਈ ਵਾਸਤੇ ਇਹ ਮਾਮਲਾ ਸ਼੍ਰੋਮਣੀ ਕਮੇਟੀ ਨੂੰ ਸੌਂਪ ਦਿੱਤਾ ਗਿਆ ਹੈ।



ਇਸ ਦੌਰਾਨ ਰਾਜਸਥਾਨ ਦੇ ਜ਼ਿਲ੍ਹਾ ਗੰਗਾਨਗਰ ਸਥਿਤ ਗੁਰਦੁਆਰਾ ਬੁੱਢਾ ਜੋਹੜ ਦੇ ਮਾਮਲੇ ਨੂੰ ਵਿਚਾਰਨ ਮਗਰੋਂ ਕੀਤੇ ਫੈਸਲੇ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਕਿਹਾ ਕਿ ਉਥੇ ਅਕਾਲ ਤਖ਼ਤ ਦੇ ਹੁਕਮਾਂ ਨੂੰ ਅਣਡਿਠ ਕਰਕੇ ਆਪਣੀ ਮਰਜ਼ੀ ਨਾਲ ਗੁਰਦੁਆਰੇ ਦੀ ਪ੍ਰਬੰਧਕੀ ਕਮੇਟੀ ਦਾ ਸੰਵਿਧਾਨ ਤਿਆਰ ਕੀਤਾ ਗਿਆ ਹੈ ਅਤੇ ਕਮੇਟੀ ਬਣਾਈ ਗਈ ਹੈ, ਜਿਸ ਨਾਲ ਆਪਸੀ ਵਿਵਾਦ ਵਧਿਆ ਹੈ।

ਉਨ੍ਹਾਂ ਕਿਹਾ ਕਿ ਦੋਵਾਂ ਕਮੇਟੀਆਂ ਨੂੰ ਭੰਗ ਕਰ ਦਿੱਤਾ ਗਿਆ ਹੈ ਤੇ ਇਨ੍ਹਾਂ ਦੀ ਥਾਂ ਇਕ 9 ਮੈਂਬਰੀ ਕਮੇਟੀ ਨੂੰ ਗੁਰਦੁਆਰੇ ਦਾ ਪ੍ਰਬੰਧ ਸੌਂਪ ਦਿੱਤਾ ਗਿਆ ਹੈ। ਇਹ ਕਮੇਟੀ ਕਾਨੂੰਨੀ ਮਾਹਿਰਾਂ ਤੇ ਸੰਗਤਾਂ ਦੀ ਰਾਏ ਨਾਲ ਨਵਾਂ ਸੰਵਿਧਾਨ ਤਿਆਰ ਕਰਨ ਮਗਰੋਂ ਪ੍ਰਵਾਨਗੀ ਲਈ ਅਕਾਲ ਤਖ਼ਤ ਵਿਖੇ ਭੇਜੇਗੀ। ਇਸ ਦੌਰਾਨ ਨਿਹੰਗ ਜਥੇਬੰਦੀਆਂ ਅਤੇ ਸਤਿਕਾਰ ਕਮੇਟੀ ਦੇ ਕਾਰਕੁੰਨ ਵੀ ਪੰਜ ਸਿੰਘ ਸਾਹਿਬਾਨ ਕੋਲ ਪੇਸ਼ ਹੋਏ ਹਨ। ਦੋਵਾਂ ਧਿਰਾਂ ਨੇ ਪੰਜ ਸਿੰਘ ਸਾਹਿਬਾਨ ਨੂੰ ਦੱਸਿਆ ਕਿ ਉਨ੍ਹਾਂ ਆਪਸੀ ਵਿਵਾਦ ਹੱਲ ਕਰ ਲਿਆ ਹੈ ਅਤੇ ਭਵਿੱਖ ਵਿਚ ਇਕ ਦੂਜੇ ਖਿਲਾਫ ਦੂਸ਼ਣਬਾਜੀ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਮਲੋਟ ਰੈਲੀ ਵਿੱਚ ਦਸਤਾਰ ਬੇਅਦਬੀ ਦਾ ਮਾਮਲਾ ਅਗਲੀ ਇਕੱਤਰਤਾ ਵਿਚ ਵਿਚਾਰਿਆ ਜਾਵੇਗਾ। ਕਾਂਗਰਸੀ ਆਗੂ ਬੀਬੀ ਰਜਿੰਦਰ ਕੌਰ ਭੱਠਲ ਅਤੇ ਮਨਪ੍ਰੀਤ ਸਿੰਘ ਬਾਦਲ ਦੇ ਬੇਟੇ ਵਲੋਂ ਅਕਾਲ ਤਖ਼ਤ 'ਤੇ ਪੇਸ਼ ਹੋ ਕੇ ਮਾਫੀ ਮੰਗਣ ਦੇ ਮਾਮਲੇ ਨੂੰ ਲਗਾਤਾਰ ਲਟਕਾਏ ਜਾਣ ਸਬੰਧੀ ਉਨ੍ਹਾਂ ਕਿਹਾ ਕਿ ਜਦੋਂ ਤਕ ਇਹ ਦੋਵੇਂ ਇਥੇ ਪੇਸ਼ ਹੋ ਕੇ ਮਾਫੀ ਨਹੀਂ ਮੰਗਦੇ, ਉਹ ਦੋਸ਼ੀ ਹਨ।

ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਮਾਫੀ ਨਾਲ ਜੁੜਿਆ ਮਾਮਲਾ ਜੇ ਨਿਰਧਾਰਿਤ ਸਮੇਂ ਵਿੱਚ ਹੱਲ ਨਹੀਂ ਹੁੰਦਾ ਅਤੇ ਜੇ ਸ਼੍ਰੋਮਣੀ ਕਮੇਟੀ ਅਸਮਰਥਾ ਜ਼ਾਹਰ ਕਰਦੀ ਹੈ ਤਾਂ ਇਸ ਬਾਰੇ ਅਗਲਾ ਫੈਸਲਾ ਅਕਾਲ ਤਖ਼ਤ ਤੋਂ ਕੀਤਾ ਜਾਵੇਗਾ।


CAPITAL ACCOUNTING & TAX SERVICES
HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
• ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
• ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।
Same Day Plates Same Day Plates Same Day Plates



Kuldeep Singh Kang



Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524
PH : 530-669-5780 Fax : 530-669-5775
Cell : 530-908-9386 Cell : 530-405-6020
ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776



Allstate You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਖਾਲਸਾ ਕੇਅਰ ਫਾਊਂਡੇਸ਼ਨ ਵੱਲੋਂ ਕਰਵਾਏ 'ਆਤਮ-ਰਸ ਕੀਰਤਨ' ਪ੍ਰੋਗਰਾਮ 'ਚ ਭਾਰੀ ਗਿਣਤੀ ਸੰਗਤਾਂ ਨੇ ਭਰੀ ਹਾਜ਼ਰੀ







**ਪਕੋਇਮਾ/ਬਿਊਰੋ ਨਿਊਜ਼ :** ਖਾਲਸਾ ਕੇਅਰ ਫਾਊਂਡੇਸ਼ਨ (ਕੇਸੀਐੱਫ) ਵੱਲੋਂ ਪਕੋਇਮਾ ਵਿਖੇ ਆਤਮ ਰਸ ਕੀਰਤਨ ਪ੍ਰੋਗਰਾਮ 15 ਜੁਲਾਈ ਨੂੰ ਸ਼ੁਰੂ ਹੋਇਆ। ਇਸ ਤੋਂ ਪਹਿਲਾਂ ਪ੍ਰੋਗਰਾਮ ਬਾਰੇ ਕੈਲੀਫੋਰਨੀਆ ਦੀ ਸਿੱਖ ਸੰਗਤ ਵਿਚ ਚੰਗੀ ਤਰ੍ਹਾਂ ਪ੍ਰਚਾਰ ਕੀਤਾ ਗਿਆ ਸੀ। ਹਰ ਰੋਜ਼ ਸ਼ਾਮ ਨੂੰ ਕੈਲੀਫੋਰਨੀਆ ਦੀ ਸੰਗਤ ਨੇ ਪੰਥ ਦੇ ਮਹਾਨ ਕੀਰਤਨੀਆਂ ਤੇ ਕਥਾਕਾਰਾਂ ਕੋਲੋਂ ਗੁਰਬਾਣੀ ਕੀਰਤਨ ਤੇ ਸ਼ਬਦ ਵਿਚਾਰ ਸਰਵਣ ਕੀਤੇ। ਇਸ ਵਿਚ ਸੰਤ ਅਨੂਪ ਸਿੰਘ, ਭਾਈ ਪਿੰਦਰਪਾਲ ਸਿੰਘ, ਹਜ਼ੂਰੀ ਰਾਗੀ ਭਾਈ ਵਰਿੰਦਰ ਸਿੰਘ ਅਤੇ ਹੋਰਾਂ ਨੇ ਸ਼ਬਦ ਕੀਰਤਨ ਅਤੇ ਕਥਾ ਦੇ ਨਾਲ-ਨਾਲ ਸੰਗਤਾਂ ਨੂੰ ਅਜੋਕੇ ਸਮੇਂ ਵਿਚ ਹੋ ਰਹੇ ਗੁਮਰਾਹਕੁੰਨ ਪਰਚਾਰ ਤੋਂ ਵੀ ਸੁਚੇਤ ਕੀਤਾ। ਇਸ ਪ੍ਰੋਗਰਾਮ ਦੀਆਂ ਤਿਆਰੀਆਂ ਪਹਿਲਾਂ ਤੋਂ ਚੰਗੀ ਤਰ੍ਹਾਂ ਕਰਨ ਕਰਕੇ ਇਹ ਸਫਲਤਾ ਨਾਲ ਸਿਰੇ ਚੜ੍ਹਿਆ, ਜਿਸ ਦਾ ਸਿਹਰਾ ਕੇਸੀਐਫ ਦੇ ਆਗੂਆਂ, ਸੇਵਾਦਾਰਾਂ ਤੇ ਸਮੁੱਚੀ ਟੀਮ ਨੂੰ ਜਾਂਦਾ ਹੈ। ਇਕ ਚੰਗੀ ਤਰ੍ਹਾਂ ਸੰਗਠਿਤ ਸੁਰੱਖਿਆ ਅਤੇ ਪਾਰਕਿੰਗ ਸਮੇਤ ਹਰ ਚੀਜ਼ ਸੁਚਾਰੂ ਢੰਗ ਨਾਲ ਕੀਤੀ ਗਈ ਸੀ। ਕੇਸੀਐਫ ਦੇ ਸੇਵਾਦਾਰਾਂ ਦੀ ਨਿਰਸਵਾਰਥ ਸੇਵਾ ਭਾਵਨਾ ਦੀ ਸਿੱਖ ਸੰਗਤ ਨੇ ਕਾਫੀ ਸ਼ਲਾਘਾ ਕੀਤੀ। ਜਥੇਬੰਦੀ ਵੱਲੋ ਸੰਗਤਾਂ ਦੇ ਆਰਾਮ ਨਾਲ ਗੁਰਬਾਣੀ ਕੀਰਤਨ ਸਰਵਣ ਕਰਨ ਦੇ ਉਚੇਚੇ ਪ੍ਰਬੰਧ ਕੀਤੇ ਗਏ ਸਨ। ਸੰਗਤਾਂ ਦੇ ਖਾਣ-ਪੀਣ ਵਾਸਤੇ ਪ੍ਰੋਗ੍ਰਾਮ ਖਤਮ ਹੋਣ ਤੋਂ ਬਾਅਦ ਸਨੈਕਸਾਂ ਨਾਲ ਚਾਹ ਅਤੇ ਗੁਰੂ ਕਾ ਲੰਗਰ ਹਾਜ਼ਰ ਸੀ। ਗੁਰੂ ਕੇ ਲੰਗਰਾਂ ਵਿਚ ਛੋਲੇ-ਭਟੂਰੇ, ਚਾਟ, ਚੌਲ, ਸੈਂਡਵਿਚ, ਨੂਡਲਜ਼, ਟਿੱਕੀਆਂ, ਮੈਂਗੋ-ਲੱਸੀ, ਰੂਹ-ਅਫਜ਼ਾ ਸ਼ਰਬਤ ਅਤੇ ਚਾਹ ਆਦਿ ਅਨੇਕਾਂ ਵੰਨਗੀਆਂ ਦਾ ਖਾਣਾ ਮੌਜੂਦ ਸੀ। ਕੁਝ ਸੰਗਤਾਂ ਨੇ ਖਾਣ-ਪੀਣ ਦਾ ਸਮਾਨ ਹੱਥਾਂ ਵਿਚ ਲੈ ਕੇ ਕੀਰਤਨ ਦਰਬਾਰ ਦੀ ਹਾਜ਼ਰੀ ਭਰੀ ਤਾਂ ਕਿ ਉਹ ਇਸ ਸੁਭਾਗ ਸਮੇਂ ਦਾ ਵੱਧ ਤੋਂ ਵੱਧ ਲਾਹਾ ਲੈ ਸਕਣ। ਭਾਈ ਪਿੰਦਰਪਾਲ ਸਿੰਘ ਨੇ ਗੁਰਬਾਣੀ ਦੇ ਗਿਆਨ ਅਤੇ ਕਥਾ ਰਾਹੀਂ ਸੰਗਤਾਂ ਨਾਲ ਸ਼ਬਦ-ਵਿਚਾਰਾਂ ਕੀਤੀਆਂ ਅਤੇ ਸੰਗਤਾਂ ਦੇ ਬਹੁਤ ਸਾਰੇ ਭਰਮ-ਭੁਲੇਖੇ ਦੂਰ ਕੀਤੇ। 22 ਜੁਲਾਈ ਐਤਵਾਰ ਵਾਲੇ ਦਿਨ ਕੀਰਤਨ ਦਰਬਾਰ ਦੀ ਸਮਾਪਤੀ ਕੀਤੀ ਗਈ। ਸਮੁੱਚੇ ਤੌਰ 'ਤੇ ਖਾਲਸਾ ਕੇਅਰ ਫਾਊਂਡੇਸ਼ਨ (ਕੇਸੀਐੱਫ) ਵੱਲੋਂ ਕਰਵਾਇਆ ਗਿਆ ਇਹ ਕੀਰਤਨ ਦਰਬਾਰ ਸਿੱਖ ਸੰਗਤਾਂ ਨੂੰ ਉਸਾਰੂ ਤੇ ਸੇਧਮਈ ਪ੍ਰੇਰਨਾ ਦੇ ਕੇ ਯਾਦਗਾਰੀ ਹੋ ਨਿੱਬੜਿਆ।

## ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿੱਲ ਦਾ ਅਦਾਲਤੀ ਕੇਸਾਂ ਬਾਰੇ ਆਪਣੀ ਜਿੱਤ ਦਾ ਦਾਅਵਾ

**ਰਿਚਮੰਡ ਹਿੱਲ/ਬਿਊਰੋ ਨਿਊਜ਼ :** ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿੱਲ, ਨਿਊਯਾਰਕ ਦੇ ਮੁੱਖ ਸੇਵਾਦਾਰ ਸ. ਕੁਲਦੀਪ ਸਿੰਘ ਢਿੱਲੋਂ ਵਲੋਂ ਮੀਡੀਆ ਇੰਚਾਰਜ ਸ. ਸੁਖਜਿੰਦਰ ਸਿੰਘ ਨਿੱਝਰ ਦੁਆਰਾ ਜਾਣਕਾਰੀ ਦਿੰਦੇ ਹੋਏ ਦਾਅਵਾ ਕੀਤਾ ਗਿਆ ਹੈ ਕਿ ਹਰਿੰਦਰ ਸਿੰਘ, ਹਰਬੰਸ ਸਿੰਘ ਢਿੱਲੋਂ, ਮਨਜਿੰਦਰ ਕੌਰ ਢਿੱਲੋਂ ਵੱਲੋਂ ਗੁਰਦੁਆਰਾ ਸਾਹਿਬ ਖਿਲਾਫ਼ ਜੋ ਵੀ ਕੇਸ ਕੀਤੇ ਗਏ ਸਨ, ਉਹ ਸਾਰੇ ਕੇਸ ਕੋਰਟ ਵਲੋਂ ਬੇਬੁਨਿਆਦ ਦੱਸਦੇ ਹੋਏ ਰੱਦ ਕਰ ਦਿੱਤੇ ਗਏ ਹਨ।

ਉਨ੍ਹਾਂ ਇਹ ਵੀ ਕਿਹਾ ਕਿ ਉਸ ਸਮੇਂ ਦੇ ਮੌਜੂਦਾ ਪ੍ਰਧਾਨ ਸ. ਗੁਰਦੇਵ ਸਿੰਘ ਕੰਗ ਅਤੇ ਇਲੈਕਸ਼ਨ ਕਮਿਸ਼ਨਰ ਟੀਪੀ. ਸਿੰਘ ਵਲੋਂ 22 ਅਕਤੂਬਰ, 2016 ਨੂੰ ਜੋ ਇਲੈਕਸ਼ਨ ਕਰਵਾਈ ਗਈ ਸੀ, ਉਸ ਨੂੰ ਕੋਰਟ ਵਲੋਂ ਜਾਇਜ਼ ਦੱਸਿਆ ਗਿਆ ਹੈ। ਹਰਿੰਦਰ ਸਿੰਘ, ਮਨਜਿੰਦਰ ਕੌਰ ਢਿੱਲੋਂ ਵਲੋਂ ਸ. ਗੁਰਦੇਵ ਸਿੰਘ ਕੰਗ ਅਤੇ ਇਲੈਕਸ਼ਨ ਕਮਿਸ਼ਨਰ ਟੀਪੀ. ਸਿੰਘ ਉਪਰ ਜੋ ਕੇਸ ਕੀਤੇ ਗਏ ਸਨ, ਉਹ ਸਾਰੇ ਕੇਸ ਵੀ ਕੋਰਟ ਵਲੋਂ ਰੱਦ ਕਰ ਦਿੱਤੇ ਗਏ ਹਨ। ਉਨ੍ਹਾਂ ਸ਼ੱਕ ਜ਼ਾਹਰ ਕੀਤਾ ਕਿ ਸੰਗਤਾਂ ਵਿਚ ਝੂਠੀਆਂ ਖ਼ਬਰਾਂ ਫੈਲਾ ਕੇ ਗੁਰਦੁਆਰਾ ਸਾਹਿਬ ਦਾ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਇਸ ਕਰਕੇ ਸੰਗਤਾਂ ਨੂੰ ਬੇਨਤੀ ਹੈ ਕਿ ਇਨ੍ਹਾਂ ਝੂਠੀਆਂ ਖ਼ਬਰਾਂ ਤੋਂ ਸਾਵਧਾਨ ਰਹਿਣ ਅਤੇ ਵਧੇਰੇ ਜਾਣਕਾਰੀ ਲਈ ਮੌਜੂਦਾ ਪ੍ਰਧਾਨ ਸ. ਕੁਲਦੀਪ ਸਿੰਘ ਢਿੱਲੋਂ, ਫੋਨ ਨੰ: 3473242405 ਅਤੇ ਗੁਰਦੁਆਰਾ ਸਾਹਿਬ ਦੇ ਨੰ : 718-846-3333 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

# 14ਵੇਂ ਵਿਸ਼ਵ ਕਬੱਡੀ ਕੱਪ ਦੀਆਂ ਤਿਆਰੀਆਂ ਜ਼ੋਰਾਂ-ਸ਼ੋਰਾਂ 'ਤੇ

### 16 ਸਤੰਬਰ ਨੂੰ ਸਿਰਜਿਆ ਜਾਵੇਗਾ ਕਬੱਡੀ ਦਾ ਨਵਾਂ ਇਤਿਹਾਸ

**ਸਾਨਫਰਾਂਸਿਸਕੋ/ਬਿਊਰੋ ਨਿਊਜ਼ :** ਯੂਨਾਈਟਡ ਸਪੋਰਟਸ ਕਲੱਬ ਕੈਲੇਫੋਰਨੀਆ (ਅਮਰੀਕਾ) ਵਲੋਂ 16 ਸਤੰਬਰ ਦਿਨ ਐਤਵਾਰ ਨੂੰ ਯੂਨੀਅਨ ਸਿਟੀ ਦੇ ਲੋਗਨ ਹਾਈ ਸਕੂਲ ਵਿਖੇ ਕਰਵਾਏ ਜਾਣ ਵਾਲੇ 14ਵੇਂ ਵਿਸ਼ਵ ਕਬੱਡੀ ਕੱਪ ਦੀਆਂ ਤਿਆਰੀਆਂ ਅੱਜਕੱਲ ਜ਼ੋਰਾਂ-ਸ਼ੋਰਾਂ ਨਾਲ ਜਾਰੀ ਹਨ। ਕਲੱਬ ਦੇ ਮੁੱਖ ਸਰਪ੍ਰਸਤ ਅਤੇ ਪ੍ਰਬੰਧਕ ਸ. ਅਮੋਲਕ ਸਿੰਘ ਗਾਖਲ ਨੇ ਕਬੱਡੀ ਕੱਪ ਵਿਚ ਭਾਗ ਲੈਣ ਵਾਲੀਆਂ ਸ਼ੇਰੇ ਪੰਜਾਬ ਸਪੋਰਟਸ ਕਲੱਬ ਲਾਸ ਬੈਨਿਸ (ਲੱਛਰ ਭਰਾ), ਰਾਇਲ ਕਿੰਗਜ਼ ਯੂਐੱਸਏ (ਸ਼ੱਬਾ ਥਿਆੜਾ), ਮਿਡਵੈੱਸਟ ਕਬੱਡੀ ਕਲੱਬ (ਵਿੱਕੀ ਸੰਮੀਪੁਰੀਆ ਤੇ ਤਾਰੀ) ਅਤੇ ਕਨੇਡਾ ਕਬੱਡੀ ਕਲੱਬ (ਪੰਮਾ ਦਿਓਲ ਤੇ ਸੇਵਾ ਸਿੰਘ ਰੰਧਾਵਾ) ਆਦਿ ਚਾਰ ਟੀਮਾਂ ਟੀਮਾਂ ਦਾ ਐਲਾਨ ਕਰਦਿਆਂ ਕਿਹਾ ਕਿ ਇਸ 14ਵੇਂ ਵਿਸ਼ਵ ਕਬੱਡੀ ਕੱਪ ਵਿਚ ਨਾ-ਸਿਰਫ ਦਰਸ਼ਕਾਂ ਨੂੰ ਕਬੱਡੀ ਦੇ ਬਿਹਤਰੀਨ ਰੰਗ ਵੇਖਣ ਨੂੰ ਮਿਲਣਗੇ ਸਗੋਂ, ਵਿਸ਼ਵ ਭਰ ਦੇ ਕਬੱਡੀ ਖਿਡਾਰੀ ਇਸ ਖੇਡ ਮੇਲੇ ਵਿਚ ਆਪਣੀ ਕਲਾ ਦੇ ਜੌਹਰ ਦਿਖਾ ਕੇ ਇਕ ਵੱਖਰਾ ਇਤਿਹਾਸ ਵੀ ਸਿਰਜਣਗੇ। ਉਨ੍ਹਾਂ ਦੱਸਿਆ ਕਿ ਵਿਸ਼ਵ ਕਬੱਡੀ ਕੱਪ ਦਾ ਉਦਘਾਟਨ ਸ. ਸੁਰਜੀਤ ਸਿੰਘ ਟੁੱਟ, ਮਲਕੀਤ ਸਿੰਘ ਬੋਪਾਰਾਏ, ਅਟਾਰਨੀ ਜਸਪ੍ਰੀਤ ਸਿੰਘ ਅਤੇ ਸਾਬਕਾ ਖਿਡਾਰੀ ਮੇਜਰ ਸਿੰਘ ਬੈਂਸ ਕਰਨਗੇ। ਸ. ਗਾਖਲ ਨੇ ਕਿਹਾ ਕਿ ਉਹ ਮਾਣ ਕਰਦੇ ਹਨ ਕਿ ਪਹਿਲਾਂ ਵਾਂਗ ਹੀ ਪਹਿਲਾ ਇਨਾਮ ਡਾਇਮੰਡ ਟਰਾਂਸਪੋਰਟ ਦੇ ਗੁਲਵਿੰਦਰ ਸਿੰਘ ਗਾਖਲ, ਪਿੰਕੀ ਅਤੇ ਨੇਕੀ ਅਟਵਾਲ ਵਲੋਂ ਅਤੇ ਦੂਸਰਾ ਇਨਾਮ ਸਹੋਤਾ ਪਰਿਵਾਰ ਦੇ ਜੁਗਰਾਜ ਸਿੰਘ ਸਹੋਤਾ ਅਤੇ ਨਰਿੰਦਰ ਸਿੰਘ ਸਹੋਤਾ ਆਪਣੇ ਪਿਤਾ ਸ. ਕਸ਼ਮੀਰ ਸਿੰਘ ਸਹੋਤਾ ਦੀ ਯਾਦ ਵਿਚ ਦੇਣਗੇ ਜਦਕਿ ਅੰਡਰ-25 ਵਿਚ ਪਹਿਲਾ ਇਨਾਮ ਪੰਜਾਬ ਨੌਰਦਨ ਕੈਲੇਫੋਰਨੀਆਂ ਕਲੱਬ ਤੇ ਤੱਖਰ ਪਰਿਵਾਰ ਮਰਹੂਮ ਸੰਤੋਖ ਸਿੰਘ ਤੱਖਰ ਦੀ ਯਾਦ ਵਿਚ ਦੇਵੇਗਾ। ਯੂਨੀਅਨ ਸਿਟੀ ਦੇ ਰਾਜਾ ਸਵੀਟਸ ਵਿਚ ਹੋਈ ਮੀਟਿੰਗ ਵਿਚ ਕਲੱਬ ਦੇ ਚੇਅਰਮੈਨ ਮੱਖਣ ਸਿੰਘ ਬੈਂਸ, ਇਕਬਾਲ ਸਿੰਘ ਗਾਖਲ, ਪ੍ਰਧਾਨ ਬਲਵੀਰ ਸਿੰਘ ਭਾਟੀਆ, ਪਲਵਿੰਦਰ ਸਿੰਘ ਗਾਖਲ, ਜੁਗਰਾਜ ਸਿੰਘ ਸਹੋਤਾ ਤੇ ਨਰਿੰਦਰ ਸਿੰਘ ਸਹੋਤਾ ਦੀ ਹਾਜ਼ਰੀ ਵਿਚ ਫੈਸਲਾ ਕੀਤਾ ਗਿਆ ਕਿ ਦਰਸ਼ਕਾਂ ਨੂੰ ਹਰ ਤਰ੍ਹਾਂ ਦੀ ਸਹੂਲਤ ਪ੍ਰਦਾਨ ਕੀਤੀ ਜਾਵੇਗੀ, ਪਾਰਕਿੰਗ ਅਤੇ ਬੈਠਣ ਦਾ ਵਧੀਆ ਪ੍ਰਬੰਧ ਹੋਵੇਗਾ। ਇਸ ਟੂਰਨਾਮੈਂਟ ਨੂੰ ਪੀਟੀਸੀ ਚੈਨਲ ਤੋਂ ਸਿੱਧਾ ਪ੍ਰਸਾਰਿਤ ਕੀਤਾ ਜਾਵੇਗਾ। ਟੂਰਨਾਮੈਂਟ ਦੌਰਾਨ ਬੀਬੀਆਂ, ਬੱਚਿਆਂ, ਬਜ਼ੁਰਗਾਂ ਅਤੇ ਅੰਗਹੀਣਾਂ ਦੇ ਬੈਠਣ ਦਾ ਖਾਸ ਪ੍ਰਬੰਧ ਕੀਤਾ ਜਾਵੇਗਾ। ਟੂਰਨਾਮੈਂਟ ਦੇ ਜਨਰਲ ਸਕੱਤਰ ਅਤੇ ਮੀਡੀਆ ਇੰਚਾਰਜ ਐੱਸ.ਅਸ਼ੋਕ ਭੌਰਾ ਨੇ ਕਿਹਾ ਕਿ ਯੂਨਾਈਟਡ ਸਪੋਰਟਸ ਕਲੱਬ, ਰਾਜਾ ਸਵੀਟਸ, ਗੁਰਦੁਆਰਾ ਸਾਹਿਬ ਫਰੀਮੌਂਟ, ਸੈਨਹੋਜ਼ੇ, ਸਟਾਕਟਨ ਅਤੇ ਸਿੰਘ ਸਭਾ ਮਿਲਪੀਟਸ ਦੇ ਸਹਿਯੋਗ ਨਾਲ ਸਾਰਾ ਦਿਨ ਗੁਰੂ ਕਾ ਅਤੁੱਟ ਲੰਗਰ ਵਰਤੇਗਾ। ਦਰਸ਼ਕਾਂ ਨੂੰ ਹੁੰਮ ਹੁਮਾ ਕੇ ਪਹੁੰਚਣ ਦੀ ਅਪੀਲ ਕਰਦਿਆਂ ਇਸ 14ਵੇਂ ਵਿਸ਼ਵ ਕਬੱਡੀ ਕੱਪ ਦਾ ਹਿੱਸਾ ਬਣਨ ਲਈ ਇਕ ਦਿਨ ਰਾਖਵਾਂ ਰੱਖਣ ਲਈ ਕਿਹਾ ਗਿਆ। ਹੋਰ ਜਾਣਕਾਰੀ ਲਈ ਫੋਨ. ਨੰ: 510-415-3315 'ਤੇ ਸੰਪਰਕ ਕੀਤਾ ਜਾ ਸਕਦਾ ਹੈ।




WHITE HAWK TRUCKING INC

*Need Drivers & Owner Operators*

Dedicated Load (ਪੱਕੇ ਲੋਡ)

Immediate Payment Option

West Coast I-5 Route



• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ

• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires

• Minor to Major Repair • Rebuild Engine Transmission DEF, DPF Cleaning

• Any kind of Road Service • Computer Diagnose

*Call for more Info:*

Phone: (209) 242-9569, (209) 564-8899, (209) 345-6968

2101 MARTIN LUTHER KING JR WAY STOCKTON, CA 95205

## ਸਿੱਖ ਬੀਬੀਆਂ ਨੂੰ ਕਵੀਸ਼ਰੀ ਗਾਉਣ ਦੀ ਸਿਖਲਾਈ ਦੇਵੇਗੀ ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਭਵਿੱਖ ਵਿਚ ਬੀਬੀਆਂ ਨੂੰ ਢਾਡੀ/ਕਵੀਸ਼ਰੀ ਦੀ ਸਿਖਲਾਈ ਦਿਤੀ ਜਾਵੇਗੀ। ਗੁਰੂ ਕੀ ਵਡਾਲੀ ਵਿਖੇ ਪ੍ਰਸਿੱਧ ਢਾਡੀ ਗਿਆਨੀ ਸੋਹਣ ਸਿੰਘ ਸੀਤਲ ਦੇ ਨਾਂ 'ਤੇ ਸਥਾਪਤ ਕੀਤੇ ਗਏ ਪਹਿਲੇ ਢਾਡੀ/ਕਵੀਸ਼ਰ ਗੁਰਮਤਿ ਕਾਲਜ ਦਾ ਉਦਘਾਟਨ ਕਰਨ ਸਮੇਂ ਭਾਈ ਲੌਂਗੋਵਾਲ ਨੇ ਕਿਹਾ ਕਿ ਢਾਡੀ ਕਲਾ ਦਾ ਸਿੱਖ ਧਰਮ ਦੇ ਪ੍ਰਚਾਰ ਅਤੇ ਸਿੱਖਾਂ ਅੰਦਰ ਚੜ੍ਹਦੀ ਕਲਾ ਦਾ ਜਜ਼ਬਾ ਪੈਦਾ ਕਰਨ ਲਈ ਅਹਿਮ ਯੋਗਦਾਨ ਰਿਹਾ ਹੈ। ਇਸ ਕਰਕੇ ਹੁਣ ਸ਼੍ਰੋਮਣੀ ਕਮੇਟੀ ਢਾਡੀ/ਕਵੀਸ਼ਰ ਆਪ ਤਿਆਰ ਕਰ ਕੇ ਉਨ੍ਹਾਂ ਨੂੰ ਵੱਖ-ਵੱਖ ਖੇਤਰਾਂ ਵਿਚ ਧਰਮ ਪ੍ਰਚਾਰ ਕਰਨ ਲਈ ਪਹਿਲ ਦੇ ਆਧਾਰ 'ਤੇ ਨਿਯੁਕਤ ਕਰੇਗੀ।
ਉਨ੍ਹਾਂ ਐਲਾਨ ਕੀਤਾ ਕਿ ਭਵਿੱਖ ਵਿਚ ਇਸ ਢਾਡੀ/ਕਵੀਸ਼ਰ ਕਾਲਜ ਵਿਚ ਬੀਬੀਆਂ ਨੂੰ ਵੀ ਸਿਖਲਾਈ ਦਿਤੀ ਜਾਵੇਗੀ ਅਤੇ ਉਨ੍ਹਾਂ ਲਈ ਇਕ ਵਖਰੇ ਹੋਸਟਲ ਦਾ ਪ੍ਰਬੰਧ ਕੀਤਾ ਜਾਵੇਗਾ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਸਥਾਨਕ ਮੈਂਬਰਾਂ ਨੇ ਭਾਈ ਲੌਂਗੋਵਾਲ ਨੂੰ ਸਨਮਾਨਤ ਵੀ ਕੀਤਾ। ਇਸ ਮੌਕੇ ਗਿਆਨੀ ਬਲਦੇਵ ਸਿੰਘ ਐਮ.ਏ. ਅਤੇ ਗਿਆਨੀ ਗੁਰਮੇਜ ਸਿੰਘ ਸ਼ਹੂਰਾ ਸਮੇਤ ਢਾਡੀ ਕਵੀਸ਼ਰ ਜਥਿਆਂ ਨੇ ਵੀ ਭਾਈ ਲੌਂਗੋਵਾਲ ਨੂੰ ਢਾਡੀ ਸਿਖਲਾਈ ਲਈ ਕਾਲਜ ਖੋਲ੍ਹਣ ਦੀ ਪਹਿਲਕਦਮੀ ਕਰਨ ਬਦਲੇ ਸਨਮਾਨ ਦਿਤਾ।

# ਸਾਬਕਾ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਨੇ ਪੰਜਾਬ ਦੀ ਬਿਹਤਰੀ ਲਈ ਪ੍ਰਵਾਸੀਆਂ ਨੂੰ ਪਾਇਆ ਵਾਸਤਾ



**ਮੈਰੀਲੈਂਡ/ਰਾਜ ਗੋਗਨਾ :**
ਅਕਾਲ ਤਖਤ ਦੇ ਸਾਬਕਾ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਅੱਜ-ਕੱਲ੍ਹ ਅਮਰੀਕਾ ਦੌਰੇ 'ਤੇ ਹਨ । ਉਹ ਜਿੱਥੇ ਪੰਜਾਬ ਬਾਰੇ ਚਿੰਤਤ ਹਨ, ਉੱਥੇ ਪੰਜਾਬ ਦੀ ਨੌਜਵਾਨੀ ਨੂੰ ਬਚਾਉਣ, ਕਿਸਾਨ ਪਰਿਵਾਰਾਂ ਦੀ ਮਦਦ ਅਤੇ ਪਿੰਡਾਂ ਦੀ ਨੁਹਾਰ ਬਦਲਣ ਲਈ ਪ੍ਰਵਾਸੀਆਂ ਨੂੰ ਵਾਸਤਾ ਵੀ ਪਾ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ "ਸਰਕਾਰਾਂ ਅਤੇ ਪ੍ਰਬੰਧਕਾਂ ਦਾ ਵਤੀਰਾ ਸੰਜੀਦਾ ਨਹੀਂ ਹੈ। ਉਨ੍ਹਾਂ ਵਲੋਂ ਸਾਰਥਕ ਕਦਮ ਚੁੱਕਣ ਵੱਲ ਧਿਆਨ ਨਹੀਂ ਦਿੱਤਾ ਜਾ ਰਿਹਾ, ਸਗੋਂ ਸਾਰੇ ਪੰਜਾਬ ਦੇ ਮੁੱਦਿਆਂ ਉਤੇ ਸਿਆਸਤ ਕਰ ਰਹੇ ਹਨ । ਇਸ ਕਰਕੇ ਪੰਜਾਬ ਦੇ ਹਾਲਾਤ ਬਦਤਰ ਹੋ ਗਏ ਹਨ। ਇਸ ਨੂੰ ਮੁੜ ਲੀਹ 'ਤੇ ਲਿਆਉਣ ਲਈ ਪ੍ਰਵਾਸੀ ਹੀ ਕੋਈ ਹੀਲਾ-ਵਸੀਲਾ ਕਰ ਸਕਦੇ ਹਨ, ਜਿਸ ਲਈ ਹਰ ਪੰਜਾਬੀ ਨੂੰ ਆਪਣੇ ਪਿੰਡ, ਮੁਹੱਲੇ, ਸ਼ਹਿਰ ਅਤੇ ਗੁਆਂਢੀ ਦੀ ਸਾਰ ਲੈਣ ਲਈ ਯੋਗ ਕਦਮ ਚੁੱਕਣੇ ਪੈਣਗੇ, ਤਾਂ ਹੀ ਪੰਜਾਬ ਮੁੜ ਬਿਹਤਰ ਹੋ ਸਕਦਾ ਹੈ।"
ਜਸਦੀਪ ਸਿੰਘ ਜੱਸੀ ਚੇਅਰਮੈਨ ਡਾਇਵਰਸਿਟੀ ਗਰੁੱਪ ਟਰੰਪ ਦੀ ਰਿਹਾਇਸ਼ ਤੇ ਹੋਈ ਬੁੱਧੀਜੀਵੀਆਂ ਅਤੇ ਸੰਸਥਾਵਾਂ ਦੇ ਨੁਮਾਇੰਦਿਆਂ ਦੀ ਮੀਟਿੰਗ ਵਿੱਚ ਅਹਿਮ ਵਿਚਾਰਾਂ ਹੋਈਆਂ। ਜਸਦੀਪ ਸਿੰਘ ਜੱਸੀ ਨੇ ਪੰਜਾਬ ਦੀ ਬਿਹਤਰੀ ਦੇ ਹੱਲ ਲਈ ਕੁਝ ਕਰ ਗੁਜ਼ਰਨ ਸਬੰਧੀ ਸਲਾਹ ਮਸ਼ਵਰੇ ਕੀਤੇ। ਉਨ੍ਹਾਂ ਕਿਹਾ ਕਿ ਆਸ ਹੈ ਕਿ ਜੋਗਿੰਦਰ ਸਿੰਘ ਵੇਦਾਂਤੀ ਦੀ ਅਮਰੀਕਾ ਫੇਰੀ ਮੌਕੇ ਵੱਖ-ਵੱਖ ਸ਼ਹਿਰਾਂ ਵਿੱਚ ਕੀਤੀਆਂ ਜਾ ਰਹੀਆਂ ਮੀਟਿੰਗਾਂ ਪੰਜਾਬ ਦੀ ਬਿਹਤਰੀ ਲਈ ਕੋਈ ਨਿਵੇਕਲਾ ਕੰਮ ਕਰਨਗੀਆਂ।
ਮੀਟਿੰਗ ਵਿੱਚ ਭਾਈ ਸ਼ਵਿੰਦਰ ਸਿੰਘ, ਸਾਜਿਦ ਤਰਾਰ ਮੁਸਲਿਮ ਫ਼ਾਰ ਟਰੰਪ, ਬਲਜਿੰਦਰ ਸਿੰਘ ਸ਼ੰਮੀ, ਡਾਕਟਰ ਸੁਰਿੰਦਰ ਸਿੰਘ ਗਿੱਲ , ਗੁਰਚਰਨ ਸਿੰਘ ਵਰਲਡ ਬੈਂਕ, ਪ੍ਰਿਤਪਾਲ ਸਿੰਘ ਲੱਕੀ, ਮਨਜੀਤ ਸਿੰਘ ਕੈਰੋਂ, ਬਲਦੇਵ ਸਿੰਘ , ਸਿਰਦਾਰ ਸਿੰਘ ਇੰਜੀ, ਆਤਮਾ ਸਿੰਘ ਨਿਊਜਰਸੀ, ਸੋਨੀ ਪਿਰਥੀਪਾਲ ਸਿੰਘ, ਜਾਪ ਸਿੰਘ, ਦਲਵੀਰ ਸਿੰਘ ਅਤੇ ਮਨਿੰਦਰ ਸਿੰਘ ਸੇਠੀ ਸ਼ਾਮਲ ਹੋਏ।ਸਭ ਨੇ ਪੰਜਾਬ ਪ੍ਰਤੀ ਚਿੰਤਾ ਜਤਾਈ ਤੇ ਜਸਦੀਪ ਸਿੰਘ ਜੱਸੀ ਦੀ ਅਗਵਾਈ ਵਿਚ ਪੰਜਾਬ ਦੀ ਬਿਹਤਰੀ ਲਈ ਕਦਮ ਚੁੱਕਣ ਦਾ ਵਾਅਦਾ ਕੀਤਾ। ਇਸ ਦੀ ਪਹਿਲਕਦਮੀ ਦੇ ਤੌਰ 'ਤੇ ਗਰੀਬ ਕਿਸਾਨਾਂ ਦੇ ਪਰਿਵਾਰਾਂ ਤੇ ਉਨ੍ਹਾਂ ਦੇ ਬੱਚਿਆਂ ਨੂੰ ਮਦਦ ਦੇਣ ਦੀ ਲਿਸਟ ਵਿਚ ਸ਼ਾਮਲ ਕੀਤਾ ਗਿਆ ਹੈ।ਇਸ ਲਈ ਇਕ ਵਫ਼ਦ ਨਵੰਬਰ ਵਿਚ ਪੰਜਾਬ ਜਾਵੇਗਾ।

# ਜੀਐਚਜੀ. ਅਕੈਡਮੀ ਵੱਲੋਂ ਸਲਾਨਾ ਅੰਤਰ-ਰਾਸ਼ਟਰੀ ਯੁਵਕ ਮੇਲੇ 'ਤੇ ਲੱਗੀਆਂ ਰੌਣਕਾਂ







**ਫਰਿਜ਼ਨੋ/ਕੁਲਵੰਤ ਧਾਲੀਆਂ / ਨੀਟਾ ਮਾਛੀਕੇ) :**
ਜੀਐਚਜੀ. ਡਾਂਸ ਅਤੇ ਸੰਗੀਤ ਅਕੈਡਮੀ ਫਰਿਜ਼ਨੋ ਵੱਲੋਂ ਦਸਵਾਂ ਸਲਾਨਾ ਅੰਤਰ-ਰਾਸ਼ਟਰੀ ਯੁਵਕ ਮੇਲਾ ਫਰਿਜ਼ਨੋ ਦੇ ਸੈਂਟਰਲ ਹਾਈ ਸਕੂਲ 'ਚ ਕਰਵਾਇਆਿ ਗਆ। ਇਸ ਤੋਂ ਪਹਿਲਾ ਅਕੈਡਮੀ ਵੱਲੋਂ ਦੋ ਹਫਤੇ ਦੇ ਕੈਂਪ ਵਿਚ 600 ਤੋਂ ਵੱਧ ਬੱਚਿਆਂ ਨੂੰ ਮੁਫਤ ਗਿੱਧੇ ਅਤੇ ਭੰਗੜੇ ਦੀ ਸਿਖਲਾਈ ਮਾਹਰ ਕੋਚਾਂ ਦੁਆਰਾ ਦਿੱਤੀ ਗਈ। ਜਿੱਥੇ ਬੱਚਿਆਂ ਨੇ ਦੋ ਹਫ਼ਤੇ ਘਰ ਦੀ ਚਾਰਦੀਵਾਰੀ ਅਤੇ ਵੀਡੀਓ ਗੇਮਾਂ ਵਰਗੇ ਰੁਝੇਵੇਂ 'ਚੋਂ ਬਾਹਰ ਨਿਕਲ ਆਪਣੇ ਸੱਭਿਆਚਾਰ, ਗਿੱਧੇ ਅਤੇ ਭੰਗੜੇ ਨੂੰ ਸਿੱਖਿਆ, ਉੱਥੇ ਉਨ੍ਹਾਂ ਦੇ ਮਾਪਿਆ ਨੇ ਵੀ ਇਸ ਸੁਭ ਕਾਰਜ ਲਈ ਭਾਰੀ ਉਤਸ਼ਾਹ ਦਿਖਾਇਆ। ਕੈਂਪ ਦੇ ਆਖਰੀ ਦਿਨ ਇਥੇ ਸਿਖਿਅਤ ਬੱਚਿਆਂ ਦੀਆਂ ਗਿੱਧੇ ਅਤੇ ਭੰਗੜੇ ਦੀਆਂ 27 ਟੀਮਾਂ ਨੇ ਆਪਣੀ ਕਲਾ ਦਾ ਸਟੇਜ ਤੋਂ ਖ਼ੂਬਸੂਰਤ ਪ੍ਰਦਰਸ਼ਨ ਕੀਤਾ। ਇਸ ਤੋਂ ਇਲਾਵਾ ਵਿਸ਼ੇਸ਼ ਤੌਰ 'ਤੇ ਲੜਕੀਆਂ ਦੁਆਰਾ ਖੁਦ ਬੋਲੀਆਂ ਪਾ ਕੇ ਪਰੰਪਰਾਗਤ ਗਿੱਧਾ ਟੀਮ 'ਧੀਆਂ ਪੰਜਾਬ ਦੀਆਂ' ਦੀ ਖਾਸ ਪੇਸ਼ਕਸ਼ ਸਲਾਹੁਣਯੋਗ ਸੀ। ਤਰਨਜੀਤ ਕਲੇਰ ਦੁਆਰਾ ਤਿਆਰ 'ਮਾਂਵਾਂ ਦਾ ਗਿੱਧਾ' ਦੇ ਇਕ ਗਰੁੱਪ ਅਤੇ ਫਰਿਜ਼ਨੋ ਦੇ ਬਾਬਿਆਂ ਨੇ ਨੌਜਵਾਨਾਂ ਨਾਲ ਰਲ ਪਾਏ 'ਮਲਵਈ ਗਿੱਧੇ' ਨੇ ਸਟੇਜ 'ਤੇ ਖ਼ੂਬ ਮਨੋਰੰਜਨ ਕੀਤਾ। ਅੰਤਰ-ਰਾਸ਼ਟਰੀ ਮੁਕਾਬਲੇ ਵਿਚ 'ਸ਼ਾਨੇ ਪੰਜਾਬ' ਗੋਲਡਨ ਬੁਆਏ ਸਰੀ, ਕਨੇਡਾ ਦੀ ਟੀਮ ਪਹਿਲੇ ਸਥਾਨ 'ਤੇ ਰਹੀ। ਦੂਜੇ ਸਥਾਨ ਉਤੇ 'ਚੜਦੀ ਜਵਾਨੀ' ਫਰਿਜ਼ਨੋ, ਕੈਲੀਫੋਰਨੀਆਂ ਅਤੇ 'ਪੰਜਾਬੀ ਫੋਕ ਡਾਂਸ ਅਕੈਡਮੀ' ਐਡਮਿੰਟਨ, ਕਨੇਡਾ ਦੀਆਂ ਟੀਮਾਂ ਦੇ ਨਾਂ ਸਾਮਲ ਹਨ। ਤੀਸਰੇ

ਬਾਕੀ ਸਫ਼ਾ 30 'ਤੇ

A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630
6120 Faith Home Rd Ceres, CA 95307
TAX ID #32-0065398
ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ
TOLL FREE 888.725.7441 OFFICE : 209.537.0975 FAX : 209.537.0375

# 500 ਸਿੱਖ ਮੁੰਡੇ ਮਾਰਨ ਦਾ ਦਾਅਵਾ ਕਰਨ ਵਾਲਾ ਸਾਬਕਾ ਐਸਐਸਪੀ ਸ਼ਿਵ ਕੁਮਾਰ ਫਰਾਰ

*• 20 ਰੁਪਏ ਦੇ ਚੱਕਰ ਵਿੱਚ ਪਟਵਾਰੀ ਨਾਲ ਪਾਈ ਦੁਸ਼ਮਣੀ ਪਈ ਮਹਿੰਗੀ • ਸੈਣੀ ਦੀ ਜੁੰਡਲੀ ਦੇ ਹਨ ਇਹ ਬੁੱਚੜ ਪੁਲੀਸ ਅ.ਫਸਰ ਜਿਨ੍ਹਾਂ ਗੁਰਸਿੱਖ ਪਟਵਾਰੀ ਮੋਹਨ ਸਿੰਘ 'ਤੇ ਤਸ਼ੱਦਦ ਢਾਹਿਆ*

**ਚੰਡੀਗੜ੍ਹ/ਬਿਊਰੋ ਨਿਊਜ਼ :** ਪਟਿਆਲਾ ਵਿੱਚ ਤੈਨਾਤ ਰਹੇ ਸਾਬਕਾ ਐਸਐਸਪੀ ਸ਼ਿਵ ਕੁਮਾਰ ਸ਼ਰਮਾ ਨੂੰ ਹੁਣ ਲੈਣੇ ਦੇ ਦੇਣੇ ਪੈ ਰਹੇ ਹਨ । ਉਸ ਖਿਲਾਫ ਦਰਜ ਪਰਚੇ ਵਿਚ ਧਾਰਾਵਾਂ ਦਾ ਵਾਧਾ ਕਰਕੇ ਪੁਲਿਸ ਨੇ ਉਸ ਨੂੰ ਗ੍ਰਿਫਤਾਰ ਕਰਨ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ ਹੈ। ਇਹ ਪਰਚਾ ਸਦਰ ਥਾਣਾ ਫ਼ਿਰੋਜ਼ਪੁਰ ਵਿੱਚ ਜਾਂਚ ਤੋਂ ਬਾਅਦ ਦਰਜ ਕੀਤਾ ਗਿਆ ਸੀ। ਸ਼ਿਵ ਕੁਮਾਰ ਸ਼ਰਮਾ ਖਿਲਾਫ ਪੁਲਿਸ ਨੇ ਲੁੱਕ ਆਊਟ ਨੋਟਿਸ ਵੀ ਜਾਰੀ ਕੀਤਾ ਹੈ ਤਾਂ ਕਿ ਉਹ ਵਿਦੇਸ਼ ਨਾ ਦੌੜ ਜਾਵੇ। ਇਸ ਮਾਮਲੇ ਬਾਰੇ ਪਟਿਆਲਾ ਵਾਸੀ ਪਟਵਾਰੀ ਮੋਹਨ ਸਿੰਘ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਸਾਲ ਪਹਿਲਾਂ ਸ਼ਿਕਾਇਤ ਕੀਤੀ ਸੀ । ਸ਼ਿਵ ਕੁਮਾਰ ਖ਼ਿਲਾਫ਼ ਸਰਕਾਰੀ ਮੁਲਾਜ਼ਮ ਨੂੰ ਝੂਠੇ ਕੇਸ ਵਿੱਚ ਫਸਾਉਣ , ਧਾਰਮਿਕ ਭਾਵਨਾਵਾਂ ਦੀ ਠੇਸ ਪਹੁੰਚਾਉਣ , ਕੁਰੱਪਸ਼ਨ ਦਾ ਝੂਠਾ ਪਰਚਾ ਦਰਜ ਕਰਨ, ਪੁਲਿਸ ਤਸ਼ੱਦਦ ਕਰਨ , ਗੁੰਮਨਾਮ ਝੂਠੀਆਂ ਸ਼ਿਕਾਇਤਾਂ ਦੇ ਆਧਾਰ 'ਤੇ ਪ੍ਰੇਸ਼ਾਨ ਕਰਨ ਦੇ ਦੋਸ਼ਾਂ ਤਹਿਤ ਵੱਖ ਵੱਖ ਧਾਰਾਵਾਂ ਅਧੀਨ ਪਰਚਾ ਦਰਜ ਕੀਤਾ ਗਿਆ ਹੈ। ਸਾਬਕਾ ਐਸਐਸਪੀ ਸ਼ਿਵ ਕੁਮਾਰ ਨੇ ਪਟਵਾਰੀ ਮੋਹਨ ਸਿੰਘ ਨੂੰ ਦਬਕਾ ਮਾਰ ਕੇ ਕਿਹਾ ਸੀ ਕਿ ਉਸ ਨੇ ਤਾਂ ਪੰਜ ਸੌ ਮੁੰਡੇ ਮਾਰੇ ਹਨ ਤੂੰ ਫਰਦ ਵੱਟੇ ਵੀਹ ਰੁਪਏ ਕਿਉਂ ਲਏ ਹਨ ? ਆਈ ਜੀ ਗੁਰਿੰਦਰ ਸਿੰਘ ਢਿੱਲੋਂ ਨੇ ਇਸ ਮਾਮਲੇ ਬਾਰੇ ਪਹਿਲਾਂ ਸਿੱਟ ਕਾਇਮ ਕੀਤੀ ਸੀ। ਸਪੈਸ਼ਲ ਇਨਵੈਸਟੀਗੇਸ਼ਨ ਟੀਮ ਦੀ ਪੜਤਾਲ ਤੋਂ ਬਾਅਦ ਪਹਿਲਾਂ ਦਰਜ ਪਰਚੇ ਵਿਚ ਕਈ ਧਾਰਾਵਾਂ ਦਾ ਵਾਧਾ ਕੀਤਾ ਗਿਆ ਹੈ । ਸ਼ਿਵ ਕੁਮਾਰ ਦੀਆਂ ਲੁਧਿਆਣਾ ਸਥਿਤ ਦੋ ਕੋਠੀਆਂ ਅਤੇ ਫਤਿਹਗੜ੍ਹ ਸਾਹਿਬ ਦੇ ਪਿੰਡ ਰੁੜਕੀ ਦੇ ਫਾਰਮ ਹਾਊਸ ਵਿੱਚ



ਫ਼ਿਰੋਜ਼ਪੁਰ ਪੁਲਿਸ ਬੀਤੇ ਦਿਨ ਛਾਪੇਮਾਰੀ ਕੀਤੀ । ਸੂਤਰਾਂ ਅਨੁਸਾਰ ਸ਼ਿਵ ਕੁਮਾਰ ਦੇ ਘਰੋਂ ਮੋਟਾ ਨਾਮਾ ਵੀ ਮਿਲਿਆ ਹੈ।

ਸ਼ਿਵ ਕੁਮਾਰ ਅਤੇ ਉਸ ਦੇ ਸਾਥੀਆਂ ਖਿਲਾਫ 23 ਅਗਸਤ 2012 ਨੂੰ ਪਰਚਾ ਦਰਜ ਕੀਤਾ ਗਿਆ ਸੀ। ਉਸ ਵੇਲੇ ਦੇ ਜਾਂਚ ਅਧਿਕਾਰੀ ਐਸਪੀ (ਡੀ) ਰਘਬੀਰ ਸਿੰਘ ਖ਼ਿਲਾਫ਼ ਵੀ ਵਿਭਾਗੀ ਜਾਂਚ ਸ਼ੁਰੂ ਹੋ ਗਈ ਹੈ ਕਿਉਂਕਿ ਰਘਬੀਰ ਸਿੰਘ ਨੇ ਮਾਮਲਾ ਦਬਾ ਦਿੱਤਾ ਸੀ । ਅਸਲ ਵਿੱਚ ਪਟਵਾਰੀ ਮੋਹਨ ਸਿੰਘ ਨੂੰ ਪ੍ਰੇਸ਼ਾਨ ਤੇ ਦੁਖੀ ਕਰਨ ਵਾਲੇ ਅਧਿਕਾਰੀ ਸਾਬਕਾ ਡੀਜੀਪੀ ਸੁਮੇਧ ਸਿੰਘ ਸੈਣੀ ਦੀ ਜੁੰਡਲੀ ਦੇ ਬੰਦੇ ਮੰਨੇ ਜਾਂਦੇ ਹਨ ਜਿਨ੍ਹਾਂ ਵਿੱਚੋਂ ਸਾਬਕਾ ਪੁਲਿਸ ਅਧਿਕਾਰੀ ਬਨਾਰਸੀ ਦਾਸ, ਸੁਰਿੰਦਰ ਪਾਲ ਸਿੰਘ ਵਿਰਕ, ਸੁਰਜੀਤ ਸਿੰਘ ਗਰੇਵਾਲ ਸ਼ਿਵ ਕੁਮਾਰ ਸ਼ਰਮਾ ਅਤੇ ਮੌਜੂਦਾ ਪੁਲਿਸ ਅਧਿਕਾਰੀ ਜਸਪਾਲ ਸਿੰਘ ਅਤੇ ਈਸ਼ਰ ਸਿੰਘ ਦੇ ਨਾਮ ਸ਼ਾਮਲ ਹਨ । ਇਸ ਜੁੰਡਲੀ ਦਾ ਸਭ ਤੋਂ ਬਦਨਾਮ ਪੁਲਿਸ ਅਧਿਕਾਰੀ ਜੇਲ੍ਹ ਵਿੱਚ ਬੰਦ ਹੈ ਜਿਸ ਨੇ ਦਸ ਕਰੋੜ ਤੋਂ ਵੱਧ ਦੀ ਨਾਜਾਇਜ਼ ਜਾਇਦਾਦ ਬਣਾਈ ਸੀ।

## ਕੀ ਹੈ ਮਾਮਲਾ ?

ਸਾਲ 2009 ਵਿਚ ਐੱਸਐੱਸਪੀ. ਵਿਜੀਲੈਂਸ ਬਿਊਰੋ ਪਟਿਆਲਾ ਸ਼ਿਵ ਕੁਮਾਰ ਸ਼ਰਮਾ ਨੇ ਹਲਕਾ ਫਤਿਹਗੜ੍ਹ ਸਾਹਿਬ ਦੇ ਪਟਵਾਰੀ ਮੋਹਨ ਸਿੰਘ ਖਿਲਾਫ ਭ੍ਰਿਸ਼ਟਾਚਾਰ ਐਕਟ ਦੇ ਅਧੀਨ ਪਰਚਾ ਦਰਜ ਕੀਤਾ ਸੀ। ਇਸ ਮਾਮਲੇ ਨੂੰ ਗਲਤ ਠਹਿਰਾਉਂਦੇ ਹੋਏ ਪਟਵਾਰੀ ਮੋਹਨ ਸਿੰਘ ਨੇ ਸਾਲ 2012 ਵਿਚ ਇਸ ਦੀ ਜਾਂਚ ਦੀ ਮੰਗ ਕੀਤੀ ਸੀ। ਪੁਲਸ ਅਧਿਕਾਰੀਆਂ ਅਨੁਸਾਰ ਇਸ ਮਾਮਲੇ ਦੀ ਉੱਚ ਆਈ. ਏ. ਐੱਸ. ਅਧਿਕਾਰੀ ਕਾਹਨ ਸਿੰਘ ਪੰਨੂ ਵੱਲੋਂ ਕੀਤੀ ਗਈ ਜਾਂਚ ਵਿਚ ਸਾਹਮਣੇ ਆਇਆ ਕਿ ਉਕਤ ਪਟਵਾਰੀ ਖਿਲਾਫ ਵਿਜੀਲੈਂਸ ਬਿਊਰੋ ਵੱਲੋਂ ਗਲਤ ਪਰਚਾ ਦਰਜ ਕੀਤਾ ਗਿਆ ਹੈ ਤੇ ਇਸ ਸਬੰਧੀ 226 ਪੇਜ ਦੀ ਡੀਡੀਆਰ. ਰਿਪੋਰਟ ਬਣਾ ਕੇ ਸਰਕਾਰ ਨੂੰ ਸੌਂਪੀ ਗਈ ਸੀ। ਸੂਤਰਾਂ ਅਨੁਸਾਰ ਆਪਣੇ ਅਸਰ ਰਸੂਖ ਕਾਰਨ ਐੱਸਐੱਸਪੀ. ਸ਼ਿਵ ਕੁਮਾਰ ਸ਼ਰਮਾ ਨੇ ਜਾਂਚ ਰਿਪੋਰਟ ਨੂੰ ਅੱਗੇ ਨਹੀਂ ਵਧਣ ਦਿੱਤਾ ਤੇ ਅੱਜ ਤੱਕ ਉਸ ਦੇ ਖਿਲਾਫ ਕਾਰਵਾਈ ਨਹੀਂ ਹੋਈ। ਇਨਸਾਫ ਨਾ ਮਿਲਦਾ ਦੇਖ ਅਕਤੂਬਰ 2017 ਵਿਚ ਪਟਵਾਰੀ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪੱਤਰ ਲਿਖ ਕੇ ਦੁਬਾਰਾ ਜਾਂਚ ਕਰਵਾਉਣ ਦੀ ਮੰਗ ਕੀਤੀ। ਪੰਜਾਬ ਵਿਜੀਲੈਂਸ ਬਿਊਰੋ ਦੇ ਮੁੱਖ ਡਾਇਰੈਕਟਰ ਵੱਲੋਂ ਆਈਜੀ. ਫਿਰੋਜ਼ਪੁਰ ਨੂੰ ਕੇਸ ਦੀ ਇਨਕੁਆਰੀ ਸੌਂਪੀ ਗਈ, ਜਿਸ ਦੀ ਪੜਤਾਲ ਵਿਚ ਸਾਬਕਾ ਐੱਸਐੱਸਪੀ. ਵਿਜੀਲੈਂਸ ਬਿਊਰੋ ਸ਼ਿਵ ਕੁਮਾਰ ਸ਼ਰਮਾ 'ਤੇ 2012 ਵਿਚ ਦਰਜ ਮਾਮਲੇ ਵਿਚ ਧਾਰਾਵਾਂ ਦਾ ਵਾਧਾ ਕਰਦੇ ਹੋਏ 377 ਤੇ 511 ਜੋੜੀਆਂ ਗਈਆਂ ਹਨ। ਪਟਵਾਰੀ ਮੋਹਨ ਸਿੰਘ ਨੇ ਐੱਸਆਈਟੀ. ਨੂੰ ਬਿਆਨ ਦਰਜ ਕਰਵਾਏ ਸਨ ਕਿ ਸ਼ਿਵ ਕੁਮਾਰ ਸ਼ਰਮਾ ਦੇ ਕਹਿਣ 'ਤੇ ਉਸ 'ਤੇ ਤਸ਼ੱਦਦ ਢਾਹੁਣ ਵਿਚ ਸਾਬਕਾ ਐੱਸਐੱਸਪੀ. ਐੱਸਐੱਸ. ਗਰੇਵਾਲ ਦਾ ਅਹਿਮ ਰੋਲ ਹੈ।



ਪਟਵਾਰੀ ਮੋਹਨ ਸਿੰਘ ਆਪਣੀ ਹੱਡਬੀਤੀ ਸੁਣਾਉਂਦਾ ਹੋਇਆ।

## ਸਾਬਕਾ ਐੱਸਐੱਸਪੀ. ਗਰੇਵਾਲ ਦਾ ਅਦਾਲਤ ਨੇ ਦਿੱਤਾ ਪੁਲਸ ਰਿਮਾਂਡ

ਪੰਜਾਬ ਪੁਲਸ ਦੀ ਸਪੈਸ਼ਲ ਇਨਵੈਸਟੀਗੇਸ਼ਨ ਟੀਮ ਨੇ ਪਟਵਾਰੀ ਰਿਸ਼ਵਤ ਕਾਂਡ ਮਾਮਲੇ ਵਿਚ ਸਾਬਕਾ ਐੱਸਐੱਸਪੀ. ਗਰੇਵਾਲ ਨੂੰ ਫਿਰੋਜ਼ਪੁਰ ਦੀ ਅਦਾਲਤ ਵਿਚ ਪੇਸ਼ ਕੀਤਾ। ਵਿਜੀਲੈਂਸ ਬਿਊਰੋ ਦੇ ਸਾਬਕਾ ਐੱਸਐੱਸਪੀ. ਸ਼ਿਵ ਕੁਮਾਰ ਸ਼ਰਮਾ ਵੱਲੋਂ ਸ਼ਕਤੀਆਂ ਦੀ ਦੁਰਵਰਤੋਂ ਕਰ ਕੇ ਪਟਵਾਰੀ 'ਤੇ ਪਰਚਾ ਦਰਜ ਕਰਵਾਉਣ ਦੇ ਮਾਮਲੇ ਵਿਚ ਗਰੇਵਾਲ ਦਾ ਨਾਂ ਵੀ ਜਾਂਚ ਵਿਚ ਆਇਆ ਸੀ। ਆਮਦਨ ਤੋਂ ਜ਼ਿਆਦਾ ਜਾਇਦਾਦ ਬਣਾਉਣ ਦੇ ਮਾਮਲੇ ਵਿਚ ਐੱਸਐੱਸ. ਗਰੇਵਾਲ ਨੇ ਅਪ੍ਰੈਲ 2018 ਵਿਚ ਖੁਦ ਕੋਰਟ ਨੂੰ ਆਤਮ ਸਮਰਪਣ ਕੀਤਾ ਸੀ ਤੇ ਇਸ ਸਮੇਂ ਉਹ ਪਟਿਆਲਾ ਜੇਲ ਵਿਚ ਹੈ। ਪਟਵਾਰੀ ਰਿਸ਼ਵਤ ਮਾਮਲੇ ਦੀ ਜਾਂਚ ਕਰ ਰਹੀ ਐੱਸਆਈਟੀ. ਉਨ੍ਹਾਂ ਨੂੰ ਪ੍ਰੋਡਕਸ਼ਨ ਵਾਰੰਟ 'ਤੇ ਫਿਰੋਜ਼ਪੁਰ ਲੈ ਕੇ ਆਈ ਤੇ ਐਡੀਸ਼ਨਲ ਸਿਵਲ ਜੱਜ ਸੀਨੀਅਰ ਡਵੀਜ਼ਨ ਮਹੇਸ਼ ਕੁਮਾਰ ਦੀ ਅਦਾਲਤ ਵਿਚ ਪੇਸ਼ ਕੀਤਾ, ਜਿਥੇ ਗਰੇਵਾਲ ਨੂੰ ਇਕ ਦਿਨ ਦੇ ਪੁਲਸ ਰਿਮਾਂਡ 'ਤੇ ਭੇਜਿਆ ਗਿਆ ਹੈ।

HOTHI FREIGHTLINES
HOTHI FREIGHTLINES
ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।
• California to Michigan, New Jersey Florida & Texas • Dedicated Load (ਪੱਕੇ ਲੋਡ)




ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ
ਗੁਰਜੀਤ ਸਿੰਘ ਹੋਠੀ (408) 332-9355
248 South Hillview Dr Milpitas CA 95035


Corporate Office
4127 Bay Street, Suite 8
Fremont, CA 94538
Email: asrtimes@gmail.com
ਵਧੇਰੇ ਜਾਣਕਾਰੀ ਤੇ ਖਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

### ਆਖਰ ਇਸ 'ਚੰਦੂ' ਦਾ ਮਾਜਰਾ ਕੀ ਹੈ...

# ਸ਼੍ਰੋਮਣੀ ਅਕਾਲੀ ਦਲ ਬਰਗਾੜੀ ਮੋਰਚੇ 'ਤੇ ਕਿਉਂ ਭੜਕਿਆ ?

## ਬਰਗਾੜੀ ਧਰਨੇ ਤੋਂ ਘਬਰਾ ਕੇ ਅਕਾਲੀ ਦਲ ਨੇ ਦੋਸ਼ ਲਗਾਏ ਕਿ ਬਰਗਾੜੀ ਧਰਨੇ ਦੇ ਪ੍ਰਬੰਧਕਾਂ ਨੂੰ ਵਿਦੇਸ਼ਾਂ ਤੋਂ ਹੋ ਰਹੀ ਏ ਫੰਡਿੰਗ

**ਹੁਸ਼ਿਆਰਪੁਰ/ਬਿਊਰੋ ਨਿਊਜ਼ :**
ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲਿਆਂ ਨੂੰ ਲੈ ਕੇ ਬਰਗਾੜੀ ਵਿੱਚ ਲਗਾਏ ਗਏ ਮੋਰਚੇ ਨੂੰ ਹੋ ਰਹੀ ਵਿਦੇਸ਼ੀ ਫੰਡਿੰਗ ਦੇ ਖੁਲਾਸੇ ਦੇ ਬਾਅਦ ਇਹ ਮਾਮਲਾ ਅਕਾਲੀ ਦਲ ਦੀ ਕੋਰ ਕਮੇਟੀ ਦੀ ਮੀਟਿੰਗ ਵਿਚ ਉੱਠਿਆ । ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਹਰਚਰਨ ਸਿੰਘ ਬੈਂਸ ਵੱਲੋਂ ਜਾਰੀ ਇਸ਼ਤਿਹਾਰ ਵਿੱਚ ਪਾਰਟੀ ਨੇ ਇਲਜ਼ਾਮ ਲਗਾਇਆ ਕਿ ਸਰਕਾਰ ਦੇ ਬਰਗਾੜੀ ਵਿੱਚ ਧਰਨੇ ਉੱਤੇ ਬੈਠੇ ਹੋਏ ਸਮਾਨਾਂਤਰ ਜਥੇਦਾਰਾਂ ਨੂੰ ਵਿਦੇਸ਼ਾਂ ਤੋਂ ਹੋ ਰਹੀ ਫੰਡਿੰਗ ਦੇ ਮਾਮਲੇ ਵਿੱਚ ਚੁੱਪੀ ਸਾਧਣ ਤੋਂ ਸਾਫ਼ ਹੈ ਕਿ ਧਰਨਾ ਸਰਕਾਰ ਦੀ ਸ਼ਹਿ ਉੱਤੇ ਹੀ ਲੱਗਿਆ ਹੈ।

ਉਨ੍ਹਾਂ ਨੇ ਇਲਜ਼ਾਮ ਲਗਾਇਆ ਕਿ ਕਾਂਗਰਸ ਪੰਜਾਬ ਵਿੱਚ ਇੱਕ ਵਾਰ ਫਿਰ ਭਰਾ ਨੂੰ ਭਰਾ ਨਾਲ ਲੜਵਾਉਣ , ਫਿਰਕੂ ਏਕਤਾ ਨੂੰ ਭੰਗ ਕਰ ਸੂਬੇ ਦੇ ਅਮਨ ਨੂੰ ਭੰਗ ਕਰਨ ਦੀ ਸਾਜਿਸ਼ ਰਚ ਰਹੀ ਹੈ। ਕੋਰ ਕਮੇਟੀ ਵੱਲੋਂ ਪਾਸ ਕੀਤੇ ਗਏ ਪ੍ਰਸਤਾਵ ਵਿੱਚ ਅਕਾਲੀ ਦਲ ਨੇ ਇਲਜ਼ਾਮ ਲਗਾਇਆ ਕਿ ਬਰਗਾੜੀ ਵਿੱਚ ਲੱਗਿਆ ਅਜਿਹਾ ਪਹਿਲਾ ਧਰਨਾ ਹੈ ਜੋ ਸਰਕਾਰ ਦੇ ਖਿਲਾਫ ਹੈ ਅਤੇ ਉਸ ਦਾ ਸਾਰਾ ਇੰਤਜ਼ਾਮ ਅਤੇ ਖਰਚ ਵੀ ਸਰਕਾਰ ਹੀ ਕਰ ਰਹੀ ਹੈ । ਇੱਥੇ ਤੱਕ ਕਿ ਜੋ ਲੋਕ ਧਰਨੇ ਵਿੱਚ ਸ਼ਾਮਿਲ ਹੋ ਰਹੇ ਹਨ, ਉਨ੍ਹਾਂ ਨੂੰ ਵੀ ਸੱਤਾਧਾਰੀ ਪਾਰਟੀ ਦੇ ਲੋਕ ਹੀ ਲੈ ਕੇ ਆ ਰਹੇ ਹਨ। ਅਕਾਲੀ ਦਲ ਨੇ ਕਿਹਾ ਕਿ ਇਸ ਧਰਨੇ ਦਾ ਪਹਿਲਾ ਉਦੇਸ਼ ਖਾਲਸਾ ਪੰਥ ਦੀਆਂ ਮਹਾਨ ਪਰੰਪਰਾਵਾਂ, ਸੰਸਥਾਵਾਂ ਅਤੇ ਜੱਥੇਬੰਦੀਆਂ ਨੂੰ ਨੁਕਸਾਨ ਪੰਹੁਚਾਉਣਾ ਹੈ ਤੇ ਸਰਕਾਰ ਇਹ ਡਰਾਮਾ ਇਸ ਲਈ ਵੀ ਕਰ ਰਹੀ ਹੈ, ਕਿਉਂਕਿ



ਲੋਕਾਂ ਦਾ ਧਿਆਨ ਦੂਜੇ ਮੁੱਦਿਆਂ ਤੋਂ ਹਟ ਸਕੇ । ਕੋਰ ਕਮੇਟੀ ਵਿੱਚ ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਸਿੰਘ ਬਾਦਲ ਨੇ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਕਾਂਗਰਸ ਦੀ ਚਾਲ ਤੋਂ ਬਚ ਕੇ ਰਹਿਣ। ਉਥੇ ਹੀ ਅਕਾਲੀ ਦਲ ਦੇ ਦੋਸ਼ਾਂ ਸਬੰਧੀ ਕਾਂਗਰਸ ਦੇ ਬੁਲਾਰੇ ਡਾ. ਰਾਜਕੁਮਾਰ ਵੇਰਕਾ ਦਾ ਕਹਿਣਾ ਹੈ ਕਿ ਇਹ ਮਾਮਲਾ ਕੇਂਦਰ ਦਾ ਹੈ, ਕਿਉਂਕਿ ਇਹ ਜਾਂਚ ਆਈਬੀ, ਈਡੀ ਵਰਗੀ ਏਜੰਸੀਆਂ ਹੀ ਕਰ ਸਕਦੀਆਂ ਹਨ। ਵੇਰਕਾ ਨੇ ਨਾਲ ਹੀ ਕਿਹਾ ਕਿ ਮੁੱਖ ਮੰਤਰੀ ਪਹਿਲਾਂ ਹੀ ਘਰੇਲੂ ਮੰਤਰੀ ਰਾਜਨਾਥ ਸਿੰਘ ਨੂੰ ਪੱਤਰ ਲਿਖ ਕੇ ਸੂਚਿਤ ਕਰ ਚੁੱਕੇ ਹਨ ਅਤੇ ਅਜਿਹੇ ਲੋਕਾਂ ਉੱਤੇ ਪਰਚੇ ਦਰਜ ਕੀਤੇ ਜਾਣ ਜੋ ਪੰਜਾਬ ਵਿੱਚ ਮਾਹੌਲ ਖ਼ਰਾਬ ਕਰਨ ਲਈ ਫੰਡਿੰਗ ਕਰ ਰਹੇ ਹਨ। ਸਰਕਾਰ ਨੇ ਮੋਰਚੇ ਦੀਆਂ ਤਿੰਨ ਮੰਗਾਂ ਵਿੱਚੋਂ ਦੋ ਮੰਗਾਂ ਮੰਨੇ ਜਾਣ ਬਾਰੇ ਮੋਰਚੇ ਦੇ ਪ੍ਰਬੰਧਕਾਂ ਨੂੰ ਸੂਚਿਤ ਕਰ ਦਿੱਤਾ ਹੈ।

**ਚੰਦੂਮਾਜਰਾ ਪੰਥ ਦੇ ਵਿਰੋਧ 'ਚ :** ਅਨੰਦਪੁਰ ਸਾਹਿਬ ਲੋਕ ਸਭਾ ਹਲਕੇ ਤੋਂ ਬਾਦਲ ਦਲ ਦੇ ਮੈਂਬਰ ਪਾਰਲੀਮੈਂਟ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਬਰਗਾੜੀ ਵਿਖੇ ਚੱਲ ਰਹੇ ਇਨਸਾਫ ਮੋਰਚੇ ਨੂੰ ਪੰਜਾਬ ਦੇ ਸ਼ਾਂਤਮਈ ਮਾਹੌਲ ਲਈ ਖਤਰਾ ਦੱਸਿਆ ਹੈ। ਸ਼ੋਸ਼ਲ ਮੀਡੀਆ ਤੇ ਵਟਸਐਪ ਤੇ ਪ੍ਰੋ. ਚੰਦੂਮਾਜਰਾ ਦੀ ਇੱਕ ਵੀਡੀਓ ਵਾਇਰਲ ਹੋ ਰਹੀ ਹੈ, ਜੋ ਲੋਕ ਸਭਾ ਵਿੱਚ ਉਨ੍ਹਾਂ ਦੁਆਰਾ ਬਰਗਾੜੀ ਮੋਰਚੇ ਦੇ ਵਿਰੋਧ ਵਿਚ ਭੜਾਸ ਕੱਢਣ ਦੀ ਹੈ। ਬਰਗਾੜੀ ਮੋਰਚਾ ਸਾਲ 2015 ਵਿੱਚ ਵਾਪਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਦੀ ਗ੍ਰਿਫਤਾਰੀ ਅਤੇ ਸ਼ਾਂਤਮਈ ਸੰਗਤਾਂ ਉਪਰ ਬਹਿਬਲ ਕਲਾਂ ਵਿਖੇ ਪੁਲਿਸ ਵਲੋਂ ਚਲਾਈ ਗੋਲੀ ਦੇ ਦੋਸ਼ੀਆਂ ਖਿਲਾਫ ਕਾਰਵਾਈ ਲਈ ਲੱਗਾ ਹੋਇਆ ਹੈ। ਪਰ ਬਾਦਲ ਦਲ ਦੇ ਲੋਕ ਸਭਾ ਮੈਂਬਰ ਅਤੇ ਸਾਲ 1982 ਵਿੱਚ ਦਲ ਵਲੋਂ ਲਗਾਏ ਧਰਮ ਯੁੱਧ ਮੋਰਚੇ ਦੌਰਾਨ ਮੋਹਰੀ ਰਹੇ ਪ੍ਰੋ. ਚੰਦੂਮਾਜਰਾ, ਲੋਕ ਸਭਾ ਸਪੀਕਰ ਨੂੰ ਦੱਸਣ ਦੀ ਕੋਸ਼ਿਸ਼ ਕਰ ਰਹੇ ਹਨ, "ਮੈਡਮ ਪੰਜਾਬ ਜਾਕਰ ਦੇਖੀਏ ਸਰਕਾਰ ਨੇ ਬਰਗਾੜੀ ਮੇਂ ਟਾਇਲਟਾਂ ਔਰ ਟੈਂਕੀ ਬਣਾ ਦੀ ਹੈ। ਵੋਹ ਮਾਹੌਲ ਖਰਾਬ ਕਰ ਰਹੇ ਹੈਂ।" ਲੋਕ ਸਭਾ ਸਪੀਕਰ ਵਾਰ-ਵਾਰ ਚੰਦੂਮਾਜਰੇ ਨੂੰ ਬੈਠ ਜਾਣ ਲਈ ਕਹਿ ਰਹੀ ਹੈ। ਚੰਦੂਮਾਜਰੇ ਵਲੋਂ ਲੋਕ ਸਭਾ ਵਿੱਚ ਟੁੱਟੀ ਫੁੱਟੀ ਹਿੰਦੀ ਵਿੱਚ ਬਰਗਾੜੀ ਇਨਸਾਫ ਮੋਰਚੇ ਖਿਲਾਫ ਆਵਾਜ਼ ਉਠਾਈ ਜਾ ਰਹੀ ਅਵਾਜ਼, ਬਾਦਲ ਦਲ ਦੀ ਆਵਾਜ਼ ਹੈ ਜੋ ਬਾਦਲਕਿਆਂ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਦਬ ਸਤਿਕਾਰ ਪ੍ਰਤੀ ਘਟੀਆ ਸੋਚ ਦਾ ਵਿਖਾਵਾ ਕਰਦੀ ਹੈ। ਜ਼ਿਕਰਯੋਗ ਹੈ ਕਿ 1 ਜੂਨ 2018 ਤੋਂ ਸ਼ੁਰੂ ਹੋਏ ਬਰਗਾੜੀ ਇਨਸਾਫ ਮੋਰਚੇ ਵਿੱਚ ਹਰ ਰੋਜ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਪੁੱਜਦੀਆਂ ਹਨ। ਹੁਣ ਤਕ ਕੈਪਟਨ ਸਰਕਾਰ ਨੇ ਇਸ ਮੋਰਚੇ ਪ੍ਰਤੀ ਵਿਰੋਧ ਭਾਵਨਾ ਵਾਲਾ ਵਤੀਰਾ ਨਾ ਅਪਣਾਉਂਦਿਆਂ ਜਿਥੇ ਸੁਰੱਖਿਆ ਦੇ ਪ੍ਰਬੰਧ ਕੀਤੇ ਹਨ, ਉਥੇ ਸੰਗਤਾਂ ਦੀ ਸਹੂਲਤ ਲਈ ਸਾਫ ਪਾਣੀ ਅਤੇ ਆਰਜੀ ਫਲੱਸ਼ਾਂ ਦਾ ਯੋਗ ਪ੍ਰਬੰਧ ਯਕੀਨੀ ਬਣਾਇਆ ਹੈ। ਜ਼ਿਕਰਯੋਗ ਤਾਂ ਇਹ ਵੀ ਹੈ ਕਿ ਦਲ ਦੇ ਆਪਣੇ ਕਿਸੇ ਸਿਆਸੀ ਸਮਾਗਮ ਜਾਂ ਰੈਲੀ ਵਿੱਚ ਸ਼੍ਰੋਮਣੀ ਕਮੇਟੀ ਪ੍ਰਬੰਧ ਹੇਠਲੇ ਗੁਰਦੁਆਰਿਆਂ ਦਾ ਲੰਗਰ ਵੀ ਮੁਫਤ ਪੁੱਜਦਾ ਕੀਤਾ ਜਾਂਦਾ ਹੈ ਤੇ ਬਰਗਾੜੀ ਇਨਸਾਫ ਮੋਰਚਾ ਸਥਾਨ ਨੇੜੇ ਸਾਫ ਪਾਣੀ ਤੇ ਫਲੱਸ਼ ਸਹੂਲਤਾਂ ਵੀ ਬਾਦਲ ਦਲ ਨੂੰ ਰੜਕ ਰਹੀਆਂ ਹਨ।

## ਚੰਦੂਮਾਜਰੀਏ ਵਿਰੁੱਧ ਸੋਸ਼ਲ ਮੀਡੀਏ 'ਤੇ ਛਾਈ ਗੁੱਸੇ ਦੀ ਲਹਿਰ

### *ਲੋਕ ਸਭਾ ਵਿਚਲੀ 'ਬੋਲ-ਬਾਣੀ' ਕਾਰਨ ਬਣੇ ਮਜ਼ਾਕ ਦੇ ਪਾਤਰ*



ਲੋਕ ਸਭਾ ਵਿਚ ਮੋਦੀ ਸਰਕਾਰ ਵਿਰੁੱਧ ਪੇਸ਼ ਹੋਏ ਬੇਵਿਸਾਹੀ ਮਤੇ ਵਾਲੀ ਬਹਿਸ ਵਿਚ ਬੋਲਦਿਆਂ ਬਾਦਲ ਦਲ ਦੇ ਐਮਪੀ. ਸ੍ਰੀ ਪ੍ਰੇਮ ਸਿੰਘ ਚੰਦੂਮਾਜਰਾ ਨੇ ਬਰਗਾੜੀ ਮੋਰਚੇ ਬਾਰੇ ਜੋ ਬੇਹੂਦਾ ਟਿੱਪਣੀਆਂ ਕੀਤੀਆਂ, ਉਨ੍ਹਾਂ ਨੂੰ ਲੈ ਕੇ ਸੋਸ਼ਲ ਮੀਡੀਆ ਵਿੱਚ ਇਕ ਤਰ੍ਹਾਂ ਦਾ ਭੂਚਾਲ ਆ ਗਿਆ ਪ੍ਰਤੀਤ ਹੁੰਦਾ ਹੈ। ਆਪੋ-ਆਪਣੇ ਆਜ਼ਾਦ ਖਿਆਲਾਂ ਦੇ ਪ੍ਰਗਟਾਵੇ ਦਾ ਸਾਧਨ ਫੇਸਬੁੱਕ 'ਤੇ ਦੇਸ਼ ਵਿਦੇਸ਼ ਦੇ ਸਿੱਖ ਉਸ ਵਿਸ਼ੇ 'ਤੇ ਧੜਾਧੜ ਪੋਸਟਾਂ ਤੇ ਕੁਮੈਂਟ ਲਿਖ ਰਹੇ ਹਨ। ਜਿੱਥੇ ਬਹੁਤੇ ਪੰਜਾਬੀ ਸ੍ਰੀ ਚੰਦੂਮਾਜਰੇ ਦੀ ਭੋਟੂ ਸ਼ਾਹ ਕਾਮੇਡੀਅਨ ਸਟਾਈਲ ਪੰਜਾਬੀ ਰੰਗੀ ਹਿੰਦੀ ਬੋਲਣ ਦਾ ਖਾਸਾ ਮਜ਼ਾਕ ਉਠਾ ਰਹੇ ਹਨ, ਉਥੇ ਕਈ ਸੰਜੀਦਾ ਸੱਜਣ ਸ੍ਰੀ ਚੰਦੂਮਾਜਰਾ 'ਤੇ ਸਵਾਲ ਕਰ ਰਹੇ ਹਨ ਕਿ ਸਿੱਖਾਂ ਦੀਆਂ ਕੁੱਝ ਮੰਗਾਂ ਨੂੰ ਲੈ ਕੇ ਬਰਗਾੜੀ ਧਰਨੇ 'ਤੇ ਬੈਠੇ ਸਿੱਖਾਂ ਲਈ ਆਰਜ਼ੀ ਬਾਥਰੂਮ ਬਣਾਉਣ ਜਾਂ ਸਖਤ ਗਰਮੀ ਤੋਂ ਬਚਾਅ ਲਈ ਟੈਂਟ ਲਾਉਣ ਨਾਲ ਪੰਜਾਬ ਦਾ ਮਾਹੌਲ ਕਿਵੇਂ ਵਿਗੜ ਜਾਵੇਗਾ ? ਕਈਆਂ ਨੇ ਇਹ ਪੁੱਛਿਆ ਕਿ ਕੀ ਚੰਦੂਮਾਜਰਾ ਪਿਛਲੀ ਬਾਦਲ ਸਰਕਾਰ ਵਾਂਗ ਬਰਗਾੜੀ ਇਕੱਤਰ ਹੋਈ ਸੰਗਤ 'ਤੇ ਸੀਵਰੇਜ ਦੇ ਗੰਦੇ ਪਾਣੀ ਦੀਆਂ ਬੌਛਾੜਾਂ ਸੁੱਟਣ ਦੇ ਨਾਲ ਨਾਲ ਗੋਲੀਆਂ ਵੀ ਵਰਾਉਣੀਆਂ ਚਾਹੁੰਦੇ ਨੇ ? ਸ਼ਿਲੌਂਗ ਵਿਚ ਸਿੱਖਾਂ ਵਿਰੁਧ ਹੋਈ ਧੱਕੇਸ਼ਾਹੀ, ਪੰਜਾਬੀ ਦੇ ਕਈ ਮੈਗਜ਼ੀਨ ਬੰਦ ਕਰਨ ਜਾਂ ਪੰਜਾਬ 'ਚ ਨਸ਼ਾਖੋਰੀ ਵਰਗੇ ਮਹਾਂਮਾਰੀ ਆਦਿ ਦੇ ਮੁੱਦੇ ਛੱਡ ਕੇ ਲੋਕ ਸਭਾ ਵਿਚ ਚੰਦੂਮਾਜਰੀਏ ਨੇ ਆਪਣੇ ਮਾਲਕਾਂ ਦੀ ਪੁਸ਼ਤਪਨਾਹੀ ਦਾ ਰਾਹ ਚੁਣ ਲਿਆ। ਲੋਕ ਪੁੱਛ ਰਹੇ ਹਨ ਕਿ ਮਲੋਟ ਰੈਲੀ ਵਿਚ ਪ੍ਰਧਾਨ ਮੰਤਰੀ ਵਲੋਂ ਕੀਤੇ ਦਸਤਾਰ ਦੇ ਨਿਰਾਦਰ ਵਿਰੁਧ ਜਿਹੜਾ ਰੋਸ ਸ੍ਰੀ ਭਗਵੰਤ ਮਾਨ ਨੇ ਲਾਜਵਾਬ ਸ਼ਬਦਾਂ ਵਿੱਚ ਪ੍ਰਗਟਾਇਆ ਕੀ ਉਸ ਦਾ ਚੇਤਾ ਚੰਦੂਮਾਜਰਾ ਨੂੰ ਭੁੱਲ ਗਿਆ ਸੀ ? ਬਹੁਤੇ ਸੱਜਣ ਸਿੱਖ ਇਤਿਹਾਸ 'ਚੋਂ ਚੰਦੂ ਜਾਂ ਗੰਗੂ ਦਾ ਨਾਂ ਲੈ ਲੈ ਕੇ ਚੰਦੂਮਾਜਰਾ 'ਤੇ ਮਿਹਣਿਆਂ ਦੀ ਬੌਛਾੜ ਕਰ ਰਹੇ ਹਨ।

**-ਤਰਲੋਚਨ ਸਿੰਘ ਦੁਪਾਲਪੁਰ**

## ਅਕਾਲੀ ਦਲ ਹਰਿਆਣੇ 'ਚ ਇਕੱਲਿਆਂ ਲੜੇਗਾ ਆਗਾਮੀ ਲੋਕ ਸਭਾ ਚੋਣਾਂ

**ਚੰਡੀਗੜ੍ਹ/ਬਿਊਰੋ ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਸੰਨ 2019 ਵਿਚ ਆ ਰਹੀਆਂ ਲੋਕ ਸਭਾ ਚੋਣਾਂ ਹਰਿਆਣੇ ਵਿਚ ਇਕੱਲੇ ਤੌਰ 'ਤੇ ਲੜੇਗਾ ਅਤੇ ਇਸ ਸਬੰਧ ਵਿਚ ਪਾਰਟੀ ਵੱਲੋਂ ਪਹਿਲੀ ਚੋਣ ਰੈਲੀ 19 ਅਗਸਤ ਨੂੰ ਪਿੱਪਲੀ ਵਿਖੇ ਰੱਖ ਲਈ ਗਈ ਹੈ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦੱਸਿਆ ਕਿ 2019 ਵਿਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਨੇ ਤਿਆਰੀ ਆਰੰਭ ਕਰ ਦਿੱਤੀ ਹੈ। ਰਾਜਸਥਾਨ ਸਟੇਟ ਵਿਚ ਵੀ ਪਾਰਟੀ ਦੇ ਕੰਮ ਵਿਚ ਹੋਰ ਤੇਜ਼ੀ ਲਿਆਉਣ ਲਈ ਸਿਕੰਦਰ ਸਿੰਘ ਮਲੂਕਾ ਜਿਨ੍ਹਾਂ ਨੂੰ ਪਹਿਲਾਂ ਹੀ ਰਾਜਸਥਾਨ ਦੇ ਆਬਜ਼ਰਵਰ ਨਿਯੁਕਤ ਕੀਤਾ ਗਿਆ ਹੈ, ਨੂੰ ਸਹਾਇਕ ਆਬਜ਼ਰਵਰ ਲਾਉਣ ਦਾ ਫੈਸਲਾ ਵੀ ਕੀਤਾ ਗਿਆ ਹੈ।

## ਸਿੱਧੂ ਵੱਲੋਂ ਵਿਰਾਸਤ-ਏ-ਖਾਲਸਾ ਨੂੰ ਸੈਰ ਸਪਾਟਾ ਹੱਬ ਵਜੋਂ ਵਿਕਸਿਤ ਕਰਨ ਦਾ ਫੈਸਲਾ

**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਦੇ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਸੂਬੇ ਵਿੱਚ ਸੈਰ ਸਪਾਟੇ ਨੂੰ ਉਤਸ਼ਾਹਤ ਕਰਨ ਲਈ ਵਿਰਾਸਤ-ਏ-ਖਾਲਸਾ ਨੂੰ ਸੈਰ ਸਪਾਟੇ ਦੇ ਗੜ੍ਹ ਵਜੋਂ ਵਿਕਸਤ ਕਰਨ ਦਾ ਐਲਾਨ ਕੀਤਾ ਹੈ। ਆਨੰਦਪੁਰ ਸਾਹਿਬ ਫਾਊਂਡੇਸ਼ਨ ਦੀ ਇੱਕ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਸਿੱਧੂ ਨੇ ਕਿਹਾ ਕਿ ਵਿਰਾਸਤ-ਏ-ਖਾਲਸਾ ਵਿਖੇ ਦੁਨੀਆਂ ਦੇ ਕੋਨੇ-ਕੋਨੇ ਤੋਂ ਸੈਲਾਨੀ ਆਉਂਦੇ ਹਨ। ਇਸ ਲਈ ਹੁਣ ਢੁਕਵਾਂ ਸਮਾਂ ਹੈ ਕਿ ਇੱਥੇ ਬਜਟ ਹੋਟਲ, ਫੂਡ ਕੋਰਟ, ਯਾਦ ਚਿੰਨ੍ਹਾਂ ਨੂੰ ਵੇਚਣ ਵਾਲੀਆਂ ਦੁਕਾਨਾਂ ਅਤੇ ਆਰਜ਼ੀ ਟੈਂਟਾਂ ਦੀਆਂ ਰਿਹਾਇਸ਼ਾਂ ਵਰਗੀਆਂ ਸਹੂਲਤਾਂ ਦਾ ਪ੍ਰਬੰਧ ਕੀਤਾ ਜਾਵੇ। ਉਨ੍ਹਾਂ ਫਾਊਂਡੇਸ਼ਨ ਨੂੰ ਹਦਾਇਤ ਕਰਦੇ ਹੋਏ ਕਿਹਾ ਕਿ ਇਸ ਸਬੰਧੀ ਇਮਾਰਤਸਾਜ਼ਾਂ ਤੋਂ ਵਿਸਥਾਰਤ ਯੋਜਨਾ ਤਿਆਰ ਕਰਵਾ ਲਈ ਜਾਵੇ, ਤਾਂ ਜੋ ਕਰੀਬ 60 ਏਕੜ ਦੀ ਬਾਕੀ ਬਚਦੀ ਥਾਂ 'ਤੇ ਇਹ ਸਹੂਲਤਾਂ ਵਿਕਸਤ ਕੀਤੀਆਂ ਜਾ ਸਕਣ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ 'ਸਵਦੇਸ਼ ਦਰਸ਼ਨ ਸਕੀਮ' ਤਹਿਤ ਸੂਬੇ ਦੀਆਂ ਇਤਿਹਾਸਕ ਤੇ ਧਾਰਮਿਕ ਮਹੱਤਤਾ ਵਾਲੀਆਂ ਥਾਵਾਂ ਦੇ ਵਿਕਾਸ ਲਈ ਪਹਿਲਾਂ ਹੀ 99 ਕਰੋੜ ਰੁਪਏ ਦੀ ਰਾਸ਼ੀ ਮਨਜ਼ੂਰ ਕੀਤੀ ਹੋਈ ਹੈ, ਜਿਸ ਵਿੱਚੋਂ 29 ਕਰੋੜ ਰੁਪਏ ਦੀ ਰਕਮ ਸਿਰਫ਼ ਆਨੰਦਪੁਰ ਸਾਹਿਬ ਦੇ ਸਰਬਪੱਖੀ ਵਿਕਾਸ 'ਤੇ ਖ਼ਰਚ ਕੀਤੀ ਜਾਵੇਗੀ।

## ਮਨੁੱਖਤਾ ਦਾ ਮਿਸ਼ਨ 'ਖਾਲਸਾ ਏਡ' ਤੇ ਮਨੁੱਖਤਾ ਦਾ ਹੀਰੋ ਰਵੀ ਸਿੰਘ

ਕੋਸੋਵੋ ਵਿਚ ਖੂਨੀ ਜੰਗ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਬੇਘਰ ਹੋ ਗਏ। ਜਦੋਂ ਸਿੱਖ ਕੌਮ ਵਿਸਾਖੀ ਮਨਾ ਰਹੀ ਸੀ, ਉਨ੍ਹਾਂ ਸਮਿਆਂ ਵਿਚ ਕੋਸੋਵੋ ਵਿਚ ਜੰਗ ਨੇ ਉਥੋਂ ਦੇ ਲੋਕਾਂ ਦੇ ਹਾਲਾਤ ਮਾੜੇ ਕਰ ਦਿੱਤੇ ਸੀ। ਸਿਰਫ 2 ਹਫਤਿਆਂ ਵਿਚ ਇਸ ਜੰਗ ਵਿਚ ਉਜੜਿਆਂ ਦੇ ਢਿੱਡ ਵਿਚ ਰੋਟੀ ਪਾਉਣ ਲਈ ਇਕ ਹੋਕੇ 'ਤੇ ਹੀ ਖਾਲਸਾ ਏਡ ਨੂੰ ਲੋਕਾਂ ਨੇ ਆਪਣੀ ਦਸਵੰਧ ਵਿਚੋਂ ਮਦਦ ਕੀਤੀ ਤੇ ਦੋ ਟਰੱਕਾਂ ਦੇ ਕਾਫਲੇ ਨਾਲ ਕੋਸੋਵੋ ਦੀ ਜੰਗ ਦਰਮਿਆਨ ਭਾਈ ਘਨੱ੍ਹਈਏ ਵਾਂਗ ਰਵੀ ਸਿੰਘ ਤੇ ਖਾਲਸਾ ਏਡ ਲੰਗਰ ਛਕਾ ਰਹੇ ਸਨ।

ਖਾਲਸਾ ਏਡ 25 ਤੋਂ ਵੱਧ ਦੇਸ਼ਾਂ ਵਿਚ ਆਪਣੇ ਮਿਸ਼ਨ ਪੂਰੇ ਕਰ ਚੁੱਕਾ ਹੈ। ਇਸ ਸੰਸਥਾ ਦੇ 6 ਮੁੱਖ ਟਰੱਸਟੀ ਹਨ। 2012 ਤੋਂ ਖਾਲਸਾ ਏਡ ਭਾਰਤ ਵਿਚ ਗੈਰ ਸਰਕਾਰੀ ਸੰਸਥਾ ਵਜੋਂ ਦਰਜ ਹੋਈ ਹੈ। ਭਾਰਤ ਵਿਚ ਇਸ ਦੇ 9 ਟਰੱਸਟੀ ਹਨ। ਇਸ ਸਮੇਂ ਖਾਲਸਾ ਏਡ ਦੇ 18 ਹਜ਼ਾਰ ਸਮਾਜਿਕ ਕਾਰਕੁੰਨ ਹਨ। ਖਾਲਸਾ ਏਡ ਆਪਣੇ ਵਲੰਟੀਅਰ ਦੀ ਦਸਵੰਧ ਤੇ ਸੰਸਾਰ ਭਰ ਤੋਂ ਕੀਤੇ ਜਾਂਦੇ ਦਾਨ ਤੋਂ ਚੱਲਦੀ ਹੈ। ਖਾਲਸਾ ਏਡ ਨੂੰ ਪੈਸਾ ਸਿੱਧਾ ਅਕਾਊਂਟ ਵਿਚ ਹੀ ਦਿੱਤਾ ਜਾਂਦਾ ਹੈ। ਖਾਲਸਾ ਏਡ ਨੂੰ ਇੰਗਲੈਂਡ ਵਿਚ ਜਸਟ ਗਿਵਿੰਗ ਵੈੱਬਸਾਈਟ ਰਾਹੀਂ ਦਾਨ ਦਿੱਤਾ ਜਾਂਦਾ ਹੈ। ਇਹ ਇੰਗਲੈਂਡ ਦੀ ਅਜਿਹੀ ਵੈੱਬਸਾਈਟ ਹੈ, ਜਿਥੇ ਇੰਗਲੈਂਡ ਵਿਚ ਕੰਮ ਕਰਦੀਆਂ ਸਾਰੀਆਂ ਗੈਰ ਸਰਕਾਰੀ ਸੰਸਥਾਵਾਂ ਦਾ ਫੰਡ ਜਮ੍ਹਾ ਹੁੰਦਾ ਹੈ। ਇਸੇ ਥਾਂ ਖਾਲਸਾ ਏਡ ਨੂੰ ਹੋਏ ਦਾਨ ਦਾ 2.5 ਫੀਸਦੀ ਸਰਕਾਰ ਵਲੋਂ ਪੈਸਾ ਪਾਇਆ ਜਾਂਦਾ ਹੈ। ਖਾਲਸਾ ਏਡ ਦੇ ਪ੍ਰਬੰਧਕੀ ਢਾਂਚੇ ਦੇ ਖਰਚੇ ਤੇ ਕਰਮਚਾਰੀਆਂ ਦੀ ਤਨਖਾਹ ਇਸੇ 2.5 ਫੀਸਦੀ ਵਿਚੋਂ ਨਿਕਲਦੀ ਹੈ।1999 ਤੋਂ ਸਰਗਰਮ ਖਾਲਸਾ ਏਡ ਨੂੰ 2014 ਦੇ ਸਮਰਸੈੱਟ ਅਤੇ ਬਰਕਸ਼ਾਇਰ ਖੇਤਰ ਵਾਲੇ ਪਿੰਡਾਂ ਅਤੇ ਆਲੇ ਦੁਆਲੇ ਆਏ ਹੜ੍ਹਾਂ ਦੌਰਾਨ ਮਦਦ ਤੋਂ ਬਾਅਦ ਤੇਜ਼ੀ ਨਾਲ ਪਛਾਣ ਮਿਲੀ। ਇਸ ਦੌਰਾਨ ਖਾਲਸਾ ਏਡ ਨੇ ਆਪਣੇ ਕਾਰਕੁੰਨਾਂ ਨਾਲ ਸਾਫ ਸਫਾਈ, ਖਾਣ-ਪੀਣ ਦੀ ਸੇਵਾ ਨਿਭਾਈ। ਖਾਲਸਾ ਏਡ ਵਲੋਂ ਦਿੱਤੀ ਸੇਵਾਵਾਂ ਦਾ ਗੋਰਿਆਂ ਨੇ ਦਿਲੋਂ ਸ਼ੁਕਰਾਨਾ ਕੀਤਾ ਤੇ ਖੁਦ ਵੀ ਅੱਗੇ ਆਉਣ ਵਾਲੀਆਂ ਮੁਹਿੰਮਾਂ ਵਿਚ ਬਤੌਰ ਵਲੰਟੀਅਰ ਸ਼ਾਮਲ ਹੋਣਾ ਸ਼ੁਰੂ ਕਰ ਦਿੱਤਾ। ਇਸ ਦੌਰਾਨ ਇੰਗਲੈਂਡ ਦੇ ਇਕ ਟੈਲੀਵਿਜ਼ਨ ਸ਼ੋਅ 'ਸਰਪ੍ਰਾਈਜ਼ ਸਰਪ੍ਰਾਈਜ਼' ਵਿਚ ਰਵੀ ਸਿੰਘ ਨੂੰ ਸਨਮਾਨਿਤ ਕੀਤਾ ਗਿਆ। ਖਾਲਸਾ ਏਡ ਨੇ 1500 ਘੰਟੇ ਵਿਚ ਆਪਣੇ 50 ਵਲੰਟੀਅਰਾਂ ਨਾਲ 1 ਲੱਖ ਕੂੜਾ ਕਬਾੜ ਦੇ ਬੈਗਾਂ



ਨਾਲ 600 ਟਨ ਕਬਾੜ ਦੀ ਢੋਅ ਸਫਾਈ ਕੀਤੀ ਜੋ ਹੜ੍ਹ ਵੇਲੇ ਘਰਾਂ ਵਿਚ ਆ ਵੜਿਆ ਸੀ ਭੂਚਾਲ ਤੋਂ ਪ੍ਰਭਾਵਿਤ ਹੋਏ 12000 ਪੀੜਤਾਂ ਤਕ ਰੋਜ਼ਾਨਾ 10000 ਬੰਦਿਆਂ ਲਈ ਲੰਗਰ ਦਾ ਪ੍ਰਬੰਧ ਕਰਕੇ ਖਾਲਸਾ ਏਡ ਨੇ ਨੇਪਾਲ ਵਿਚ ਵੱਡੀ ਮਦਦ ਕੀਤੀ। ਖਾਲਸਾ ਏਡ ਨੇ ਲੰਗਰ ਦਾ ਪੂਰਾ ਪ੍ਰਬੰਧ ਲਗਾਤਾਰ 2 ਮਹੀਨੇ ਜਾਰੀ ਰੱਖਿਆ। ਇਸ ਵੇਲੇ ਦੇ ਉਜੜਿਆਂ ਲਈ ਹੁਣ ਤਕ ਖਾਲਸਾ ਏਡ 2 ਸਾਲ ਵਿਚ ਨਿਰੰਤਰ ਸੇਵਾ ਆਰੰਭ ਕੇ 1200 ਘਰ ਬਣਾ ਚੁੱਕਾ ਹੈ। ਸਿਹਤ ਅਤੇ ਸਿੱਖਿਆ 'ਫੋਕਸ ਪੰਜਾਬ'-ਪੰਜਾਬ ਵਿਚ ਖਾਲਸਾ ਏਡ 1500 ਬੱਚਿਆਂ ਦੀ ਪੜ੍ਹਾਈ ਦਾ ਖਰਚਾ ਚੁੱਕ ਰਿਹਾ ਹੈ। ਇਸੇ ਕਾਰਨ ਭਾਈ ਲਾਲੋ ਮਿਡਲ ਸਕੂਲ ਪਟਿਆਲਾ ਵਿਚ ਭਾਈ ਘਨੱ੍ਹਈਆ ਚੈਰੀਟੇਬਲ ਟਰੱਸਟ ਮਾਰਫਤ ਚਲਾਇਆ ਜਾ ਰਿਹਾ ਹੈ। ਦੂਜਾ ਸਕੂਲ ਖਾਲਸਾ ਏਡ ਦਸ਼ਮੇਸ਼ ਸਕੂਲ ਭਵਾਨੀਗੜ੍ਹ ਨੇੜੇ ਪਿੰਡ ਕਾਕੜਾ, ਜ਼ਿਲੇ ਸੰਗਰੂਰ ਵਿਚ ਪੈਂਦਾ ਹੈ।ਖਾਲਸਾ ਏਡ ਦੇ ਅਮਰਪ੍ਰੀਤ ਸਿੰਘ ਦੱਸਦੇ ਹਨ ਕਿ ਸਾਡੀ ਸੰਸਥਾ ਵਲੋਂ ਕੰਮ ਕਰਨਾ ਸੌਖਾ ਨਹੀਂ ਹੈ। ਖਾਲਸਾ ਏਡ ਵਲੋਂ ਕੀਤੇ ਕੰਮਾਂ ਨੂੰ ਦੁਨੀਆ ਦੇ ਕੁਝ ਫਿਰਕੂ ਨਜ਼ਰ ਨਾਲ ਵੇਖਦੇ ਹਨ। ਖਾਲਸਾ ਏਡ ਨੂੰ ਕੋਈ ਐਂਟੀ-ਨੈਸ਼ਨਲ ਕਹਿੰਦਾ ਹੈ ਤੇ ਕੋਈ ਇਹ ਯਾਦ ਕਰਾਉਂਦਾ ਹੈ ਕਿ ਤੁਸੀਂ ਰੋਹਿੰਗਿਆ ਵਿਚ ਮੁਸਲਮਾਨਾਂ ਲਈ ਕੰਮ ਨਹੀਂ ਕਰ ਰਹੇ ਸਗੋਂ ਅੱਤਵਾਦੀਆਂ ਨੂੰ ਮਦਦ ਕਰ ਰਹੇ ਹੋ। ਕੋਈ ਯਾਦ ਕਰਵਾ ਰਿਹਾ ਹੈ ਕਿ ਰੋਹਿੰਗਿਆ ਵਿਚ ਮੁਸਲਮਾਨਾਂ ਲਈ ਤਾਂ ਮਦਦ ਕਰਨ ਪਹੁੰਚ ਗਏ ਪਰ ਹਿੰਦੂਆਂ ਵਾਰੀ ਕਿੱਥੇ ਸੀ ? ਅਮਰਪ੍ਰੀਤ ਸਿੰਘ ਦੱਸਦੇ ਹਨ ਕਿ ਕਈ ਵਾਰ ਮਨ ਪ੍ਰੇਸ਼ਾਨ ਹੁੰਦਾ ਹੈ ਕਿਉਂਕਿ ਅਸੀਂ ਸੇਵਾ ਕਰਦਿਆਂ ਸਾਹਮਣੇ ਵਾਲੇ ਦੀ ਜਾਤ, ਧਰਮ, ਨਸਲ ਨਹੀਂ ਦੇਖਦੇ ਪਰ ਅਖੀਰ ਸਾਨੂੰ ਦੱਸਣਾ ਪੈਂਦਾ ਹੈ ਕਿ ਅਸੀਂ ਨੇਪਾਲ ਭੂਚਾਲ, ਗੁਜਰਾਤ ਭੂਚਾਲ, ਉੜੀਸਾ, ਸੁਨਾਮੀ, ਉੱਤਰਾਖੰਡ ਹੜ੍ਹਾਂ ਵਿਚ ਕੇਦਾਰਨਾਥ ਤੋਂ ਲੈ ਕੇ ਬਹੁਤ ਸਾਰੀਆਂ ਹਿੰਦੂ ਅਬਾਦੀ ਵਾਲੀਆਂ ਥਾਵਾਂ 'ਤੇ ਵੀ ਮਦਦ ਕੀਤੀ ਸੀ। ਬੇਸ਼ੱਕ ਸਾਨੂੰ ਐਂਟੀਨੈਸ਼ਨਲ ਦੇ ਠੱਪੇ ਵਿਚ ਪੀੜਤ ਵੀ ਹੋਣਾ ਪੈਂਦਾ ਹੈ ਪਰ ਸੱਚ ਇਹੋ ਹੈ ਕਿ ਸਾਡੀ ਸੇਵਾ ਇਨਸਾਨੀਅਤ ਨੂੰ ਸਮਰਪਿਤ ਹੈ।

ਰਵੀ ਸਿੰਘ ਕਹਿੰਦੇ ਹਨ ਕਿ ਸਾਡੀ ਵਿਰਾਸਤ ਤਾਂ ਉਹ ਹੈ ਜਿਥੇ ਸਾਡਾ ਨਾਇਕ ਭਾਈ ਘਨੱ੍ਹਈਆ ਵਰਗੀਆਂ ਸ਼ਖਸੀਅਤਾਂ ਹਨ। ਭਾਈ ਘਨੱ੍ਹਈਆ ਗੁਰੂ ਗੋਬਿੰਦ ਸਿੰਘ ਅਤੇ ਮੁਗਲ ਹਕੂਮਤ ਵਿਚਕਾਰ ਜੰਗ ਵੇਲੇ ਖਾਲਸਾ ਫੌਜ ਅਤੇ ਮੁਗਲੀਆ ਫੌਜ ਨੂੰ ਬਰਾਬਰ ਪਾਣੀ ਵੀ ਪਿਆ ਰਿਹਾ ਹੈ ਅਤੇ ਉਨ੍ਹਾਂ ਦੇ ਜ਼ਖਮਾਂ ਲਈ ਮੱਲ੍ਹਮ-ਪੱਟੀ ਵੀ ਕਰ ਰਹੇ ਹਨ।

ਅੰਮ੍ਰਿਤਸਰ ਟਾਈਮਜ਼ AMRITSAR TIMES

25 ਜੁਲਾਈ 2018 ਤੋਂ 31 ਜੁਲਾਈ 2018

## ਹਿੰਦੂਤਵ ਦੀ ਫਿਰਕੂ ਅੱਗ ਵਿਚ ਸੜ ਰਿਹਾ ਭਾਰਤ

ਭਾਰਤ ਵਿਚ ਬੀਤੇ 'ਚ ਵਾਪਰੀਆਂ ਕੁਝ ਅਹਿਮ ਘਟਨਾਵਾਂ ਨੇ ਇਹ ਸੁਆਲ ਖੜੇ ਕੀਤੇ ਹੋਏ ਹਨ ਕਿ ਕੀ ਇਹ ਦੇਸ਼ ਸਿਰਫ਼ ਹਿੰਦੂਆਂ ਦਾ ਹੈ ? ਕੀ ਇਸ ਦੇਸ਼ ਦਾ ਕਾਨੂੰਨ, ਸਰਕਾਰ, ਸਰਕਾਰੀ ਮਸ਼ੀਨਰੀ ਵੀ ਸਿਰਫ਼ ਹਿੰਦੂਆਂ ਲਈ ਹੈ ? ਇਨਾਂ ਸਵਾਲਾਂ ਦਾ ਜਵਾਬ ਲੈਣ ਜਾਂ ਦੇਣ ਦੀ ਹੁਣ ਲੋੜ ਵੀ ਨਹੀਂ ਰਹਿ ਗਈ ਜਾਪਦੀ। ਰਾਜਸਥਾਨ ਦੇ ਅਲਵਰ ਵਿਚ ਵਾਪਰੀ ਤਾਜ਼ਾ ਘਟਨਾ ਨੇ ਤਾਂ ਸਿਰਫ ਸਾਨੂੰ ਮੁੜ ਅਜਿਹੇ ਹਾਲਾਤ ਤੀ ਯਾਦ ਹੀ ਤਾਜ਼ਾ ਕਰਵਾਈ ਹੈ, ਜਿਹੜੇ ਇਸ ਦੇਸ਼ ਦੇ ਕਥਿਤ "ਹਿੰਦੂਵਾਦੀ" ਭਗਵੇਂਕਾਰੀ ਸਿਆਸਤਦਾਨਾਂ ਨੇ ਬਣਾ ਦਿੱਤੇ ਹਨ। ਉਂਝ ਵੀ ਇਨਾਂ ਸਵਾਲਾਂ ਦੇ ਜਵਾਬ ਦੇਸ਼ ਦੇ "ਹਿੰਦੂਤਵੀ" ਹਾਕਮਾਂ ਪਾਸ ਕਦੇ ਹੋ ਹੀ ਨਹੀਂ ਸਕਦੇ । ਸੱਚ ਸੁਣਨਾ, ਸੱਚ ਬੋਲਣਾ ਅਤੇ ਸੱਚ ਲਿਖਣਾ ਇਨਾਂ ਹਾਕਮਾਂ ਦਾ ਹਾਜ਼ਮਾ ਖਰਾਬ ਕਰਦਾ ਹੈ।

ਯਾਦ ਹੋਵੇਗਾ ਕਿ ਸੰਨ 2007 ਵਿਚ ਹੈਦਰਾਬਾਦ ਦੀ ਇਕ ਮਸਜਿਦ 'ਚ ਜੁੰਮੇ ਦੀ ਨਮਾਜ਼ ਸਮੇਂ ਜ਼ੋਰਦਾਰ ਬੰਬ ਧਮਾਕਾ ਹੋਇਆ ਸੀ, ਜਿਸ 'ਚ 9 ਲੋਕਾਂ ਦੀ ਮੌਤ ਅਤੇ 58 ਜ਼ਖ਼ਮੀ ਹੋ ਗਏ ਸਨ। ਉਸ ਸਮੇਂ ਮੀਡੀਆ ਦੇ ਇਕ ਹਿੱਸੇ ਨੇ "ਭਗਵਾਂ ਅੱਤਵਾਦ ਦਾ ਦੌਰ" ਸ਼ੁਰੂ ਹੋਣ ਦੀ ਪੇਸ਼ੀਨਗੋਈ ਕੀਤੀ ਸੀ ਪਰ ਬਹੁਤਿਆਂ ਨੇ ਇਸ ਵੱਲ ਸੰਜੀਦਗੀ ਨਾਲ ਗੌਰ ਨਹੀਂ ਕੀਤੀ ਸੀ। ਅੱਜ ਦੇਸ਼ ਇਸ "ਭਗਵਾਂ ਅੱਤਵਾਦ" ਦੀ ਭੱਠੀ ਵਿਚ ਬੁਰੀ ਤਰਾਂ ਸੜ ਰਿਹਾ ਹੈ। ਹੁਣ ਉਹ ਸੱਤਾ-ਸੰਗਠਿਤ ਹਨ ਤੇ ਸ਼ਕਤੀਸ਼ਾਲੀ ਵੀ। ਐਨਆਈਏ. ਦੀ ਵਿਸ਼ੇਸ਼ ਅਦਾਲਤ ਉਕਤ ਹੈਦਰਾਬਾਦ ਬੰਬ ਧਮਾਕੇ ਦੇ ਪ੍ਰਮੁੱਖ ਮੁਲਜ਼ਮ ਸਵਾਮੀ ਅਸੀਮਾ ਨੰਦ ਸਮੇਤ 5 ਨੂੰ ਸਾਫ਼ ਬਰੀ ਕਰ ਚੁੱਕੀ ਹੈ। ਜੱਜ ਨੇ ਫ਼ੈਸਲਾ ਸੁਣਾਉਂਦਿਆਂ ਹੀ ਆਪਣੇ ਅਹੁਦੇ ਤੋਂ ਅਸਤੀਫ਼ਾ ਵੀ ਦੇ ਦਿੱਤਾ ਸੀ। ਸਾਫ਼ ਹੈ ਕਿ ਭਗਵਾਂ ਅੱਤਵਾਦ ਨਾਲ ਜੁੜੇ ਇਸ ਕੇਸ 'ਚ ਕੀ ਵਾਪਰਿਆ ਹੈ ਤੇ ਉਹ ਕਿੱਥੇ ਤਕ ਜਾ ਰਹੇ ਹਨ। ਭਗਵਾਂ ਅੱਤਵਾਦ ਦੇ ਇਕ ਨਹੀਂ ਅਨੇਕਾਂ ਚਿਹਰੇ ਸਾਹਮਣੇ ਆ ਰਹੇ ਹਨ। ਉਹ ਗਵਾਹਾਂ ਨੂੰ ਡਰਾ-ਧਮਕਾ ਕੇ ਮੁਕਰਾਉਣ ਲੱਗੇ ਹੋਏ ਹਨ। ਉਹ ਘੱਟ ਗਿਣਤੀਆਂ ਦੀਆਂ ਬੱਚੀਆਂ ਨੂੰ ਹੈਵਾਨੀਅਤ ਦਾ ਸ਼ਿਕਾਰ ਬਣਾ ਰਹੇ ਹਨ, ਉਹ ਅਦਾਲਤਾਂ ਦੇ ਫੈਸਲਿਆਂ ਨੂੰ ਆਪਣੇ ਹੱਕ ਵਿਚ ਬਦਲਣ ਲਈ ਜੱਜਾਂ ਦੀ ਬਲੀ ਲੈ ਰਹੇ ਹਨ।

ਦੇਸ਼ ਵਿਚ ਭਗਵੇਂ ਅੱਤਵਾਦ ਦੇ ਖ਼ੌਫ਼ ਨੂੰ ਗੂੜਾ ਕਰਨ ਦੀ ਰਣਨੀਤੀ ਉਤੇ ਜ਼ੋਰ-ਸ਼ੋਰ ਨਾਲ ਅਮਲ ਹੋ ਰਿਹਾ ਹੈ। ਇਕ ਤਾਂ ਇਸ ਨਾਲ ਭੋਲੇ-ਭਾਲੇ ਆਮ ਹਿੰਦੂਆਂ ਦੀਆਂ ਵੋਟਾਂ ਨੂੰ ਹਿੰਦੂਤਵੀਆਂ ਦੀ ਸਰਕਾਰ ਬਣਾਉਣ ਦੇ ਹੱਕ ਵਿਚ ਜ਼ਰਬਾਂ ਆਉਂਦੀਆਂ ਹਨ, ਦੂਜਾ ਦੇਸ਼ ਦੇ ਘੱਟ ਗਿਣਤੀ ਭਾਈਚਾਰਿਆਂ ਨੂੰ ਕਿਸੇ ਵੀ ਤਰੀਕੇ ਹਿੰਦੂਆਂ ਵਿਚ ਜਜ਼ਬ ਕਰਨ ਦੀ ਸੰਘੀ ਸੋਚ ਨੂੰ ਬਲ ਮਿਲਦਾ ਹੈ। ਭਾਰਤ ਵਿਚ ਵਾਪਰੀਆਂ ਜਾਂ ਵਾਪਰ ਰਹੀਆਂ ਘਟਨਾਵਾਂ ਵਿਚੋਂ ਇਸ ਅਮਲ ਦੇ ਨਕਸ਼ ਸਹਿਜੇ ਹੀ ਪਹਿਚਾਣੇ ਜਾ ਸਕਦੇ ਹਨ। ਸਾਡੇ ਸਾਹਮਣੇ ਬਹੁਤ ਸਾਰੀਆਂ ਉਦਾਹਰਣਾਂ ਹਨ। ਕਠੂਆ 'ਚ ਇਕ ਮਾਸੂਮ ਬੱਚੀ ਨਾਲ ਹੈਵਾਨੀਅਤ ਤੇ ਦਰਿੰਦਗੀ ਭਰਿਆ ਕਾਲਾ ਕਾਰਨਾਮਾ ਸਾਜ਼ਿਸ਼ ਦੀ ਇਸੇ ਕੜੀ ਦਾ ਹਿੱਸਾ ਹੈ। ਛੋਟੀ ਮਾਸੂਮ ਬੱਚੀ ਨੂੰ ਯੋਜਨਾਬੱਧ ਢੰਗ ਨਾਲ ਅਗਵਾ ਕਰਕੇ ਮੰਦਿਰ ਵਿਚ ਲਿਜਾਇਆ ਗਿਆ, ਫਿਰ ਜ਼ੁਲਮ ਦੀ ਇੰਤਹਾ ਵਰਪਾਈ ਗਈ ਤਾਂ ਕਿ ਅੱਗੇ ਲਈ ਖੌਫ ਪੈਦਾ ਹੋਵੇ। ਫਿਰ ਕਾਤਲਾਂ ਤੇ ਬਲਾਤਕਾਰੀਆਂ ਦੇ ਹੱਕ ਵਿਚ ਜਲੂਸ ਕੱਢੇ ਗਏ। ਸੁਨੇਹਾ ਸਾਫ ਹੈ ਕਿ ਅਸੀਂ ਹੁਣ ਇੰਝ ਹੀ ਕਰਾਂਗੇ। ਇਸ ਦੇਸ਼ ਦੇ ਹਾਕਮਾਂ ਤੇ ਇਥੋਂ ਦੀ ਬਹੁਗਿਣਤੀ ਨੂੰ ਨਫਰਤ ਦਾ ਤਾਪ ਚੜ ਚੁੱਕਾ ਹੈ। ਉਹ ਘੱਟਗਿਣਤੀਆਂ ਅਤੇ ਦਲਿਤ ਭਾਈਚਾਰੇ ਨੂੰ ਕੀੜੇ-ਮਕੌੜੇ ਸਮਝਣ ਲੱਗੇ ਹਨ।

ਭਾਰਤ ਵਿਚ ਲੋਕਤੰਤਰ ਦੇ ਚਾਰੇ ਥੰਮਾਂ ਵਿਧਾਨਪਾਲਿਕਾ, ਕਾਰਜਪਾਲਿਕਾ, ਨਿਆਂਪਾਲਿਕਾ ਅਤੇ ਮੀਡੀਆ ਨੂੰ ਭਗਵੇਂ ਰੰਗ ਵਿਚ ਰੰਗ ਦਿੱਤਾ ਗਿਆ ਹੈ। ਦੇਸ਼ ਦੀ ਸੱਤਾ 'ਤੇ ਮੁੜ ਕਬਜ਼ਾ ਕਰਨ ਲਈ ਹਿੰਦੂਤਵੀ ਤਾਕਤਾਂ ਦੇਸ਼ ਨੂੰ ਫ਼ਿਰਕੂ ਜਾਨੂੰਨ ਦੀ ਤਪਦੀ ਭੱਠੀ 'ਚ ਸੁੱਟ ਰਹੀਆਂ ਹਨ। ਹਿੰਦੂਤਵੀ ਤਾਕਤਾਂ ਨੇ ਸ਼ਰੇਆਮ ਐਲਾਨ ਕੀਤਾ ਹੈ ਕਿ ਸੰਨ 2022 'ਚ ਇਸ ਦੇਸ਼ ਨੂੰ ਹਿੰਦੂ ਰਾਸ਼ਟਰ ਐਲਾਨੇ ਜਾਣ ਦੀਆਂ ਤਿਆਰੀਆਂ ਹਨ। ਉਹਨਾਂ ਦਾ ਏਜੰਡਾ ਸੰਨ 2019 'ਚ ਦੋ-ਤਿਹਾਈ ਬਹੁਮਤ ਪ੍ਰਾਪਤ ਕਰਨ ਲਈ, ਦੇਸ਼ 'ਚ ਅਜਿਹਾ ਦਹਿਸ਼ਤ ਵਾਲਾ ਮਹੌਲ ਪੈਦਾ ਕਰਨਾ ਹੈ।

ਤ੍ਰਿਪੁਰਾ 'ਚ ਭਗਵਿਆਂ ਦੀ ਜਿੱਤ ਤੋਂ ਬਾਅਦ "ਲੈਨਿਨ" ਦੇ ਆਦਮਕੱਦ ਬੁੱਤ ਤਕ ਨੂੰ ਤਬਾਹ ਕਰ ਸੁੱਟਿਆ ਗਿਆ। ਰਾਜ ਦੇ 13 ਜ਼ਿਲਿਆਂ 'ਚ ਹਿੰਸਾ ਦਾ ਨੰਗਾ ਨਾਚ ਕੀਤਾ ਗਿਆ। "ਭਾਰਤ ਮਾਤਾ ਕੀ ਜੈ" ਦੇ ਨਾਅਰਿਆਂ ਦੀ ਗੂੰਜ 'ਚ ਖੱਬੇ ਪੱਖੀ ਹਮਾਇਤੀਆਂ ਨੂੰ ਘਰਾਂ 'ਚੋਂ ਕੱਢ ਕੇ ਕੁੱਟਿਆ-ਮਾਰਿਆ ਗਿਆ। ਉਨਾਂ ਦੇ ਘਰਾਂ, ਦੁਕਾਨਾਂ ਦੀ ਸਾੜ-ਫੂਕ ਕੀਤੀ ਗਈ। ਹੁਣ ਇਸ ਦੇਸ਼ ਵਿਚ ਬੇਖੌਫ ਹਿੰਦੂਤਵੀ ਧਿਰਾਂ, ਇਕ ਦਲਿਤ ਵਿਧਾਇਕਾ ਦਾ ਘਰ ਫੂਕ ਸਕਦੀਆਂ ਹਨ। ਰਾਜਸਥਾਨ ਦੇ ਕਰੌਲੀ ਜ਼ਿਲੇ 'ਚ ਜੇ ਇਕ ਭਾਜਪਾ ਵਿਧਾਇਕ ਰਾਜ ਕੁਮਾਰੀ ਜਾਟਵ ਅਤੇ ਸਾਬਕਾ ਕਾਂਗਰਸੀ ਦਲਿਤ ਵਿਧਾਇਕ ਭਰੋਸੀ ਲਾਲ ਜਾਟਵ ਦੇ ਘਰ ਨੂੰ ਅੱਗ ਲਾਈ ਗਈ ਹੈ ਤਾਂ ਇਸ ਦਾ ਅਰਥ ਦਲਿਤ ਸਮਾਜ ਨੂੰ ਗੁੱਝੀ ਚਿਤਾਵਨੀ ਦੇਣਾ ਹੈ ਕਿ ਤੁਸੀਂ ਭਾਜਪਾ ਜਾਂ ਕਾਂਗਰਸ ਵਿਚ ਜਾ ਕੇ ਵੀ ਤਾਂ ਹੀ ਬਚ ਸਕਦੇ ਹੋ ਜੇ ਸੰਘ ਦੀ ਜੁੱਤੀ ਹੇਠ ਰਹਿਣਾ ਪਸੰਦ ਕਰੋਗੇ। ਐਸਸੀ. ਵਰਗ ਨਾਲੋਂ ਓਵੀਸੀ. ਵਰਗ ਨੂੰ ਹਿੰਦੂਤਵ ਦੇ ਪੱਤੇ ਨਾਲ ਚਿੱਤ ਕਰਨ ਦੀ ਖੇਡ ਵੀ ਬਾਖੂਬੀ ਖੇਡੀ ਜਾ ਰਹੀ ਹੈ। ਸੰਨ 2022 'ਚ ਹਿੰਦੂ ਰਾਸ਼ਟਰ ਬਣਾਏ ਜਾਣ ਦਾ ਜੁਮਲਾ ਵੀ ਇਸੇ ਰਣਨੀਤੀ ਦਾ ਹਿੱਸਾ ਹੈ। ਦੇਸ਼ ਦੀ ਹੋਂਦ ਤੱਕ ਨੂੰ ਖ਼ਤਰਾ ਸਹੇੜ ਕੇ ਦਲਿਤ ਤੇ ਘੱਟ ਗਿਣਤੀਆਂ ਨੂੰ ਕੁਚਲਣ, ਦਰੜਨ ਅਤੇ ਗ਼ੁਲਾਮ ਬਣਾ ਕੇ ਰੱਖਣ ਦੀ ਖ਼ਤਰਨਾਕ ਸਾਜ਼ਿਸ਼ ਨੂੰ ਨੇਪਰੇ ਚੜਾਉਣ ਲਈ ਤਾਣਾ-ਬਾਣਾ ਬੁਣਿਆ ਜਾ ਰਿਹਾ ਹੈ। ਸਿੱਖ ਗੁਰੂ ਸਾਹਿਬਾਨ ਨੇ ਇਸ ਦੇਸ਼ ਦੇ ਗ਼ਰੀਬ, ਦੱਬੇ-ਕੁਚਲੇ ਵਰਗ ਨੂੰ ਬਰਾਬਰੀ ਦਾ ਅਧਿਕਾਰ ਦੇਣ ਲਈ ਸਿੱਖੀ ਦੀ ਨੀਂਹ ਤਾਂ ਰੱਖੀ ਹੀ ਹੈ, ਨਾਲ ਹੀ ਉਨਾਂ ਨੇ ਸਿੱਖ ਕੌਮ ਨੂੰ ਜਬਰ ਤੇ ਜ਼ੁਲਮ ਦੀ ਕਿਸੇ ਵੀ ਹਨੇਰੀ ਮੂਹਰੇ ਹਿੱਕਾਂ ਡਾਹ ਕੇ ਲੜਨ ਦੀ ਗੁੜਤੀ ਵੀ ਦਿੱਤੀ ਹੈ । ਇਸ ਕਰਕੇ ਖਾਲਸਾ ਪੰਥ, ਕਿਸੇ ਵੀ ਜਬਰ, ਜ਼ੁਲਮ ਅਤੇ ਵਿਤਕਰੇ ਖਿਲਾਫ ਪੂਰੇ ਜ਼ੋਰ ਨਾਲ ਲੜਦਾ ਆਇਆ ਹੈ। ਬੇਸ਼ੱਕ ਸਿੱਖ ਸਿਧਾਂਤ ਹਮੇਸ਼ਾ ਸਰਬੱਤ ਦਾ ਭਲਾ ਮੰਗਣ ਦੀ ਗੱਲ ਕਰਦੇ ਹਨ ਪਰ ਨਾਲ ਹੀ ਇਹ ਸਿਧਾਂਤ ਜ਼ੁਲਮੀ ਦੇ ਖਿਲਾਫ ਸਭ ਤੋਂ ਉਚਾ ਹੋਕਾ ਦੇਣ ਦੀ ਤਾਕੀਦ ਵੀ ਕਰਦੇ ਹਨ। ਭਾਰਤ ਵਿਚ ਮੁਸਲਿਮ, ਈਸਾਈ ਤੇ ਦਲਿਤ ਭਰਾਵਾਂ ਨਾਲ ਇਸ ਵੇਲੇ ਜੋ ਹੋ ਰਿਹਾ ਹੈ, ਇਸ ਦਾ ਡਟ ਕੇ ਵਿਰੋਧ ਕਰਨਾ ਬਣਦਾ ਹੈ। ਫ਼ਿਰਕੂ ਜਾਨੂੰਨ ਦਾ ਨੰਗਾ ਨਾਚ ਚਾਹੇ ਪੰਜਾਬ ਵਿਚ ਹੋਵੇ ਜਾਂ ਗੁਜਰਾਤ, ਦਿੱਲੀ ਤੇ ਕਿਤੇ ਹੋਰ ਹੋਵੇ, ਇਹ ਸਿੱਖਾਂ ਨਾਲ ਹੋਵੇ ਜਾ ਕਿਸੇ ਵੀ ਹੋਰ ਧਰਮ ਦੇ ਲੋਕਾਂ ਨਾਲ , ਇਸ ਦਾ ਲਾਜ਼ਮੀ ਤੇ ਜ਼ੋਰਦਾਰ ਵਿਰੋਧ ਕਰਨਾ ਬਣਦਾ ਹੈ। ਕਿਸੇ ਵੀ ਧਿਰ ਨੂੰ ਹੁਣ ਭਗਵਿਆਂ ਦੇ ਅਸਲ ਨਿਸ਼ਾਨੇ ਬਾਰੇ ਕਿਸੇ ਭੁਲੇਖੇ 'ਚ ਨਹੀਂ ਰਹਿਣਾ ਚਾਹੀਦਾ।

# ਬਾਬਾ ਸਾਹਿਬ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ ?

**ਕਰਮਜੀਤ ਸਿੰਘ**
99150-91063

ਇਕ ਸਵਾਲ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਚੱਕਰ ਕੱਟ ਰਿਹਾ ਹੈ ਕਿ ਬਾਬਾ ਸਾਹਿਬ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ ? ਹੁਣ ਤੱਕ ਇਸ ਸਵਾਲ



ਦੇ ਬਹੁਤੇ ਜਵਾਬ ਇਸੇ ਸਿੱਟੇ ਉਤੇ ਪਹੁੰਚਦੇ ਰਹੇ ਹਨ ਕਿ ਇਸ ਵਿਚ ਮੁੱਖ ਦੋਸ਼ ਸਿੱਖ ਲੀਡਰਸ਼ਿਪ ਦਾ ਸੀ। ਪਰ ਹੁਣ ਇਕ ਨਵੀਂ ਕਿਤਾਬ ਨੇ ਇਹ ਸਾਰੇ ਭੁਲੇਖੇ, ਸ਼ੰਕੇ ਅਤੇ ਗਲਤਫਹਿਮੀਆਂ ਦੂਰ ਹੀ ਨਹੀਂ ਕੀਤੀਆਂ ਸਗੋਂ ਇਸ ਤੱਥ ਨੂੰ ਪੱਕੇ ਪੈਰੀਂ ਸਥਾਪਤ ਕੀਤਾ ਹੈ ਕਿ ਵੀਹਵੀਂ ਸਦੀ ਦੇ ਇਸ ਮਹਾਨ ਰਾਜਨੀਤਕ ਫਿਲਾਸਫਰ ਦੇ ਸਿੱਖ ਨਾ ਬਣਨ ਪਿੱਛੇ ਸਿੱਧੇ ਤੇ ਅਸਿੱਧੇ ਦੋਸ਼ੀ ਇਕ ਤਾਂ ਦਲਿਤ ਭਾਈਚਾਰੇ ਦੇ ਅੰਦਰ ਵੀ ਸਨ ਤੇ ਦੂਜਾ ਕਾਂਗਰਸੀ ਅਤੇ ਹਿੰਦੂ ਆਗੂਆਂ ਦਾ ਵੀ ਇਸ ਵਿਚ ਅਹਿਮ ਰੋਲ ਸੀ। ਹਾਲ ਵਿਚ ਹੀ ਰਿਲੀਜ਼ ਹੋਈ ਇਸ ਕਿਤਾਬ ਦੇ ਲੇਖਕ ਸ. ਮੱਲ ਸਿੰਘ ਹਨ ਜਿਨ੍ਹਾਂ ਨੇ ਕਰੜੀ ਮਿਹਨਤ, ਲਗਨ ਅਤੇ ਗੰਭੀਰਤਾ ਨਾਲ ਇਹੋ ਜਿਹੇ ਹੈਰਾਨਕੁੰਨ ਤੇ ਠੋਸ ਕਿਸਮ ਦੇ ਇਤਿਹਾਸਕ ਤੱਥ ਪਹਿਲੀ ਵਾਰ ਸਾਹਮਣੇ ਲਿਆਂਦੇ ਹਨ ਜਿਸ ਤੋਂ ਪਤਾ ਲੱਗਦਾ ਹੈ ਕਿ ਬਹੁਤੇ ਲੇਖਕਾਂ ਨੇ ਹੁਣ ਤੱਕ ਜਾਂ ਤਾਂ ਸੁਣੀਆਂ ਸੁਣਾਈਆਂ ਗੱਲਾਂ ਨੂੰ ਹੀ ਇਕ ਵਿਸ਼ਾਲ ਪ੍ਰਾਪੇਗੰਡੇ ਦਾ ਰੂਪ ਦੇ ਦਿੱਤਾ ਹੈ ਅਤੇ ਜਾਂ ਫਿਰ ਉਨ੍ਹਾਂ ਨੇ ਤੱਥਾਂ ਤੇ ਹਕੀਕਤਾਂ ਦਾ ਗੰਭੀਰਤਾ ਅਤੇ ਇਮਾਨਦਾਰੀ ਨਾਲ ਨਿਰਪੱਖ ਤੇ ਬੇਲਾਗ ਵਿਸ਼ਲੇਸ਼ਣ ਕਰਨ ਦਾ ਯਤਨ ਹੀ ਨਹੀਂ ਕੀਤਾ। 558 ਸਫਿਆਂ ਵਿਚ ਫੈਲੀ ਇਸ ਪੁਸਤਕ ਦਾ ਟਾਈਟਲ ਹੀ ਇਹ ਹੈ ਕਿ 'ਡਾ. ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ ?' ਅਤੇ ਸਿੱਖ ਨਾ ਬਣਨ ਪਿੱਛੇ 'ਦੋਸ਼ੀ ਕੌਣ' ਹਨ ?

ਸ. ਮੱਲ ਸਿੰਘ ਨੇ ਹੋਰਨਾਂ ਗੱਲਾਂ ਤੋਂ ਇਲਾਵਾ ਆਪਣੀ ਖੋਜ ਨੂੰ ਸਾਲ 1935 ਤੋਂ ਸਾਲ 1937 ਤੱਕ ਦੇ ਸਮੇਂ ਉਤੇ ਵਿਸ਼ੇਸ਼ ਰੂਪ ਵਿਚ ਕੇਂਦਰਿਤ ਕੀਤਾ ਹੈ ਅਤੇ ਉਸ ਇਤਿਹਾਸਕ ਦੌਰ ਵਿਚ ਉਨ੍ਹਾਂ ਵਿਅਕਤੀਆਂ ਦੀਆਂ ਗੁਪਤ ਸਰਗਰਮੀਆਂ, ਚਾਲਾਂ, ਨੀਤੀਆਂ ਅਤੇ ਇਰਾਦਿਆਂ ਦੀ ਪੈੜ ਨੱਪੀ ਜਿਹੜੇ ਉਚ ਕੋਟੀ ਦੇ ਇਸ ਮਹਾਨ ਵਿਦਵਾਨ ਅਤੇ ਦਲਿਤਾਂ ਦੇ ਮਸੀਹਾ ਵੱਲੋਂ ਸਿੱਖ ਬਣਨ ਦੀ ਤਾਂਘ ਤੇ ਰੀਝ ਵਿਚ ਸਿੱਧੀਆਂ ਤੇ ਅਸਿੱਧੀਆਂ ਰੁਕਾਵਟਾਂ ਖੜੀਆਂ ਕਰ ਰਹੇ ਸੀ। ਇਨ੍ਹਾਂ ਵਿਅਕਤੀਆਂ ਵਿਚ ਆਚਾਰੀਆ ਜੇ.ਬੀ. ਕ੍ਰਿਪਲਾਨੀ, ਹਿੰਦੂ ਮਹਾਂਸਭਾ ਦੇ ਪ੍ਰਧਾਨ ਡਾ. ਮੂੰਜੇ, ਮੋਹਨਦਾਸ ਕਰਮਚੰਦ ਗਾਂਧੀ, ਜਗਜੀਵਨ ਰਾਮ ਅਤੇ ਬਿਰਲਾ ਵਗੈਰਾ ਦੇ ਨਾਂ ਸ਼ਾਮਿਲ ਹਨ ਜੋ ਬਾਬਾ ਸਾਹਿਬ ਦੀਆਂ ਸਰਗਰਮੀਆਂ ਉਤੇ ਲਗਾਤਾਰ ਤਿੱਖੀ ਨਿਗ੍ਹਾ ਰੱਖ ਰਹੇ ਸਨ। ਅਫਸੋਸਨਾਕ ਹਕੀਕਤ ਇਹ ਹੈ ਕਿ ਸਿੱਖ ਨਾ ਬਣਨ ਪਿੱਛੇ ਦਲਿਤਾਂ ਦੀ ਬਰਾਦਰੀ ਦਾ ਇਕ ਆਗੂ ਰਾਓ ਬਹਾਦਰ ਐਮ.ਸੀ. ਰਾਜਾ ਵੀ ਸ਼ਾਮਿਲ ਸੀ। ਇਹ ਉਹ ਵਿਅਕਤੀ ਸੀ ਜੋ ਮਦਰਾਸ ਲੈਜੀਸਲੇਟਿਵ ਕੌਂਸਿਲ ਦਾ ਮੈਂਬਰ ਸੀ ਅਤੇ ਦੱਬੇ ਕੁਚਲੇ ਲੋਕਾਂ ਦਾ ਆਗੂ ਸਮਝਿਆ ਜਾਂਦਾ ਸੀ ਅਤੇ ਕੇਂਦਰ ਵਿਚ ਸੈਂਟਰਲ ਅਸੈਂਬਲੀ ਦਾ ਵੀ ਮੈਂਬਰ ਸੀ। ਉਹ ਡਿਪਰੈਸਡ ਕਲਾਸਿਜ਼ ਐਸੋਸੀਏਸ਼ਨ ਦਾ ਵੀ ਨੇਤਾ ਸੀ। ਇਹ ਵਿਅਕਤੀ ਗਾਂਧੀ ਦੇ ਬਹੁਤ ਨਜ਼ਦੀਕ ਸੀ ਅਤੇ ਡਾ. ਸਾਹਿਬ ਦੇ ਖੇਮੇ ਦੀ ਹਰ ਖਬਰ ਉਨ੍ਹਾਂ ਤੱਕ ਪਹੁੰਚਾਉਂਦਾ ਰਹਿੰਦਾ ਸੀ।

ਲੇਖਕ ਮੱਲ ਸਿੰਘ ਨੇ ਮਹਾਰਾਸ਼ਟਰ ਸਰਕਾਰ ਦੇ ਸਿੱਖਿਆ ਮਹਿਕਮੇ ਦੇ ਪ੍ਰਕਾਸ਼ਕ (ਪਬਲੀਕੇਸ਼ਨ) ਕਮੇਟੀ ਵੱਲੋਂ ਕਈ ਜਿਲਦਾਂ ਵਿਚ ਛਪੀਆਂ ਕਿਤਾਬਾਂ ਵਿਚ ਉਨ੍ਹਾਂ ਹਿੱਸਿਆਂ ਦਾ ਖਾਸ ਤੌਰ 'ਤੇ ਗੰਭੀਰ ਮੁਤਾਲਿਆ ਕੀਤਾ ਜਿਨ੍ਹਾਂ ਵਿਚ ਬਾਬਾ ਸਾਹਿਬ ਅੰਬੇਡਕਰ ਦੀਆਂ ਲਿਖਤਾਂ ਅਤੇ ਵੱਖ ਵੱਖ ਥਾਵਾਂ 'ਤੇ ਉਨ੍ਹਾਂ ਵੱਲੋਂ ਦਿੱਤੀਆਂ ਤਕਰੀਰਾਂ ਸ਼ਾਮਿਲ ਹਨ। ਇਨ੍ਹਾਂ ਲਿਖਤਾਂ ਤੱਕ ਪਹੁੰਚ ਕਰਨੀ ਅਤੇ ਨਵੇਂ ਸਿੱਟੇ ਕੱਢਣੇ ਲੇਖਕ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ ਕਿਉਂਕਿ ਬਾਬਾ ਸਾਹਿਬ ਦੇ ਜੀਵਨ ਬਾਰੇ ਬਹੁਤੇ ਲੇਖਕਾਂ ਨੇ ਇਨ੍ਹਾਂ ਇਤਿਹਾਸਕ ਸੋਮਿਆਂ ਤੱਕ ਬਹੁਤ ਘੱਟ ਪਹੁੰਚ ਕੀਤੀ ਹੈ ਅਤੇ ਉਂਜ ਵੀ ਇਹ ਲਿਖਤਾਂ 1982 ਵਿਚ ਹੀ ਛਪ ਕੇ ਜਨਤਾ ਦੇ ਸਾਹਮਣੇ ਆਈਆਂ। ਸ. ਕਪੂਰ ਸਿੰਘ ਦੀ 'ਸਾਚੀ ਸਾਖੀ' ਵੀ ਇਸ ਤੋਂ ਕਈ ਸਾਲ ਪਹਿਲਾਂ ਛਪ ਚੁੱਕੀ ਸੀ। ਇਸ ਤੋਂ ਇਲਾਵਾ ਸ. ਮੱਲ ਸਿੰਘ ਨੇ ਅੰਗਰੇਜ਼ੀ ਤੇ ਪੰਜਾਬੀ ਦੀਆਂ ਕਰੀਬ 27 ਕਿਤਾਬਾਂ ਦਾ ਵੀ ਨਿੱਠ ਕੇ ਵਿਸ਼ਲੇਸ਼ਣ ਕੀਤਾ ਹੈ ਜਿਸ ਵਿਚ ਕਈ ਜਿਲਦਾਂ ਵਿਚ ਛਪੀਆਂ ਉਹ ਵਿਸ਼ੇਸ਼ ਪੁਸਤਕਾਂ ਵੀ ਸ਼ਾਮਿਲ ਹਨ ਜੋ ਸੁਪਰੀਮ ਕੋਰਟ ਦੇ ਇਕ ਉਘੇ ਵਕੀਲ ਭਗਵਾਨ ਦਾਸ ਵੱਲੋਂ ਲਿਖੀਆਂ ਗਈਆਂ ਸਨ ਅਤੇ ਜੋ ਤੱਥਾਂ ਦੇ ਕਾਫੀ ਨਜ਼ਦੀਕ ਹਨ। ਇੰਜ ਲੇਖਕ ਨੇ ਯਤਨ ਕੀਤਾ ਹੈ ਕਿ ਇਤਿਹਾਸਕ ਤੱਥਾਂ ਨੂੰ ਹੀ ਆਧਾਰ ਬਣਾ ਕੇ ਬਣਦੇ ਸਿੱਟੇ ਕੱਢੇ ਜਾਣ ਅਤੇ ਸੁਣੀਆਂ ਸੁਣਾਈਆਂ ਤੇ ਮਨਘੜਤ ਗੱਲਾਂ ਨੂੰ ਤਰਜੀਹ ਨਾ ਦਿੱਤੀ ਜਾਵੇ ਜਿਵੇਂ ਕਿ ਕਈ ਲੇਖਕਾਂ ਨੇ ਇਸ ਤਰ੍ਹਾਂ ਦੇ ਯਤਨ ਕੀਤੇ ਵੀ ਹਨ। ਇਹ ਪੁਸਤਕ ਦੇ ਆਉਣ ਨਾਲ ਸਮੁੱਚੇ ਦੇਸ਼ ਦੇ ਅਤੇ ਵਿਸ਼ੇਸ਼ ਕਰ ਕੇ ਪੰਜਾਬ ਦੇ ਦਲਿਤ ਭਾਈਚਾਰੇ ਅਤੇ ਦਲਿਤ ਲੇਖਕਾਂ ਨੂੰ ਨਵੇਂ ਸਿਰਿਓਂ ਆਪਣੀਆਂ ਵਿਚਾਰਧਾਰਕ ਪੁਜ਼ੀਸ਼ਨਾਂ ਦਾ ਜਾਇਜ਼ਾ ਲੈਣ ਦਾ ਮੌਕਾ ਮਿਲੇਗਾ ਜੋ ਇਸ ਗੁਮਰਾਹਕੁੰਨ ਪ੍ਰਚਾਰ ਦਾ ਸ਼ਿਕਾਰ ਹਨ ਕਿ ਸਿੱਖ ਲੀਡਰਸ਼ਿਪ ਨੇ ਖੁਦ ਹੀ ਬਾਬਾ ਸਾਹਿਬ ਅੰਬੇਡਕਰ ਦੇ ਸਿੱਖ ਬਣਨ ਵਿਚ ਰੁਕਾਵਟਾਂ ਪਾਈਆਂ ਸੀ।

ਲੇਖਕ ਦੀ ਤੱਥ ਅਧਾਰਿਤ ਖੋਜ ਪੰਜ ਸਿੱਟੇ ਕੱਢਦੀ ਜਾਪਦੀ ਹੈ। ਇਕ, ਬਾਬਾ ਸਾਹਿਬ ਦੀ ਸਿੱਖ ਧਰਮ ਦੇ ਇਤਿਹਾਸ ਵਿਚ ਡੂੰਘੀ ਦਿਲਚਸਪੀ ਸੀ, ਉਨ੍ਹਾਂ ਨੇ ਗੰਭੀਰ ਕਿਤਾਬਾਂ ਦਾ ਮੁਤਾਲਿਆ ਕੀਤਾ ਸੀ ਅਤੇ ਇਸ ਗੱਲ ਦੇ ਸਬੂਤ ਮੌਜੂਦ ਹਨ ਕਿ ਉਹ ਸਿੱਖ ਧਰਮ ਅਪਨਾਉਣ ਦੀ ਤਾਂਘ ਰੱਖਦੇ ਸਨ। ਦੋ, ਉਸ ਦੌਰ ਦੇ ਸਿੱਖ ਆਗੂਆਂ ਅਤੇ ਸਮੁੱਖੀ ਸਿੱਖ ਲੀਡਰਸ਼ਿਪ ਨੇ ਉਨ੍ਹਾਂ ਦੀ ਇਸ ਰੀਝ ਦਾ ਤਹਿਦਿਲੋਂ ਸਵਾਗਤ ਕੀਤਾ ਅਤੇ ਉਨ੍ਹਾਂ ਵੱਲੋਂ ਦਿੱਤੇ ਸੁਝਾਵਾਂ ਉਤੇ ਸੱਚੇ ਦਿਲੋਂ ਅਮਲ ਵੀ ਕੀਤਾ। ਇਨ੍ਹਾਂ ਵਿਚੋਂ ਇਕ ਕੀਮਤੀ ਸੁਝਾਓ ਬੰਬਈ (ਹੁਣ ਮੁੰਬਈ) ਵਿਚ ਦਲਿਤਾਂ ਦੀ ਭਲਾਈ ਲਈ ਕਾਲਜ ਅਤੇ ਪ੍ਰਿੰਟਿੰਗ ਪ੍ਰੈਸ ਕਾਇਮ ਕਰਨਾ ਸ਼ਾਮਿਲ ਸੀ ਜੋ ਸਿੱਖ ਲੀਡਰਸ਼ਿਪ ਨੇ ਇਸ ਸੁਝਾਓ ਨੂੰ ਅਮਲੀ ਰੂਪ ਦਿੱਤਾ ਅਤੇ ਉਹ ਕਾਲਜ ਅੱਜ ਤੱਕ ਵੀ ਕਾਇਮ ਹੈ। ਉਥੇ ਹੀ ਪ੍ਰਿੰਟਿੰਗ ਪ੍ਰੈਸ ਤੋਂ ਬਾਬਾ ਸਾਹਿਬ ਤੋਂ ਮਰਾਠੀ ਵਿਚ ਅਖਬਾਰ 'ਜਨਤਾ' ਛਪਿਆ ਕਰਦਾ ਸੀ। ਤਿੰਨ, ਨਾ ਕਦੇ ਬਾਬਾ ਸਾਹਿਬ ਨੇ ਸਿੱਖ ਲੀਡਰਸ਼ਿਪ ਵਿਰੁਧ ਕੋਈ ਬਿਆਨਬਾਜ਼ੀ ਕੀਤੀ ਜਾਂ ਮਾੜਾ ਬੋਲਿਆ ਅਤੇ ਨਾ ਸਿੱਖ ਆਗੂਆਂ ਨੇ ਕਦੇ ਉਨ੍ਹਾਂ ਦੀ ਆਲੋਚਨਾ ਕੀਤੀ। ਇਸ ਸਬੰਧ ਵਿਚ ਮਹਾਰਾਸ਼ਟਰ ਸਰਕਾਰ ਵੱਲੋਂ ਛਾਪੀਆਂ ਇਤਿਹਾਸਕ ਦਸਤਾਵੇਜ਼ਾਂ ਵਿਚੋਂ ਕਿਸੇ ਇਕ ਥਾਂ 'ਤੇ ਵੀ ਸਿੱਧੇ ਜਾਂ ਅਸਿੱਧੇ ਰੂਪ ਵਿਚ ਇਹ ਜ਼ਿਕਰ ਨਹੀਂ ਮਿਲਦਾ ਜਿਸ ਵਿਚ ਬਾਬਾ ਸਾਹਿਬ ਨੇ ਜਾਂ ਸਿੱਖ ਆਗੂਆਂ ਨੇ ਇਕ ਦੂਜੇ ਵਿਰੁਧ ਕੋਈ ਬਿਆਨਬਾਜ਼ੀ ਕੀਤੀ ਹੋਵੇ। ਚਾਰ, ਬਾਬਾ ਸਾਹਿਬ ਨੇ ਸਿੱਖ ਨਾ ਬਣਨ ਪਿੱਛੇ ਜਿਹੜੇ ਦੋਸ਼ੀਆਂ ਦੀ ਨਿਸ਼ਾਨਦੇਹੀ ਕੀਤੀ ਉਨ੍ਹਾਂ ਵਿਚ ਦਲਿਤ ਆਗੂ ਐਮ ਸੀ ਰਾਜਾ, ਡਾ. ਮੂੰਜੇ ਅਤੇ ਗਾਂਧੀ ਵਗੈਰਾ ਸ਼ਾਮਿਲ ਸਨ। ਲੇਖਕ ਨੇ ਐਮ ਸੀ ਰਾਜਾ ਨੂੰ ਆਪਣੀ ਕਿਤਾਬ ਵਿਚ 'ਅਛੂਤਾਂ ਦਾ ਗੱਦਾਰ' ਕਿਹਾ ਹੈ ਜਿਸ ਨੇ 12 ਨਵੰਬਰ 1935 ਨੂੰ ਆਪਣੇ ਭਾਸ਼ਣ ਵਿਚ ਇਹ ਗੱਲ ਕਹੀ ਸੀ ਕਿ 'ਸਾਨੂੰ ਹਿੰਦੂ ਸਮਾਜ ਨਾਲੋਂ ਵੱਖ ਨਹੀਂ ਕੀਤਾ ਜਾ ਸਕਦਾ।' ਪੰਜ, 23 ਮਈ 1937 ਨੂੰ ਜੰਜ਼ੀਰਾ ਦੇ ਟਾਪੂ ਵਿਖੇ ਬਾਬਾ ਸਾਹਿਬ ਦੀ ਸਿੱਖ ਲੀਡਰਾਂ ਨਾਲ ਗੱਲਬਾਤ ਹੋਈ ਅਤੇ ਉਸ ਤੋਂ ਪਿੱਛੋਂ ਸਿੱਖ ਲੀਡਰਾਂ ਨਾਲ ਗੱਲਬਾਤ ਦੀ ਕੋਈ ਜਾਣਕਾਰੀ ਨਹੀਂ ਮਿਲਦੀ।

ਉਹ ਕਿਹੜੀ ਦਸਤਾਵੇਜ਼ ਹੈ ਜੋ ਇਸ ਗੱਲ ਵੱਲ ਸਪੱਸ਼ਟ ਇਸ਼ਾਰਾ ਕਰਦੀ ਹੈ ਕਿ ਬਾਬਾ ਸਾਹਿਬ ਅੰਬੇਡਕਰ ਸਿੱਖ ਬਣਨ ਦੀ ਤਾਂਘ ਰੱਖਦੇ ਸਨ ? ਇਸ ਦੇ ਰਾਹ ਵਿਚ ਕੌਣ ਕੌਣ ਕਿਸ ਕਿਸ ਤਰ੍ਹਾਂ ਦੀਆਂ ਰੁਕਾਵਟਾਂ ਖੜ੍ਹੀਆਂ ਕਰ ਰਹੇ ਸਨ ? ਸ. ਮੱਲ ਸਿੰਘ ਨੇ ਇਸ ਦਿਸ਼ਾ ਵਿਚ ਉਹ ਦਸਤਾਵੇਜ਼ ਵੀ ਪੇਸ਼ ਕੀਤੀ ਹੈ ਅਤੇ ਨਾਲ ਹੀ ਇਸ ਦਸਤਾਵੇਜ਼ ਦਾ ਵਿਸ਼ਲੇਸ਼ਣ ਕਰਨ ਤੋਂ ਇਲਾਵਾ ਇਸ ਦਸਤਾਵੇਜ਼ ਦੇ ਜੱਗ ਜ਼ਾਹਿਰ ਹੋ ਜਾਣ ਨਾਲ ਨਿਕਲਣ ਵਾਲੇ ਨਤੀਜਿਆਂ ਦਾ ਵੀ ਜ਼ਿਕਰ ਕੀਤਾ ਹੈ। ਅਸਲ ਵਿਚ ਇਹ ਦਸਤਾਵੇਜ਼ ਇਕ ਅਜਿਹਾ ਬਿੰਦੂ ਹੈ ਜਿਸ ਵਿਚ ਬਾਬਾ ਸਾਹਿਬ ਦਾ ਸਿੱਖ ਧਰਮ ਨਾਲ ਮਿਲਣ ਦਾ ਇਕ ਇਕਰਾਰਨਾਮਾ ਵੀ ਹੈ ਅਤੇ ਇਹੋ ਬਿੰਦੂ ਹੈ ਜਿਥੋਂ ਬਾਬਾ ਸਾਹਿਬ ਦਾ ਸਿੱਖ ਧਰਮ ਨਾਲੋਂ ਵਿਛੜਨ ਦਾ ਦੁਖਾਂਤ ਵੀ ਬਣਦਾ ਹੈ। ਸ. ਮੱਲ ਸਿੰਘ ਬਾਬਾ ਸਾਹਿਬ ਦੇ ਸਿੱਖ ਧਰਮ ਤੋਂ ਉਪਰਾਮ ਹੋ ਜਾਣ ਪਿੱਛੇ ਦੋ ਵਿਅਕਤੀਆਂ ਨੂੰ ਪ੍ਰਮੁੱਖ ਦੋਸ਼ੀ ਵਾਰ ਵਾਰ ਠਹਿਰਾਉਂਦੇ ਹਨ। ਇਨ੍ਹਾਂ ਵਿਚੋਂ ਇਕ ਡਾ. ਮੂੰਜੇ ਅਤੇ ਦੂਜਾ ਐਮ ਸੀ ਰਾਜਾ ਹੈ। ਇਥੇ ਇਹ ਚੇਤੇ ਕਰਾਇਆ ਜਾਂਦਾ ਹੈ ਕਿ ਇਸ ਦਸਤਾਵੇਜ਼ ਦਾ ਨਾਂ ਅੰਬੇਡਕਰ ਫਾਰਮੂਲਾ ਅਤੇ ਸਟੇਟਮੈਂਟ ਹੈ ਅਤੇ ਇਹ ਸਮਝੌਤਾ ਡਾ. ਅੰਬੇਡਕਰ ਅਤੇ ਡਾ. ਮੂੰਜੇ ਦਰਮਿਆਨ ਹੁੰਦਾ ਹੈ। ਇਹ ਸਮਝੌਤਾ ਜੂਨ 1936 ਦੇ ਤੀਜੇ ਹਫਤੇ 'ਚ ਹੋਇਆ। ਇਹ ਇਕਦਮ ਨਿੱਜੀ ਅਤੇ ਗੁਪਤ ਸੀ। ਇਸੇ ਹੀ ਸਮਝੌਤੇ ਵਿਚ ਡਾ. ਅੰਬੇਡਕਰ ਸਾਹਿਬ ਦੇ ਸਿੱਖ ਬਣਨ ਦਾ ਐਲਾਨ ਹੈ। ਪਰ ਡਾ. ਮੂਜੇ ਨੇ ਇਸ ਗੁਪਤ ਲਿਖਤ ਨੂੰ ਬਾਬਾ ਸਾਹਿਬ ਤੋਂ ਪੁੱਛੇ ਤੋਂ ਬਿਨਾਂ ਐਮ ਸੀ ਰਾਜਾ ਨੂੰ 30 ਜੂਨ ਨੂੰ ਭੇਜ ਦਿੱਤਾ। ਲੇਖਕ ਮੁਤਾਬਕ ਰਾਜਾ ਕਿਉਂਕਿ ਗਾਂਧੀ ਦਾ ਪੱਕਾ ਪੈਰੋਕਾਰ ਸੀ, ਉਸਨੇ ਤੁਰਤ ਇਹ ਖਬਰ ਗਾਂਧੀ ਜੀ ਨੂੰ ਪਹੁੰਚਾ ਦਿੱਤੀ ਅਤੇ ਗਾਂਧੀ ਜੀ ਨੇ ਇਸ ਨੂੰ ਆਪਣੇ ਅਖਬਾਰ ਵਿਚ ਛਾਪ ਦਿੱਤਾ। ਇਸ ਤੋਂ ਬਿਨਾਂ ਇਹ ਹੋਰਨਾਂ ਅਖਬਾਰਾਂ ਵਿਚ ਵੀ ਛਪ ਗਿਆ। ਇਸ ਪਿੱਛੋਂ ਸਿੱਖ ਧਰਮ ਤੋਂ ਡਾ. ਸਾਹਿਬ ਦੀਆਂ ਦੂਰੀਆਂ ਕਰਾਉਣ ਲਈ ਬਿਰਲਾ, ਮਹਾਤਮਾ ਗਾਂਧੀ, ਆਚਾਰੀਆ ਕ੍ਰਿਪਲਾਨੀ ਅਤੇ ਹੋਰ ਹਿੰਦੂ ਆਗੂਆਂ ਨੇ ਆਪਣੀ ਆਪਣੀ ਥਾਂ 'ਤੇ ਮੋਰਚੇ ਸੰਭਾਲ ਲਏ। ਜਦੋਂ ਬਾਬਾ ਸਾਹਿਬ ਅੰਬੇਡਕਰ ਨੂੰ ਇਹ ਪਤਾ ਲੱਗਿਆ ਤਾਂ ਉਨ੍ਹਾਂ ਨੂੰ ਇਸ ਦਾ ਬਹੁਤ ਦੁੱਖ ਹੋਇਆ। ਉਨ੍ਹਾਂ ਨੇ ਰਾਜੇ ਨੂੰ ਵੀ 'ਲਾਹਨਤਾਂ' ਪਾਈਆਂ ਅਤੇ 15 ਅਗੱਸਤ 1936 ਨੂੰ ਜਨਤਾ ਅਖਬਾਰ ਵਿਚ ਟਿੱਪਣੀ ਕਰਦਿਆਂ ਪੰਜ ਵਿਅਕਤੀਆਂ ਨੂੰ ਇਸ ਮਾਮਲੇ ਵਿਚ ਦੋਸ਼ੀ ਠਹਿਰਾ ਦਿੱਤਾ। ਇਨ੍ਹਾਂ ਵਿਅਕਤੀਆਂ ਵਿਚ ਗਾਂਧੀ, ਰਾਜਾ, ਡਾ. ਮੂੰਜੇ, ਰਾਜਗੋਪਾਲ ਆਚਾਰੀਆ ਤੇ ਮਦਨ ਮੋਹਨ ਮਾਲਵੀਆ ਸ਼ਾਮਿਲ ਹਨ। ਲੇਖਕ ਨੇ ਧਰਮ ਬਦਲੀ ਲਹਿਰ ਦੇ ਜਿਨ੍ਹਾਂ ਹੋਰ ਦੁਸ਼ਮਨਾਂ ਦਾ ਜ਼ਿਕਰ ਕੀਤਾ ਹੈ, ਉਨ੍ਹਾਂ ਵਿਚ ਕਾਂਗਰਸ ਪਾਰਟੀ, ਦੇਸ਼ ਦਾ ਹਰ ਹਿੰਦੂ, ਆਰੀਆ ਸਮਾਜੀ, ਹਿੰਦੂ ਮਹਾਂਸਭਾ ਦੀ ਪੰਜਾਬ ਇਕਾਈ, ਜਾਤਪਾਤ ਤੋੜਕ ਮੰਡਲ ਅਤੇ ਕਾਂਗਰਸ ਪਾਰਟੀ ਵਿਚ ਬੈਠੇ ਝੋਲੀਚੁੱਕ ਅਛੂਤ ਲੀਡਰ ਸ਼ਾਮਿਲ ਹਨ।

ਜੇ ਇਹ ਦਸਤਾਵੇਜ਼ ਲੀਕ ਨਾ ਹੁੰਦੀ ਤਾਂ ਦਲਿਤਾਂ ਦਾ ਇਤਿਹਾਸ ਅਤੇ ਉਨ੍ਹਾਂ ਦੀ ਤਰਜ਼-ਏ-ਜ਼ਿੰਦਗੀ ਹੋਰ ਹੀ ਹੋਣੀ ਸੀ ਅਤੇ ਨਾਲ ਹੀ ਸਿੱਖ ਇਤਿਹਾਸ ਦੀ ਰੂਪਰੇਖਾ, ਇਸ ਦੀ ਅੰਦਰਲੀ ਬਾਹਰਲੀ ਨੁਹਾਰ ਅਤੇ ਇਸ ਦੇ ਸ਼ਾਨਾਮੱਤੇ ਅਮਲਾਂ ਨੂੰ ਨਵੀਂ ਤਾਜ਼ਗੀ ਹਾਸਲ ਹੋਣੀ ਸੀ। ਇਥੇ ਇਹ ਵੀ ਚੇਤੇ ਕਰਾਇਆ ਜਾਂਦਾ ਹੈ ਕਿ ਮਹਾਰਾਸ਼ਟਰ ਸਰਕਾਰ ਵੱਲੋਂ ਛਾਪੀ ਇਹ ਇਤਿਹਾਸਕ ਦਸਤਾਵੇਜ਼ ਜਾਂ ਇਸ ਦੇ ਇਰਦ ਗਿਰਦ ਵਾਪਰਨ ਵਾਲੀਆਂ ਘਟਨਾਵਾਂ ਅਤੇ ਇਨ੍ਹਾਂ ਨਾਲ ਸਬੰਧਤ ਹੋਰ ਕਿਸੇ ਵੀ ਦਸਤਾਵੇਜ਼ੀ ਜਾਂ ਬਿਆਨ ਵਿਚ ਨਾ ਕਿਤੇ ਮਾਸਟਰ ਤਾਰਾ ਸਿੰਘ ਦਾ ਜ਼ਿਕਰ ਆਉਂਦਾ ਹੈ, ਨਾ ਹੀ ਸਿੱਖ ਲੀਡਰਸ਼ਿਪ ਉਤੇ ਕੋਈ ਦੋਸ਼ ਆਇਦ ਹੁੰਦਾ ਹੈ ਅਤੇ ਨਾ ਹੀ ਬਾਬਾ ਸਾਹਿਬ ਅੰਬੇਡਕਰ ਦਾ ਕੋਈ ਬਿਆਨ ਜਾਂ ਟਿੱਪਣੀ ਮਿਲਦੀ ਹੈ ਜਿਸ ਤੋਂ ਪਤਾ ਲੱਗੇ ਕਿ ਉਨ੍ਹਾਂ ਨੇ ਸਿੱਖ ਲੀਡਰਸ਼ਿਪ ਦੇ ਰਵੱਈਏ ਕਾਰਨ ਹੀ ਸਿੱਖ ਧਰਮ ਵਿਚ ਸ਼ਾਮਿਲ ਹੋਣ ਦਾ ਆਪਣਾ ਇਰਾਦਾ ਬਦਲ ਲਿਆ ਸੀ। ਇਸ ਤੋਂ ਉਲਟ ਸਗੋਂ ਇਸ ਤਰ੍ਹਾਂ ਦੀਆਂ ਅਨੇਕਾਂ ਮਿਸਾਲਾਂ ਮਿਲਦੀਆਂ ਹਨ ਜਦੋਂ ਬਾਬਾ ਸਾਹਿਬ ਆਪਣੇ ਭਾਸ਼ਣਾਂ ਵਿਚ ਧਰਮ ਬਦਲੀ ਦੇ ਸਬੰਧ ਵਿਚ ਹੋਰਨਾਂ ਧਰਮਾਂ ਦਾ ਜ਼ਿਕਰ ਕਰਦਿਆਂ ਸਿੱਖ ਧਰਮ ਵਿਚ ਵੀ ਆਪਣੀ ਦਿਲਚਸਪੀ ਜ਼ਾਹਿਰ ਕਰਦੇ ਹਨ ਅਤੇ ਮੱਲ ਸਿੰਘ ਨੇ ਕਈ ਥਾਈਂ ਕਿਤਾਬਾਂ ਦਾ ਹਵਾਲਾ ਦਿੰਦਿਆਂ ਇਨ੍ਹਾਂ ਤੱਥਾਂ ਦੀ ਵਿਆਖਿਆ ਕੀਤੀ ਹੈ। 'ਹੁਣ ਜੇਕਰ 1935 ਤੋਂ 1937 ਦੇ ਘਟਨਾਕ੍ਰਮ ਨੂੰ ਬਾਰੀਕੀ ਨਾਲ ਵੇਖਿਆ ਜਾਵੇ ਤਾਂ ਲੇਖਕ ਦੇ ਆਪਣੇ ਸ਼ਬਦਾਂ ਮੁਤਾਬਕ ਬਾਬਾ ਸਾਹਿਬ ਅੰਬੇਡਕਰ ਜੀ ਦੀ ਸਿੱਖ ਲੀਡਰਾਂ ਨਾਲ ਗੱਲਬਾਤ 23 ਮਈ 1937 ਨੂੰ ਹੀ ਮੁੰਬਈ

ਬਾਕੀ ਸਫ਼ਾ 32 'ਤੇ

# 17ਵੀਂ ਸਦੀ 'ਚ ਸਿੱਖ ਧਰਮ ਦਾ ਪ੍ਰਚਾਰ ਤੇ ਪਸਾਰ

**ਬਲਵੰਤ ਸਿੰਘ ਢਿੱਲੋਂ**

17ਵੀਂ ਸਦੀ ਦੇ ਆਰੰਭ ਵਿਚ ਭਾਰਤ ਵਿਚ ਸਿੱਖ ਪੰਥ ਦੀ ਸਥਿਤੀ ਬਾਰੇ 'ਦਬਿਸਤਾਨ-ਏ-ਮਜ਼ਾਹਿਬ' ਦਾ ਲੇਖਕ ਦੱਸਦਾ ਹੈ ਕਿ ਗੁਰੂ ਅਰਜਨ ਦੇਵ ਸਮੇਂ ਸਿੱਖਾਂ ਦੀ ਗਿਣਤੀ ਏਨੀ ਵਧ ਗਈ ਸੀ ਕਿ ਮੁਲਕ ਵਿਚ ਕੋਈ ਵੱਡਾ ਸ਼ਹਿਰ ਅਜਿਹਾ ਨਹੀਂ ਸੀ, ਜਿੱਥੇ ਕੁਝ ਨਾ ਕੁਝ ਸਿੱਖ ਨਾ ਵਸਦੇ ਹੋਣ। ਭਾਈ ਗੁਰਦਾਸ ਨੇ ਗੁਰੂ ਅਰਜਨ ਦੇਵ ਜੀ ਦੇ ਸਮੇਂ ਪੰਜਾਬ ਤੋਂ ਬਾਹਰ ਕਾਬਲ, ਕਸ਼ਮੀਰ, ਫਤਿਹਪੁਰ ਤੇ ਆਗਰੇ ਵਿਚ ਸਿੱਖ ਸੰਗਤਾਂ ਦੀ ਸਥਾਪਨਾ ਦਾ ਜ਼ਿਕਰ ਕੀਤਾ ਹੈ। ਦਰਅਸਲ ਗੁਰੂ ਅਰਜਨ ਦੇਵ ਜੀ ਦੇ ਧਰਮ ਪ੍ਰਚਾਰ ਨਾਲ ਸਿੱਖ ਪੰਥ ਦਾ ਪੰਜਾਬ ਵਿਚ ਬਹੁਤ ਵਿਕਾਸ ਹੋਇਆ। ਆਮ ਤੌਰ 'ਤੇ ਗੁਰੂ ਹਰਿਗੋਬਿੰਦ ਸਿੰਘ ਜੀ ਦਾ ਸਮਾਂ ਸਿਖ ਪੰਥ ਦੇ ਮੁਗਲ ਸਰਕਾਰ ਨਾਲ ਹਥਿਆਰਬੰਦ ਸੰਘਰਸ਼ ਲਈ ਪ੍ਰਸਿੱਧ ਹੈ ਤੇ ਇਸ ਕਰਕੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਸਿੱਖੀ ਦੇ ਪ੍ਰਚਾਰ-ਪ੍ਰਸਾਰ ਦਾ ਗੁਰੂ ਅਰਜਨ ਦੇਵ ਜੀ ਨਾਲੋਂ ਘੱਟ ਮੌਕਾ ਮਿਲਿਆ ਹੈ। ਪੂਰਬੀ ਭਾਰਤ ਵਿਚ ਸਿੱਖ ਧਰਮ ਦਾ ਪ੍ਰਚਾਰ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਆਰੰਭ ਹੋ ਗਿਆ ਸੀ। ਗੁਰੂ ਨਾਨਕ ਦੇਵ ਜੀ ਦੁਆਰਾ ਪੂਰਬ ਦੀ ਉਦਾਸੀ ਸਮੇਂ ਬਿਹਾਰ, ਬੰਗਾਲ ਤੇ ਆਸਾਮ ਦੇ ਪ੍ਰਮੁੱਖ ਕੇਂਦਰਾਂ ਦੀ ਯਾਤਰਾ ਕੀਤੀ ਗਈ ਪਰ ਗੁਰੂ ਅਮਰਦਾਸ ਜੀ ਦੇ ਸਮੇਂ ਸਿੱਖ ਧਰਮ ਦੇ ਪ੍ਰਚਾਰ ਤੇ ਸੰਗਠਨ ਦੀ ਕਾਇਮੀ ਲਈ 'ਮੰਜੀ ਸੰਸਥਾ' ਦੀ ਸਥਾਪਨਾ ਕੀਤੀ। ਪੂਰਬੀ ਭਾਰਤ ਦਾ ਇਲਾਕਾ 16ਵੀਂ ਸਦੀ ਦੇ ਅਖੀਰ ਤੱਕ ਸਿੱਖ ਪੰਥ ਦੀ ਪ੍ਰਚਾਰ ਜਥੇਬੰਦੀ ਦੇ ਘੇਰੇ ਤੋਂ ਬਾਹਰ ਸੀ।

ਉਪਰੋਕਤ ਮੱਤ ਦੀ ਪੁਸ਼ਟੀ ਭਾਈ ਗੁਰਦਾਸ ਜੀ ਦੀ ਰਚਨਾ ਤੋਂ ਵੀ ਹੋ ਜਾਂਦੀ ਹੈ। ਉਨ੍ਹਾਂ ਅਨੁਸਾਰ ਗੁਰੂ ਅਰਜਨ ਦੇਵ ਜੀ ਦੇ ਸਮੇਂ ਆਗਰੇ ਤੋਂ ਅਗਾਂਹ ਪੂਰਬ ਦਿਸ਼ਾ ਵਿਚ ਸਿੱਖ ਸੰਗਤਾਂ ਹਾਲੇ ਸਥਾਪਿਤ ਨਹੀਂ ਸਨ ਹੋਈਆਂ। ਇਸ ਦਾ ਮੁੱਖ ਕਾਰਣ ਸ਼ਾਇਦ ਇਹ ਸੀ ਕਿ ਗੁਰੂ ਨਾਨਕ ਜੀ ਤੋਂ ਬਾਅਦ ਪੰਜਵੇਂ ਪਾਤਸ਼ਾਹ ਤੱਕ ਸਿੱਖ ਗੁਰੂਆਂ ਨੇ ਸਿੱਖ ਧਰਮ ਦੇ ਪ੍ਰਚਾਰ ਤੇ ਸੰਗਠਨ ਲਈ ਆਪਣਾ ਜ਼ਿਆਦਾਤਰ ਧਿਆਨ ਪੰਜਾਬ ਉੱਤੇ ਹੀ ਕੇਂਦਰਿਤ ਰੱਖਿਆ ਸੀ।

ਪੰਜਾਬ ਤੋਂ ਬਾਹਰ ਸਿੱਖੀ ਕਿਵੇਂ ਫੈਲੀ : ਪੰਜਾਬ ਤੋਂ ਬਾਹਰ ਖਾਸ ਤੌਰ 'ਤੇ ਪੂਰਬੀ ਭਾਰਤ ਵਿਚ ਪੰਥ ਦੇ ਪ੍ਰਸਾਰ ਵਿਚ ਕੁਝ ਘਟਨਾਵਾਂ, ਵਿਅਕਤੀਆਂ ਤੇ ਸੰਸਥਾਵਾਂ ਦੀ ਬੜੀ ਵਿਸ਼ੇਸ਼ ਭੂਮਿਕਾ ਰਹੀ ਹੈ। ਇਸ ਸੰਦਰਭ ਵਿਚ ਗੁਰੂ ਹਰਿਗੋਬਿੰਦ ਜੀ ਦੀ ਗਵਾਲੀਅਰ ਦੇ ਕਿਲ੍ਹੇ ਅੰਦਰ ਕੈਦ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹੈ। ਭਾਵੇਂ ਮੁਗਲ ਸਰਕਾਰ ਦਾ ਸਿੱਖ ਪੰਥ ਪ੍ਰਤੀ ਵਿਰੋਧੀ ਰਵੱਈਆ, ਗੁਰੂ ਹਰਿਗੋਬਿੰਦ ਸਾਹਿਬ ਦੀ ਗ੍ਰਿਫ਼ਤਾਰੀ ਤੇ ਕੈਦ ਸਿੱਖ ਧਰਮ ਦੇ ਪ੍ਰਚਾਰ ਲਈ ਕੋਈ ਸੁਖਾਵੀਂ ਸਥਿਤੀ ਨੂੰ ਨਹੀਂ ਪ੍ਰਗਟਾਉਂਦਾ ਪਰ ਜਾਪਦਾ ਹੈ ਕਿ ਗੁਰੂ ਸਾਹਿਬ ਦੀ ਗਵਾਲੀਅਰ ਵਿਚਲੀ ਕੈਦ ਸਿੱਖ ਪੰਥ ਦੇ ਪ੍ਰਸਾਰ ਲਈ ਵਰਦਾਨ ਸਾਬਤ ਹੋਈ। ਇਸ ਦਾ ਮੁੱਖ ਕਾਰਣ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗਵਾਲੀਅਰ ਕਿਲ੍ਹੇ ਅੰਦਰ ਡੱਕੇ ਹੋਣ ਕਰਕੇ ਸਿੱਖ ਸੰਗਤਾਂ ਉਨ੍ਹਾਂ ਦੇ ਦਰਸ਼ਨਾਂ ਲਈ ਉਧਰ ਜਾਣੀਆਂ ਸ਼ੁਰੂ ਹੋ ਗਈਆਂ ਸਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬ ਤੋਂ ਸਿੱਖ ਸੰਗਤਾਂ ਦੇ ਗਵਾਲੀਅਰ ਤੱਕ ਆਉਣ ਨਾਲ ਸਿੱਖ ਪੰਥ ਦੀ ਆਮ ਲੋਕਾਂ ਵਿਚ ਜਾਣ ਪਹਿਚਾਣ ਹੋਰ ਵਧ ਗਈ ਹੋਵੇਗੀ।

ਸਿੱਖ ਰਵਾਇਤ ਅਨੁਸਾਰ ਗਵਾਲੀਅਰ ਦੀ ਕੈਦ ਤੋਂ ਰਿਹਾਈ ਉਪਰੰਤ ਗੁਰੂ ਹਰਿਗੋਬਿੰਦ ਜੀ ਕਮਾਉਂ ਗੜਵਾਲ ਦੇ ਇਲਾਕੇ ਵਿਚ ਵੀ ਪਹੁੰਚੇ ਸਨ। (ਡਾ. ਗੰਡਾ ਸਿੰਘ (ਸੰਪਾਦਕ), 'ਮਾਖਿਹ ਤਵਾਰੀਖ ਸਿੱਖਾਂ, ਸਿੱਖ ਹਿਸਟਰੀ ਸੁਸਾਇਟੀ, ਅੰਮ੍ਰਿਤਸਰ, 1949, ਪੰਨਾ 38)

ਗੁਰੂ ਸਾਹਿਬ ਦੇ ਉਦਾਸੀ ਸਾਧੂ ਅਲਮਸਤ ਦੀ ਸਹਾਇਤਾ ਲਈ ਨਾਨਕ-ਮਤੇ ਪਹੁੰਚਣ ਦੇ ਹਵਾਲੇ ਵੀ ਮਿਲਦੇ ਹਨ। ਉਨ੍ਹਾਂ ਦੀ ਸ੍ਰੀਨਗਰ (ਗੜ੍ਹਵਾਲ) ਵਿਚ ਮਰਾਠਾ ਸੰਤ ਰਾਮਦਾਸ ਨਾਲ ਭੇਂਟ-ਵਾਰਤਾ ਦੀ ਸੂਹ ਵੀ ਮਿਲਦੀ ਹੈ। (Ganda Singh "Guru Hargobind and Samrath Ram Das" in "Punjab Past and Present', Punjab University Patiala, April 1979, p. 241)

ਇਸੇ ਤਰ੍ਹਾਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪੰਜਾਬ ਤੋਂ ਗੰਗਾ ਕਿਨਾਰੇ ਕਿਸੇ ਸਥਾਨ ਦੀ ਯਾਤਰਾ ਦਾ ਵੇਰਵਾ ਵੀ ਮਿਲਦਾ ਹੈ। (ਕੇਸਰ ਸਿੰਘ ਛਿੱਬਰ, 'ਬੰਸਾਵਲੀਨਾਮਾ', ਮੈਗਜ਼ੀਨ 'ਪਰਖ' ਪੰਜਾਬੀ ਯੂਨੀਵਰਸਿਟੀ ਪਟਿਆਲਾ, ਚੰਡੀਗੜ੍ਹ 1972, ਪੰਨਾ 63) ਇੰਜ ਗੁਰੂ ਹਰਿਗੋਬਿੰਦ ਜੀ ਦੀਆਂ ਪੂਰਬ ਦਿਸ਼ਾ ਵਿਚ ਕੀਤੀਆਂ ਯਾਤਰਾਵਾਂ ਕਾਰਣ ਸਿੱਖ ਪੰਥ ਦਾ ਪੂਰਬੀ ਭਾਰਤ ਵਿਚ ਪ੍ਰਵੇਸ਼ ਆਰੰਭ ਹੋਇਆ।

**ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਸਿੱਖੀ ਪ੍ਰਚਾਰ :** ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗੁਰਗੱਦੀ ਕਾਲ ਵਿਚ ਉਦਾਸੀ ਸੰਪਰਦਾ ਦਾ ਪੁਨਰ ਗਠਨ ਕਰਕੇ ਚਾਰ ਧੂੰਏ ਸਥਾਪਿਤ ਕੀਤੇ ਗਏ ਸਨ। ਇਨ੍ਹਾਂ ਵਿਚੋਂ ਇਕ ਦੇ ਬਾਨੀ ਅਲਮਸਤ ਨੂੰ ਪੂਰਬੀ ਭਾਰਤ ਵਿਚ ਸਿੱਖ ਧਰਮ ਦੇ ਪ੍ਰਚਾਰ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ। ਅਲਮਸਤ ਨੇ ਜੋਗੀਆਂ ਦੀ ਵਿਰੋਧਤਾ ਦੇ ਬਾਵਜੂਦ ਗੁਰੂ ਹਰਿਗੋਬਿੰਦ ਜੀ ਦੀ ਸਹਾਇਤਾ ਨਾਲ ਪੂਰਬੀ ਭਾਰਤ ਵਿਚ ਨਾਨਕ ਮਤੇ ਰੂਪ ਵਿਚ ਪਹਿਲਾ ਸਿੱਖ ਕੇਂਦਰ ਸਥਾਪਿਤ ਕੀਤਾ। 17ਵੀਂ ਦੇ ਅੰਤ ਵਿਚ ਸੁਜਾਨ ਰਾਇ ਭੰਡਾਰੀ ਵੀ ਨਾਨਕ ਮਤੇ ਵਿਚ ਸਿੱਖਾਂ ਦੇ ਇਕੱਤਰ ਹੋਣ ਤੇ ਨਾਮ ਬਾਣੀ ਦਾ ਅਭਿਆਸ ਕਰਨ ਦੀ ਗਵਾਹੀ ਦਿੰਦਾ ਹੈ। ('ਖੁਲਸਾਤੁਤ ਤਵਾਰੀਖ' (ਪੰਜਾਬੀ ਅਨੁਵਾਦ), ਪੰਜਾਬੀ ਯੂਨੀਵਰਸਿਟੀ ਪਟਿਆਲਾ, 1972, ਪੰਨਾ 38)

ਸ਼ਾਇਦ ਅਲਮਸਤ ਪਹਿਲਾ ਸਿੱਖ ਪ੍ਰਚਾਰਕ ਸੀ, ਜਿਸ ਨੇ ਪੂਰਬੀ ਭਾਰਤ ਵਿਚ ਗੁਰੂ ਨਾਨਕ ਦੇਵ ਜੀ ਦੀ ਚਰਨ-ਛੂਹ ਪ੍ਰਾਪਤ ਧਾਮਾਂ ਨੂੰ ਲੱਭ ਕੇ ਸੰਗਤਾਂ ਸਥਾਪਿਤ ਕਰਨ ਦਾ ਉੱਦਮ ਕੀਤਾ। ਉਹ ਖੁਦ ਸਿੱਖ ਧਰਮ ਦਾ ਪ੍ਰਚਾਰ ਕਰਦਾ ਹੋਇਆ ਉੜੀਸਾ ਵਿਚ ਜਗਨਨਾਥ ਪੁਰੀ ਤੱਕ ਪਹੁੰਚ ਗਿਆ ਸੀ। ਗੁਰੂ ਹਰਿਗੋਬਿੰਦ ਜੀ ਦੇ ਹੁਕਮ ਅਨੁਸਾਰ ਅਲਮਸਤ ਨੇ ਢਾਕਾ ਨਜ਼ਦੀਕ ਸੁਜਾਤਪੁਰ ਵਿਚ ਸਿੱਖ ਧਰਮਸ਼ਾਲ ਵੀ ਕਾਇਮ ਕੀਤੀ ਸੀ। ਗੁਰੂ ਹਰਿਗੋਬਿੰਦ ਜੀ ਦੀ ਆਗਿਆ ਨਾਲ ਅਲਮਸਤ ਦੇ ਚੇਲੇ ਭਾਈ ਨੱਥਾ ਨੇ ਬੰਗਾਲ ਵਿਚ ਮਥਰਪੁਰ ਦੇ ਸਥਾਨ ਉੱਤੇ ਸਿੱਖ ਧਰਮ ਦੇ ਪ੍ਰਚਾਰ ਦਾ ਕੇਂਦਰ ਵੀ ਕਾਇਮ ਕੀਤਾ।

ਜੀਬੀ. ਸਿੰਘ ਨੇ ਪੱਛਮੀ ਬੰਗਾਲ ਵਿਚ ਸਿੱਖ ਪੰਥ ਦੇ ਯਾਦਗਾਰੀ ਸਥਾਨਾਂ ਦੀ ਖੋਜ ਕਰਦਿਆਂ ਢਾਕਾ ਨਜ਼ਦੀਕ ਸੁਜਾਤਪੁਰ ਵਿਚ ਭਾਈ ਨੱਥਾ, ਜੋ ਅਲਮਸਤ ਦੀ ਪਰੰਪਰਾ ਵਿਚੋਂ ਤੀਸਰੇ ਸਥਾਨ ਸੀ, ਚੇਲੇ ਦੁਆਰਾ ਸਿੱਖ ਧਰਮਸ਼ਾਲਾ ਵਿਚਲੇ ਖੂਹ ਦੀ ਮੁਰੰਮਤ ਦਾ ਹਵਾਲਾ ਦਿੱਤਾ ਹੈ। ਉਨ੍ਹਾਂ ਦਾ ਵਿਚਾਰ ਹੈ ਕਿ ਸੁਜਾਤਪੁਰ ਦੀ ਧਰਮਸ਼ਾਲਾ ਅਲਮਸਤ ਨੇ ਕਾਇਮ ਕੀਤੀ ਸੀ। (G. B. Singh 'Sikh Relics in Eastern Bengal', Punjab Past and Present Punjabi University Patiala, Vol I, 1961, p. 76)

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਪੂਰਬ ਵਿਚ ਸਿੱਖ ਧਰਮ ਦੇ



ਪ੍ਰਚਾਰ ਲਈ ਆਪਣੇ ਪ੍ਰਸਿੱਧ ਸਿੱਖਾਂ ਨੂੰ ਵੀ ਪੂਰਬੀ ਭਾਰਤ ਵਿਚ ਭੇਜਿਆ ਸੀ। ਬਿਧੀ ਚੰਦ ਬਾਰੇ ਦੱਸਿਆ ਜਾਂਦਾ ਹੈ ਕਿ ਬਿਹਾਰ ਵਿਚ ਦੇਓਨਗਰ ਨੂੰ ਆਪਣਾ ਕੇਂਦਰ ਬਣਾ ਕੇ ਸਿੱਖ ਧਰਮ ਦਾ ਪ੍ਰਚਾਰ ਕਰਦਾ ਰਿਹਾ ਤੇ ਉਸ ਦਾ ਦੇਹਾਂਤ ਵੀ ਉੱਥੇ ਹੋਇਆ ਸੀ। (ਭਾਈ ਕਾਹਨ ਸਿੰਘ ਨਾਭਾ ਮਹਾਨ ਕੋਸ਼ ਭਾਸ਼ਾ ਵਿਭਾਗ ਪਟਿਆਲਾ 1974 ਪੰਨਾ 871)।

ਪੂਰਬੀ ਭਾਰਤ ਵਿਚ ਸਿੱਖ ਧਰਮ ਦੇ ਪ੍ਰਚਾਰ ਲਈ ਭਾਈ ਗੁਰਦਾਸ ਜੀ ਦਾ ਬਨਾਰਸ ਪਹੁੰਚਣਾ ਵੀ ਬੜਾ ਮਹੱਤਵਪੂਰਨ ਹੈ। ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਹਿੰਦੂ ਮਿਥਿਹਾਸ ਤੇ ਪ੍ਰਤੀਕਾਂ ਦੀ ਵਰਤੋਂ ਤੇ ਸੰਸਕ੍ਰਿਤ ਦਾ ਪ੍ਰਭਾਵ ਇਹ ਸੁਝਾਉਂਦਾ ਹੈ ਕਿ ਉਹ ਬਨਾਰਸ ਦੇ ਧਾਰਮਿਕ ਤੇ ਬੌਧਿਕ ਮਾਹੌਲ ਤੋਂ ਚੰਗੀ ਤਰ੍ਹਾਂ ਵਾਕਿਫ਼ ਸਨ। ਇੰਝ 17ਵੀਂ ਸਦੀ ਦੇ ਮੁੱਢ ਵਿਚ ਨਾਨਕ-ਮਤੇ ਤੋਂ ਬਾਅਦ ਬਨਾਰਸ ਦੂਜਾ ਸਿੱਖ ਕੇਂਦਰ ਸੀ, ਜੋ ਭਾਈ ਗੁਰਦਾਸ ਜੀ ਰਾਹੀਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਕਾਇਮ ਹੋਇਆ। ਪੂਰਬ ਵਿਚ ਸਿੱਖ ਪੰਥ ਦੇ ਪ੍ਰਸਾਰ ਤੇ ਸੰਗਠਨ ਵਿਚ ਸਭ ਤੋਂ ਵਧੇਰੇ ਤੇ ਮਹੱਤਵਪੂਰਨ ਭੂਮਿਕਾ ਪੰਜਾਬੀ ਖੱਤਰੀਆਂ ਦੀ ਸੀ। ਬਾਦਸ਼ਾਹ ਅਕਬਰ ਦੀ ਨਿਰਪੱਖ ਨੀਤੀ ਤੇ ਦੇਸ਼ ਵਿਚ ਅਮਨ ਚੈਨ ਦੀ ਸਥਿਤੀ ਕਾਰਨ ਵਪਾਰ ਨੂੰ ਕਾਫੀ ਉਤਸ਼ਾਹ ਮਿਲਿਆ। ਫਲਸਰੂਪ ਪੰਜਾਬੀ ਖੱਤਰੀ ਖਾਸ ਤੌਰ 'ਤੇ ਸਿੱਖ ਖੱਤਰੀ ਪੰਜਾਬ ਤੋਂ ਬਾਹਰ ਜਾਣੇ ਆਰੰਭ ਹੋਏ। ਉਨੀਂ ਦਿਨੀਂ ਬਿਹਾਰ ਤੇ ਬੰਗਾਲ, ਰੇਸ਼ਮੀ ਤੇ ਸੂਤੀ ਕੱਪੜੇ ਦੇ ਉਤਪਾਦਨ ਲਈ ਪ੍ਰਸਿੱਧ ਸਨ। ਬੰਗਾਲ ਵਿਚ ਦੂਸਰੇ ਪ੍ਰਾਂਤਾਂ ਦੀ ਨਿਸ਼ਬਤ ਅਨਾਜ ਵੀ ਸਸਤਾ ਸੀ। ਮੁਗ਼ਲਾਂ ਦੇ ਸਮੇਂ ਢਾਕੇ ਤੋਂ ਆਗਰੇ ਤੱਕ ਵਪਾਰ ਲਈ ਪਾਣੀ ਤੇ ਖੁਸ਼ਕੀ ਦੇ ਦੋਵੇਂ ਰਸਤੇ ਸਨ। ਆਗਰੇ ਤੋਂ ਪਟਨੇ ਤੱਕ ਦਰਿਆ ਜਮਨਾ ਤੇ ਇਸ ਤੋਂ ਅੱਗੇ ਰਾਜਮਹਲ ਰਾਹੀਂ ਢਾਕੇ ਤੱਕ ਦਰਿਆ ਗੰਗਾ ਤੇ ਇਸ ਦੀਆਂ ਸਹਾਇਕ ਨਦੀਆਂ ਦੇ ਰਸਤੇ ਵਪਾਰ ਹੁੰਦਾ ਸੀ। ਖੁਸ਼ਕ ਰਸਤਾ ਵੀ ਇਨ੍ਹਾਂ ਦਰਿਆਵਾਂ ਉਪਰ ਵਸੇ ਸ਼ਹਿਰਾਂ ਵਿਚੋਂ ਹੁੰਦਾ ਹੋਇਆ ਪੂਰਬੀ ਭਾਰਤ ਦੇ ਸ਼ਹਿਰਾਂ ਨੂੰ ਆਗਰੇ ਨਾਲ ਜੋੜਦਾ ਸੀ। ਆਗਰਾ ਅੱਗੋਂ ਖੁਸ਼ਕੀ ਰਸਤੇ ਬੁਰਹਾਨਪੁਰ ਰਾਹੀਂ ਦੱਖਣੀ ਭਾਰਤ ਤੇ ਪੰਜਾਬ ਰਾਹੀਂ ਕਾਬੁਲ ਤੇ ਇਸ ਤੋਂ ਪਾਰਲੇ ਏਸ਼ੀਆਈ ਮੁਲਕਾਂ ਨਾਲ ਜੁੜਿਆ ਹੋਇਆ ਸੀ। ਪਾਣੀ ਦੇ ਰਸਤੇ ਮਾਲ ਦੀ ਢੋਆ-ਢੁਆਈ ਸਸਤੀ ਸੀ। ਨਤੀਜੇ ਵਜੋਂ ਵਪਾਰੀਆਂ ਦਾ ਮਾਲ ਦੇ ਨਿਰਯਾਤ ਲਈ ਬੰਗਾਲ ਪਹੁੰਚਣਾ ਮੁਨਾਫ਼ੇ ਤੋਂ ਖਾਲੀ ਨਹੀਂ ਸੀ। ਇਸ ਸਥਿਤੀ ਵਿਚ ਖੱਤਰੀ ਸਿੱਖਾਂ ਦਾ ਪੂਰਬੀ ਭਾਰਤ ਦੇ ਵਪਾਰਕ ਕੇਂਦਰਾਂ ਉਪਰ ਪਹੁੰਚਣਾ ਬਿਲਕੁਲ ਸੁਭਾਵਿਕ ਸੀ। ਭਾਈ ਗੁਰਦਾਸ ਜੀ ਦੁਆਰਾ ਗੁਰੂ ਹਰਿਗੋਬਿੰਦ ਜੀ ਦੇ ਸਿੱਖਾਂ ਦੀ ਦਿੱਤੀ ਜਾਣਕਾਰੀ ਤੋਂ ਇਹ ਸਿੱਧ ਹੁੰਦਾ ਹੈ ਕਿ ਪੂਰਬੀ ਭਾਰਤ ਦੇ ਪ੍ਰਮੁੱਖ ਸਿੱਖ ਵਧੇਰੇ ਕਰਕੇ ਖੱਤਰੀ ਸਨ। ਮਾਲੂਮ ਹੁੰਦਾ ਹੈ ਕਿ ਇਨ੍ਹਾਂ ਖੱਤਰੀ ਸਿੱਖਾਂ ਨੇ ਪੂਰਬੀ ਭਾਰਤ ਵਿਚ ਸਿੱਖ ਧਰਮ ਦੇ ਪ੍ਰਚਾਰ ਤੇ ਸੰਗਠਨ ਲਈ ਬੜੀ ਦਿਲਚਸਪੀ ਤੇ ਉੱਦਮ ਦਾ ਸਬੂਤ ਦਿੱਤਾ। ਫਲਸਰੂਪ 17ਵੀਂ ਸਦੀ ਦੇ ਮੁੱਢ ਵਿਚ ਪੂਰਬੀ ਭਾਰਤ ਵਿਚ ਪ੍ਰਯਾਗ (ਅਲਾਹਾਬਾਦ), ਬਨਾਰਸ, ਜੌਨਪੁਰ, ਪਟਨਾ, ਆਲਮਗੰਜ, ਮੁੰਗੇਰ, ਰਾਜਮਹਲ, ਸ਼ੇਰਪੁਰ ਤੇ ਢਾਕਾ ਵਿਚ ਸਿੱਖ ਸੰਗਤਾਂ ਕਾਇਮ ਹੋ ਗਈਆਂ ਸਨ। ਇਸ ਤਰ੍ਹਾਂ ਪੂਰਬੀ ਭਾਰਤ ਵਿਚ ਜਿੱਥੇ ਖੱਤਰੀ ਸਿੱਖਾਂ ਨੇ ਵਪਾਰ ਤੋਂ ਖੁਦ ਲਾਭ ਉਠਾਇਆ ਉੱਥੇ ਸਿੱਖ ਸੰਗਤਾਂ ਕਾਇਮ ਕਰਕੇ ਸਿੱਖ ਪੰਥ ਦੇ ਪ੍ਰਸਾਰ ਵਿਚ ਯੋਗਦਾਨ ਵੀ ਪਾਇਆ ਤੇ ਕਾਰ ਸੇਵਾ ਤੇ ਦਸਵੰਧ ਗੁਰੂ-ਦਰਬਾਰ ਵਿਚ ਭੇਜ ਕੇ ਸਿੱਖ ਪੰਥ ਦੇ ਆਰਥਿਕ ਆਧਾਰ ਨੂੰ ਮਜ਼ਬੂਤ ਵੀ ਕੀਤਾ।

ਖੁਸ਼ਕਿਸਮਤੀ ਨਾਲ 17ਵੀਂ ਸਦੀ ਦੇ ਆਰੰਭ ਵਿਚ ਪੂਰਬੀ ਭਾਰਤ ਵਿਚ ਕਾਇਮ ਹੋਈਆਂ ਸਿੱਖ ਸੰਗਤਾਂ ਸਬੰਧੀ ਸਮਕਾਲੀ ਗਵਾਹੀਆਂ ਵੀ ਮੌਜੂਦ ਹਨ। ਗੁਰੂ ਹਰਿਗਬਿੰਦ ਜੀ ਨੇ ਪੂਰਬੀ ਭਾਰਤ ਦੀ ਸਮੁੱਚੀ ਸਿੱਖ ਸੰਗਤ ਨੂੰ ਸਾਂਝੇ ਤੌਰ 'ਤੇ ਲਿਖੇ ਹੁਕਮਨਾਮੇ ਵਿਚ ਪਟਨਾ, ਆਲਮਗੰਜ, ਮੁੰਗੇਰ (ਬਾਨੇ) ਤੇ ਸ਼ੇਰਪੁਰ ਦਾ ਜ਼ਿਕਰ ਕੀਤਾ ਹੈ। (ਹੁਕਮਨਾਮੇ (ਸੰਪਾਦਕ) ਡਾ. ਗੰਡਾ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ 1967, ਪੰਨਾ 63)।

ਇਕ ਹੋਰ ਹੁਕਮਨਾਮੇ ਵਿਚ ਪਰਯਾਗ ਦਾ ਵੀ ਜ਼ਿਕਰ ਹੋਇਆ ਹੈ। ਜੇਕਰ 'ਅਗਰਹਿਰੀ' ਸਿੱਖਾਂ ਦੀ ਰਵਾਇਤ ਉਪਰ ਭਰੋਸਾ ਕੀਤਾ ਜਾਵੇ ਤਾਂ ਸੰਗਰਾਮ ਵਿਚ ਵੀ ਸੰਗਤ ਮੌਜੂਦ ਸੀ। ਸਿੱਖ ਸੰਗਤਾਂ ਸਿਰਫ ਇਨ੍ਹਾਂ ਸਥਾਨਾਂ ਉੱਪਰ ਹੀ ਨਹੀਂ ਸਨ, ਬਲਕਿ ਭਾਈ ਗੁਰਦਾਸ ਜੀ ਤਾਂ ਇਨ੍ਹਾਂ ਤੋਂ ਇਲਾਵਾ ਲਖਨਊ, ਪਰਯਾਗ, ਬਨਾਰਸ, ਜੌਨਪੁਰ, ਰਾਜਮਹਲ ਤੇ ਢਾਕਾ ਦਾ ਜ਼ਿਕਰ ਵੀ ਕਰਦੇ ਹਨ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਹੁਕਮਨਾਮਿਆਂ ਵਿਚ ਜਿਨ੍ਹਾਂ ਸਿੱਖਾਂ ਦੇ ਨਾਮ ਲਿਖੇ ਹਨ, ਉਹ ਗੁਰੂ ਤੇਗ ਬਹਾਦਰ ਜੀ ਦੇ ਹੁਕਮਨਾਮਿਆਂ ਤੇ ਭਾਈ ਗੁਰਦਾਸ ਜੀ ਅਨੁਸਾਰ ਬਨਾਰਸ, ਮਿਰਜਾਪੁਰ ਤੇ ਜੌਨਪੁਰ ਦੀਆਂ ਸਿੱਖ ਸੰਗਤਾਂ ਵਿਚੋਂ ਵੀ ਸਨ। ਸਿੱਖ ਧਰਮ ਦੇ ਪ੍ਰਚਾਰਕਾਂ ਰਾਹੀਂ ਜਿਨ੍ਹਾਂ ਸਿੱਖ ਸੰਗਤਾਂ ਦੀ ਸਥਾਪਨਾ ਹੋਈ, ਉਨ੍ਹਾਂ ਵਿਚ ਦੇਓਨਗਰ, ਨਾਨਕ ਮਤਾ, ਜਗਨਨਾਥ ਪੁਰੀ, ਸੁਜਾਤਪੁਰ ਤੇ ਮਥੁਰਾਪੁਰ ਦੇ ਨਾਮ ਗਿਣੇ ਜਾ ਸਕਦੇ ਹਨ। ਖੁਲਾਸਤੁਤ ਤਵਾਰੀਖ ਪੰਨਾ 41 ਅਨੁਸਾਰ ਗੰਗਾ ਕਿਨਾਰੇ ਅਨੂਪ ਸ਼ਹਿਰ ਵਿਚ ਗੁਰੂ ਹਰਿਰਾਏ ਜੀ ਦਾ ਸਹੁਰਾ ਦਿਆ ਰਾਮ ਰਹਿੰਦਾ ਸੀ। ਇਹ ਸ਼ਹਿਰ ਗੜ੍ਹਮੁਕਤੇਸ਼ਵਰ ਦੇ ਨੇੜੇ ਦੱਸੀਦਾ ਹੈ। ਇਸ ਤੋਂ ਇਲਾਵਾ ਗੰਗਾ ਕਿਨਾਰੇ ਅਨੂਪ ਸ਼ਹਿਰ ਵਿਚ ਵੀ ਸਿੱਖ ਸੰਗਤ ਦੇ ਸੰਕੇਤ ਮਿਲਦੇ ਹਨ।

ਵਪਾਰੀ ਬਣੇ ਸਿੱਖ : ਸਿੱਖ ਧਰਮ ਦੇ ਪੂਰਬੀ ਭਾਰਤ ਵਿਚ ਪ੍ਰਸਾਰ ਸੰਦਰਭ ਵਿਚ ਸਸਰਾਮ ਦੇ ਅਗਰਹਰੀ ਸਿੱਖਾਂ ਦਾ ਜ਼ਿਕਰ ਵੀ ਬੜਾ ਜ਼ਰੂਰੀ ਹੈ। ਅੰਗਰੇਜ਼ ਅਧਿਕਾਰੀ Malley ਦੇ ਕਥਨ ਅਨੁਸਾਰ ਅਗਰਹਰੀ ਆਪਣੀਆਂ ਰਸਮਾਂ ਰੀਤਾਂ, ਜੁੱਸੇ ਤੇ ਮੁਹਾਂਦਰੇ ਪੱਖੋਂ ਬਿਹਾਰ ਦੇ ਸਥਾਨਕ ਲੋਕਾਂ ਤੋਂ ਬਿਲਕੁਲ ਵੱਖਰੇ ਹਨ। ਉਸ ਦੀ ਜਾਣਕਾਰੀ ਅਨੁਸਾਰ ਅਗਰਹਰੀਆਂ ਨੂੰ ਉੱਤਰੀ ਭਾਰਤ ਵਿਚੋਂ ਪੂਰਬ ਭਾਰਤ ਵਿਚ ਆਬਾਦ ਹੋਇਆਂ 15 ਪੀੜ੍ਹੀਆਂ ਗੁਜ਼ਰ ਚੁੱਕੀਆਂ ਹਨ। ਅਗਰਹਰੀ ਉੱਤਰੀ ਭਾਰਤ ਵਿਚੋਂ ਵਪਾਰ ਜਾਂ ਰੁਜ਼ਗਾਰ ਲਈ ਗਏ ਕਿਸੇ ਸਿੱਖ ਦੀ ਸੰਤਾਨ ਹਨ। ਮੁਗਲ ਭਾਰਤ ਵਿਚ ਵਪਾਰ ਅਤੇ ਸਨਅਤ ਦੀ ਤਰੱਕੀ, ਸਿੱਖ ਧਰਮ ਦਾ ਪੂਰਬ ਵਿਚ ਪ੍ਰਸਾਰ ਤੇ ਅਗਰਹਰੀਆਂ ਦਾ ਆਪਣੀ ਮੌਖਿਕ ਪਰੰਪਰਾ ਦੇ ਆਧਾਰ ਉੱਤੇ ਇਹ ਅਨੁਮਾਨ ਹੈ ਕਿ ਉਨ੍ਹਾਂ ਦੇ ਪੂਰਵਜ਼ 17ਵੀਂ ਸਦੀ ਦੇ ਆਰੰਭ ਵਿਚ ਕਿਸੇ ਸਮੇਂ ਉੱਤਰੀ ਭਾਰਤ ਵਿਚੋਂ ਪੂਰਬ-ਭਾਰਤ ਵਿਚ ਆ ਕੇ ਆਬਾਦ ਹੋਏ ਸਨ।

ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਇਕ ਹੁਕਮਨਾਮੇ ਵਿਚ ਉਗਰਸੈਨ ਨਾਮੀ ਸਿੱਖ ਦਾ ਉਲੇਖ ਹੈ। ਸੋ ਸੰਭਵ ਹੈ ਕਿ ਉਹ ਵਪਾਰ ਲਈ ਆਗਰੇ ਤੋਂ ਹੀ ਪੂਰਬੀ-ਭਾਰਤ ਵਿਚ ਸਸਰਾਮ ਪਹੁੰਚਿਆ ਹੋਵੇ ਤੇ ਸਮੇਂ ਦੇ ਗੁਜ਼ਰਨ ਨਾਲ ਉਸ ਦੇ ਸੰਗੀ-ਸਾਥੀ ਤੇ ਉਤਰਾਧਿਕਾਰੀ ਅਗਰਹਰੀ ਨਾਮ ਨਾਲ ਪ੍ਰਸਿੱਧ ਹੋ ਗਏ ਹੋਣ। ਭਾਵੇਂ ਅਗਰਹਰੀ ਸਿੱਖਾਂ ਦਾ ਇਤਿਹਾਸਕ ਪਿਛੋਕੜ ਬੜਾ ਅਸਪੱਸ਼ਟ ਹੈ ਪਰ ਵਿਦਵਾਨਾਂ ਨੂੰ ਇਸ ਪ੍ਰਤੀ ਕੋਈ ਸ਼ੱਕ ਨਹੀਂ ਕਿ ਉਹ ਗੁਰੂ ਤੇਗ ਬਹਾਦਰ ਜੀ ਦੀ ਪੂਰਬੀ ਭਾਰਤ ਦੀ ਯਾਤਰਾ ਦੇ ਸਮੇਂ ਉਨ੍ਹਾਂ ਦੇ ਸਸਰਾਮ ਆਉਣ ਤੋਂ ਪਹਿਲਾਂ ਉੱਥੇ ਆਬਾਦ ਹੋ ਚੁੱਕੇ ਸਨ।

ਸਭਨਾਂ ਸਿੱਖ ਸਰੋਤਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਪੂਰਬੀ ਭਾਰਤ ਵਿਚ ਲੱਗਭੱਗ 80 ਪ੍ਰਮੁੱਖ ਜਾਂ ਪ੍ਰਸਿੱਧ ਸਿੱਖਾਂ ਦੀ ਜਾਣਕਾਰੀ ਮਿਲਦੀ ਹੈ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਪੂਰਬੀ ਭਾਰਤ ਦੀ ਸਿੱਖ ਸੰਗਤ ਨੂੰ ਲਿਖੇ ਇਕ ਹੁਕਮਨਾਮੇ ਵਿਚ ਲਗਭਗ 66 ਸਿੱਖਾਂ ਨੂੰ ਇਕੱਠੇ ਕਰਕੇ ਸੰਬੋਧਨ ਕੀਤਾ ਹੈ। ਇਨ੍ਹਾਂ ਸਿੱਖਾਂ ਨੂੰ ਪਟਨਾ, ਆਲਮਗੰਜ, ਮੁੰਗੇਰ, ਸ਼ੇਰਪੁਰ ਤੇ ਬਾਨੇ ਦੀਆਂ ਸਿੱਖ ਸੰਗਤਾਂ ਨਾਲ ਸੰਬੋਧਿਤ ਕੀਤਾ ਗਿਆ ਹੈ। ਇਨ੍ਹਾਂ ਵਿਚੋਂ ਕਈ ਸਿੱਖਾਂ ਨੂੰ ਇਕੋ ਨਾਮ ਜਿਵੇਂ—ਉੱਤਮ, ਅਨੰਤਾ, ਸੁੰਦਰ, ਸੰਗਤੀਆਂ ਹਰਦਾਸ, ਕਲਿਆਣਾ, ਗੁਰਦਾਸ, ਗੋਪੀ, ਜਾਪੂ, ਜਗਜੀਵਨ, ਦਿਆਲਾ ਆਦਿ ਨਾਂਵਾਂ ਨਾਲ ਸੰਬੋਧਨ ਕੀਤਾ ਗਿਆ ਹੈ। ਇਕ ਤੋਂ ਵਧੇਰੇ ਸਿੱਖਾਂ ਦਾ ਉਹੀ ਨਾਮ ਹੋਣ ਕਰਕੇ ਇਨ੍ਹਾਂ ਦੀ ਸ਼ਨਾਖਤ ਕਰਨੀ ਕਠਿਨ ਹੈ। ਗੁਰੂ ਤੇਗ ਬਹਾਦਰ ਜੀ ਦੇ ਹੁਕਮਨਾਮਿਆਂ ਵਿਚ ਇਨ੍ਹਾਂ ਵਿਚੋਂ ਕਈ ਸਿੱਖਾਂ ਜਿਵੇਂ ਅਨੰਤਾ ਸੰਗਤਿਦਾਸ, ਹਰਦਾਸ, ਕਲਿਆਣਾ (ਦਾਸ ਜਾਂ ਮੱਲ), ਕਲਿਆਣਿ (ਰਾਇ) ਕਿਰਪਾਲ, ਕੇਵਲ ਰਾਮ, ਗੁਰਦਾਸ, ਗੰਗਾ ਰਾਮ, ਡੇਡਾ (ਮੱਲ), ਕਲਿਆਣਿ ਦਿਆਲ ਦਾਸ, ਬਾਲਾ, ਮੋਹਨ ਦਾਸ ਰਾਮ ਰਾਇ ਤੇ ਲਾਲਾ ਆਦਿ ਦੇ ਨਾਮ ਮਿਲਦੇ ਹਨ। ਸੰਭਵ ਹੈ ਕਿ ਕੁਝ ਸਿੱਖ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਤੋਂ ਲੈ ਕੇ ਗੁਰੂ ਤੇਗ ਬਹਾਦਰ ਜੀ ਤੱਕ ਪੂਰਬ ਵਿਚ ਸਰਗਰਮ ਰਹੇ ਹੋਣ ਤੇ ਉਨ੍ਹਾਂ ਦਾ ਗੁਰੂ ਦਰਬਾਰ ਨਾਲ ਸੰਪਰਕ ਵੀ ਕਾਇਮ ਰਿਹਾ ਹੋਵੇ।

17ਵੀਂ ਸਦੀ ਦੇ ਮੁੱਢ ਵਿਚ ਗੁਰੂ ਹਰਿਗੋਬਿੰਦ ਜੀ ਵਲੋਂ ਪੂਰਬ ਦੀਆਂ ਸਿੱਖ ਸੰਗਤਾਂ ਨੂੰ ਸੰਗਠਿਤ ਕਰਨ ਤੇ ਕਾਰ-ਭੇਟਾ ਇਕੱਠੀ ਕਰਨ ਲਈ ਭਾਈ ਜਾਪੂ, ਭਾਈ ਗੁਰਦਾਸ, ਭਾਈ ਜੈਤਾ (ਸੇਠ), ਭਾਈ ਦਿਆਲ ਤੇ ਭਾਈ ਮੁਰਾਰੀ ਨੂੰ ਸੇਵਾ ਸੌਂਪੀ ਹੋਈ ਸੀ। ਅਨੁਮਾਨ ਹੈ ਕਿ ਉਹ ਸਾਰੇ ਪਟਨੇ ਦੀ ਸਿੱਖ ਸੰਗਤ ਦੇ ਮੋਹਰੀ ਸਿੱਖ ਸਨ। ਭਾਈ ਉਗਰਸੈਨ ਤੇ ਭਾਈ ਬੇਣੀ ਸੰਸਰਾਮ ਜਾਂ ਪਰਯਾਗ ਵਿਚ ਸਨ। ਜੇਕਰ ਗੁਰੂ ਹਰਿਗੋਬਿੰਦ ਜੀ ਦੇ ਹੁਕਮਨਾਮਿਆਂ ਵਿਚ ਸੰਬੋਧਿਤ ਹੋਏ ਸਿੱਖਾਂ ਨੂੰ ਗੁਰੂ ਤੇਗ ਬਹਾਦਰ ਜੀ ਵੇਲੇ ਵੀ ਸਰਗਰਮ ਭੂਮਿਕਾ ਨਿਭਾਉਂਦੇ ਹੋਏ ਮੰਨ ਲਿਆ ਜਾਵੇ ਤਾਂ ਕੁਝ ਕੁ ਸਿੱਖਾਂ ਦੀਆਂ ਸੰਗਤਾਂ ਦੇ ਸਥਾਨਾਂ ਦੀ ਨਿਸ਼ਾਨਦੇਹੀ ਕਰਨੀ ਸੰਭਵ ਹੈ।

ਗੁਰੂ ਹਰਿਗੋਬਿੰਦ ਜੀ ਨੇ ਗੁਰਦਾਸ ਨਾਮ ਨਾਲ ਦੋ ਸਿੱਖਾਂ ਨੂੰ ਸੰਬੋਧਨ ਕੀਤਾ ਹੈ, ਜਿਵੇਂ ਕਿ ਪਹਿਲੇ ਜ਼ਿਕਰ ਕੀਤਾ ਜਾ ਚੁੱਕਾ ਹੈ, ਇਨ੍ਹਾਂ ਵਿਚੋਂ ਇਕ ਨੂੰ ਸਿੱਖ ਸੰਗਤਾਂ ਦਾ ਗਠਨ, ਪ੍ਰਚਾਰ ਤੇ ਕਾਰ ਸੇਵਾ ਦੀ ਜ਼ਿੰਮੇਵਾਰੀ ਦਿੱਤੀ ਹੋਈ ਸੀ। ਬਾਬਾ ਗੁਰਦਿੱਤਾ ਜੀ ਦੇ ਹੁਕਮਨਾਮੇ ਅਨੁਸਾਰ ਇਹ ਬੜਾ ਮਹੱਤਵਪੂਰਨ ਤੇ ਪ੍ਰਭਾਵਸ਼ਾਲੀ ਸਿੱਖ ਸੀ ਤੇ ਅਨੁਮਾਨ ਹੈ ਕਿ ਇਸ ਦਾ ਕੇਂਦਰ ਪਟਨੇ ਵਿਚ ਸੀ। ਸੰਭਵ ਹੈ ਕਿ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਉਸ ਦਾ ਦੇਹਾਂਤ ਹੋ ਗਿਆ ਹੋਵੇ, ਕਿਉਂਕਿ ਨੌਂਵੇਂ ਗੁਰੂ ਦੇ ਹੁਕਮਨਾਮਿਆਂ ਵਿਚ ਪਟਨੇ ਦੇ ਇਕ ਸਿੱਖ ਗੁਰਦਾਸ ਦਾ ਜ਼ਿਕਰ ਤਾਂ ਹੈ ਪਰ ਉਸ ਨੂੰ ਕੋਈ ਮਹੱਤਵਪੂਰਨ ਕਾਰਜ ਨਹੀਂ ਸੌਂਪਿਆ। ਇਸ ਲਈ ਦੋਨੋਂ ਭਾਈ ਗੁਰਦਾਸ ਪਟਨੇ ਦੀ ਸਿੱਖ ਸੰਗਤ ਨਾਲ ਸਬੰਧਿਤ ਜਾਪਦੇ ਹਨ। (ਗੰਡਾ ਸਿੰਘ ਹੁਕਮਨਾਮੇ ਪੰਨਾ 83, 89, 93)।

ਗੁਰੂ ਗੋਬਿੰਦ ਸਿੰਘ ਜੀ ਦੇ ਇਕ ਹੁਕਮਨਾਮੇ ਵਿਚ ਭਾਈ ਗੁਰਦਾਸ ਨੂੰ ਕਾਰ ਸੇਵਾ ਗੁਰੂ ਦਰਬਾਰ ਪਹੁੰਚਾਉਣ ਦਾ ਆਦੇਸ਼ ਹੈ। (ਗੰਡਾ ਸਿੰਘ ਹੁਕਮਨਾਮੇ ਪੰਨਾ 133)। ਮੁਮਕਿਨ ਹੈ ਕਿ ਇਹ ਉਨ੍ਹਾਂ ਹੀ ਦੋ ਭਾਈ ਗੁਰਦਾਸਾਂ ਵਿਚੋਂ ਸੀ, ਜਿਨ੍ਹਾਂ ਦਾ ਜ਼ਿਕਰ ਗੁਰੂ ਹਰਿਗੋਬਿੰਦ ਜੀ ਨੇ ਪੂਰਬ ਦੇ ਸਿੱਖਾਂ ਵਿਚ ਕੀਤਾ ਹੈ। ਪੂਰਬੀ ਭਾਰਤ ਵਿਚ ਦਿਆਲ ਨਾਮ ਦੇ ਦੋ ਸਿੱਖ ਸਨ। ਇਨ੍ਹਾਂ ਵਿਚੋਂ ਇਕ ਦਿਆਲ ਚੱਢਾ ਖੱਤਰੀ ਸੀ। ਦੂਸਰਾ ਦਿਆਲ ਪੂਰਬੀ ਭਾਰਤ ਦੇ ਬਹੁਤ ਹੀ ਪ੍ਰਸਿੱਧ ਸਿੱਖਾਂ ਵਿਚੋਂ ਸੀ। ਪੂਰਬੀ ਭਾਰਤ ਦੀਆਂ ਸਿੱਖ ਸੰਗਤਾਂ ਦੇ ਸੰਗਠਨ ਤੇ ਕਾਰ ਸੇਵਾ ਇਕੱਠੀ ਕਰਨ ਵਿਚ ਉਸ ਦਾ ਦਰਜਾ ਪ੍ਰਮੁੱਖ ਸੀ। ਉਸ ਦੁਆਰਾ ਬਿਹਾਰ ਦੇ ਇਲਾਕੇ ਵਿਚੋਂ ਭੇਜੀ ਕਾਰ-ਭੇਟ ਗੁਰੂ ਦਰਬਾਰ ਵਿਚ ਪਹੁੰਚ ਜਾਣ ਦਾ ਜ਼ਿਕਰ ਛੇਵੇਂ ਪਾਤਿਸ਼ਾਹ ਦੇ ਹੁਕਮਨਾਮੇ ਵਿਚ ਮਿਲਦਾ ਹੈ। (ਗੰਡਾ ਸਿੰਘ ਹੁਕਮਨਾਮੇ ਪੰਨਾ 67)।

ਗੁਰੂ ਤੇਗ ਬਹਾਦਰ ਜੀ ਦੇ ਆਦੇਸ਼ ਅਨੁਸਾਰ ਬਨਾਰਸ ਤੇ ਜੌਨਪੁਰ ਦੀਆਂ ਸਿੱਖ ਸੰਗਤਾਂ ਨੇ ਕਾਰ-ਭੇਟ ਇਕੱਠੀ ਕਰਕੇ ਭਾਈ ਦਿਆਲ ਦੇ ਸਪੁਰਦ ਕਰਨੀ ਸੀ। ਇੰਜ ਇਸ ਦਾ ਕੇਂਦਰ ਪਟਨੇ ਵਿਚ ਸੀ ਤੇ ਇਸ ਨੂੰ ਪਟਨੇ ਦੇ ਆਸ ਪਾਸ (ਬਨਾਰਸ, ਜੌਨਪੁਰ, ਮਿਰਜ਼ਾਪੁਰ) ਦੀਆਂ ਸਿੱਖ ਸੰਗਤਾਂ ਤੋਂ ਕਾਰ-ਭੇਟ ਉਗਰਾਹ ਕੇ ਗੁਰੂ ਦਰਬਾਰ ਵਿਚ ਪਹੁੰਚਾਉਣ ਦੀ ਸੇਵਾ ਸੌਂਪੀ ਸੀ। ਇਸ ਤੋਂ ਸਿੱਧ ਹੁੰਦਾ ਹੈ ਕਿ ਭਾਈ ਦਿਆਲ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਵੀ ਸਿੱਖ ਧਰਮ ਦੇ ਪ੍ਰਚਾਰ ਤੇ ਸੰਗਠਨ ਵਿਚ ਪ੍ਰਮੁੱਖ ਭੂਮਿਕਾ ਨਿਭਾ ਰਿਹਾ ਸੀ।

ਗੁਰੂ ਹਰਿਗੋਬਿੰਦ ਜੀ ਨੇ ਪੂਰਬ ਦੇ ਦੋ ਸਿੱਖਾਂ ਨੂੰ ਕਲਿਆਣਾ ਨਾਮ ਨਾਲ ਸੰਬੋਧਨ ਕੀਤਾ ਹੈ। ਗੁਰੂ ਤੇਗ ਬਹਾਦਰ ਜੀ ਦੇ ਹੁਕਮਨਾਮਿਆਂ ਵਿਚੋਂ ਮਿਲੀ ਸੂਚਨਾ ਦੇ ਆਧਾਰ ਉੱਤੇ ਇਨ੍ਹਾਂ ਵਿਚੋਂ ਇਕ ਪਟਨੇ ਦਾ ਤੇ ਦੂਜਾ ਬਨਾਰਸ ਦਾ ਵਾਸੀ ਸੀ। ਪਟਨਾ ਨਿਵਾਸੀ ਕਲਿਆਣ ਰਾਇ ਤੇ ਬਨਾਰਸ ਵਾਸੀ ਕਲਿਆਣ ਦਾਸ ਜਾਂ ਕਲਿਆਣ ਮੱਲ ਨਾਮ ਨਾਲ ਪ੍ਰਸਿੱਧ ਸੀ। ਗੁਰੂ ਤੇਗ ਬਹਾਦਰ ਜੀ ਸਮੇਂ ਕਲਿਆਣ ਦਾਸ ਦਾ ਸ਼ੁਮਾਰ ਬਨਾਰਸ ਦੇ ਮੋਹਰੀ ਸਿੱਖਾਂ ਵਿਚ ਹੁੰਦਾ ਸੀ। ਗੁਰੂ ਤੇਗ ਬਹਾਦਰ ਜੀ ਦੇ ਹੁਕਮਨਾਮਿਆਂ ਵਿਚੋਂ ਪ੍ਰਾਪਤ ਜਾਣਕਾਰੀ ਦੇ ਆਧਾਰ ਉੱਤੇ ਜੇਕਰ ਗੁਰੂ ਹਰਿਗੋਬਿੰਦ ਜੀ ਦੇ ਹੋਰਨਾਂ ਸਿੱਖਾਂ ਦੀ, ਸੰਗਤਾਂ ਦੀ ਨਿਸ਼ਾਨਦੇਹੀ ਕਰਨੀ ਹੋਵੇ ਤਾਂ ਅਨੁਮਾਨ ਹੈ ਕਿ ਅਨੰਤਾ, ਸੰਗਤੀਆ (ਸੰਗਤਿ ਦਾਸ), ਕੇਵਲ

**ਬਾਕੀ ਸਫ਼ਾ 30 'ਤੇ**

# ਆਮ ਆਦਮੀ ਪਾਰਟੀ ਪੰਜਾਬ 'ਚ ਖਤਮ ਹੋਣ ਕਿਨਾਰੇ ?

**• ਕਮਜ਼ੋਰ ਰਾਜਨੀਤਕ ਹਾਲਤ ਦੇ ਬਾਵਜੂਦ ਪੰਚਾਇਤ ਅਤੇ ਲੋਕ ਸਭਾ ਚੋਣਾਂ ਲੜੇਗੀ 'ਆਪ' • ਹਾਈਕਮਾਂਡ ਪੰਜਾਬ ਲਈ ਭਾਲ ਰਹੀ ਏ ਨਵਾਂ ਪ੍ਰਧਾਨ**

### 'ਆਪ' ਪੰਜਾਬ ਪ੍ਰਧਾਨ ਬਲਬੀਰ ਸਿੰਘ ਤੇ ਖਹਿਰਾ 'ਚ ਪਈ ਫੁੱਟ, ਮੀਡੀਆ 'ਚ ਚਰਚਾ ਦਾ ਵਿਸ਼ਾ ਬਣੀ

**ਜਲੰਧਰ/ਬਿਊਰੋ ਨਿਊਜ਼ :**
ਆਮ ਆਦਮੀ ਪਾਰਟੀ ਦੀ ਪੰਜਾਬ ਇਕਾਈ ਆਪਸੀ ਫੁੱਟ ਕਾਰਨ ਪੰਜਾਬ ਵਿਚ ਖਤਮ ਹੋਣ ਦੇ ਕਿਨਾਰੇ ਆ ਗਈ ਜਾਪਦੀ ਹੈ। ਦਿੱਲੀ ਹਾਈ ਕਮਾਂਡ ਨੇ ਵਿਧਾਨ ਸਭਾ ਚੋਣਾਂ ਤੋਂ ਬਾਅਦ ਹਾਲੇ ਤੱਕ ਪੰਜਾਬ ਵਿਚ ਇਸ ਪਾਰਟੀ ਨੂੰ ਵਿਸਥਾਰ ਕਰਨ ਵਿਚ ਕੋਈ ਭੂਮਿਕਾ ਨਹੀਂ ਨਿਭਾਈ ਤੇ ਨਾ ਹੀ ਪੰਜਾਬ ਦੇ ਹਿੱਤ ਵਿਚ ਕੋਈ ਯੋਜਨਾਵਾਂ ਪੇਸ਼ ਕੀਤੀਆਂ ਹਨ। ਇਹੀ ਕਾਰਨ ਹੈ ਕਿ ਪੰਜਾਬੀਆਂ ਤੇ ਖਾਸ ਕਰਕੇ ਸਿੱਖਾਂ ਨੇ ਇਸ ਤੋਂ ਕਿਨਾਰਾ ਕਰ ਲਿਆ ਲਗਦਾ ਹੈ। ਸਿੱਖ ਰਾਜਨੀਤਕ ਮਾਹਿਰਾਂ ਅਨੁਸਾਰ ਬਹੁਗਿਣਤੀ ਸਿੱਖਾਂ ਦਾ ਝੁਕਾਅ ਹੁਣ ਕੈਪਟਨ ਵੱਲ ਹੁੰਦਾ ਜਾ ਰਿਹਾ ਹੈ, ਕਿਉਂਕਿ ਉਹ ਪੰਥਕ ਮੁੱਦੇ ਵੱਡੇ ਪੱਧਰ 'ਤੇ ਉਠਾ ਰਹੇ ਹਨ ਤੇ ਉਨ੍ਹਾਂ ਨੇ ਅਜਿਹਾ ਕਰਕੇ ਬਾਦਲ ਦਲ ਨੂੰ ਵੱਡੀ ਚੁਣੌਤੀ ਦਿੱਤੀ ਹੈ। ਮਿਉਂਸਪਲ ਚੋਣਾਂ ਤੋਂ ਸ਼ੁਰੂ ਹੋ ਕੇ ਗੁਰਦਾਸਪੁਰ ਅਤੇ ਫਿਰ ਸ਼ਾਹਕੋਟ ਦੇ ਨਤੀਜਿਆਂ ਨੇ 'ਆਪ' ਪੰਜਾਬ ਦੀ ਝੋਲੀ ਵਿਚ ਕਰਾਰੀ ਹਾਰ ਪਾ ਕੇ ਪੰਜਾਬੀਆਂ ਨੇ ਦਰਸਾ ਦਿੱਤਾ ਹੈ ਕਿ 'ਆਪ' ਪਾਰਟੀ ਦਾ ਹੁਣ ਪੰਜਾਬ ਵਿਚ ਭਵਿੱਖ ਸੁਰੱਖਿਅਤ ਨਹੀਂ ਹੈ। ਦੂਸਰੇ ਪਾਸੇ ਪਾਰਟੀ ਆਗੂ ਅਕਾਲੀ ਦਲ, ਬਸਪਾ ਤੇ ਕਾਂਗਰਸ ਵੱਲ ਜਾ ਰਹੇ ਹਨ। ਭਾਵੇਂ ਆਪ ਪਾਰਟੀ ਨੇ ਪੰਚਾਇਤ ਚੋਣਾਂ ਲੜਨ ਦਾ ਐਲਾਨ ਕਰ ਦਿੱਤਾ ਹੈ ਪਰ ਸਿਆਸੀ ਮਾਹਿਰਾਂ ਅਨੁਸਾਰ ਇਨ੍ਹਾਂ ਚੋਣਾਂ ਵਿਚ ਵੀ 'ਆਪ' ਪਾਰਟੀ ਨੂੰ ਨਿਰਾਸ਼ਾ ਹੀ ਮਿਲੇਗੀ। 'ਆਪ' ਪਾਰਟੀ ਪੰਜਾਬ ਦੇ ਇੰਚਾਰਜ ਅਤੇ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ 13 ਅਗਸਤ ਨੂੰ ਪਾਰਟੀ ਦੀ ਪੰਜਾਬ ਇਕਾਈ ਦੇ ਨਵੇਂ ਰੂਪ ਦਾ ਐਲਾਨ ਕਰਕੇ ਪੰਚਾਇਤ ਅਤੇ ਲੋਕ ਸਭਾ ਚੋਣਾਂ ਦਾ ਬਿਗਲ ਵਜਾਉਣਗੇ। ਸੂਤਰਾਂ ਅਨੁਸਾਰ ਹਾਈਕਮਾਂਡ ਪੰਜਾਬ ਲਈ ਨਵੇਂ ਪ੍ਰਧਾਨ ਦੀ ਵੀ ਤਲਾਸ਼ ਕਰ ਰਹੀ ਹੈ ਅਤੇ ਇਕ-ਦੋ ਵਿਧਾਇਕ ਵੀ ਪ੍ਰਧਾਨਗੀ ਲੈਣ ਲਈ ਯਤਨਸ਼ੀਲ ਹਨ।




### ਅਕਾਲੀ ਦਲ ਨੂੰ ਵੀ ਖੋਰਾ ਲੱਗਾ

*ਦੂਸਰੇ ਪਾਸੇ ਪੰਥਕ ਸਦਵਾਉਣ ਵਾਲੀ ਸ਼੍ਰੋਮਣੀ ਅਕਾਲੀ ਦਲ ਦੀ ਸੀਨੀਅਰ ਲੀਡਰਸ਼ਿਪ ਨੇ ਆਪਣੀਆਂ ਲਗਾਤਾਰ ਹਾਰਾਂ ਦਾ ਵਿਵੇਕ ਵਿਸ਼ਲੇਸ਼ਣ ਅਜੇ ਤੱਕ ਵੀ ਨਹੀਂ ਕਰ ਸਕੀ। ਵੱਡੀ ਗੱਲ ਇਹ ਹੈ ਕਿ ਉਸ ਦਾ ਪੰਥਕ ਕੇਡਰ ਖੁਰ ਚੁੱਕਾ ਹੈ ਤੇ ਪੰਥਕ ਕੇਡਰ ਕਾਂਗਰਸ ਦੇ ਲੜ ਲਗ ਰਿਹਾ ਹੈ। ਹਾਲਾਂਕਿ ਕਾਂਗਰਸ ਵੀ ਪੰਜਾਬ ਦੇ ਹਿੱਤ ਵਿਚ ਵੱਡਾ ਇਤਿਹਾਸ ਨਹੀਂ ਸਿਰਜ ਸਕੀ। ਪਰ ਕੈਪਟਨ ਵਾਰ-ਵਾਰ ਨਵੇਂ ਮੁੱਦੇ ਲਿਆ ਕੇ ਪੰਜਾਬ ਦੀ ਰਾਜਨੀਤੀ ਵਿਚ ਕਾਂਗਰਸ ਨੂੰ ਜਿਉਂਦਾ ਰੱਖ ਰਹੇ ਹਨ ਤੇ ਸ਼੍ਰੋਮਣੀ ਅਕਾਲੀ ਦਲ ਲਈ ਚੁਣੌਤੀਆਂ ਪੇਸ਼ ਕਰ ਰਹੇ ਹਨ। ਹਾਲਾਂਕਿ ਸੰਨ 2017 ਦੀਆਂ ਅਸੈਂਬਲੀ ਚੋਣਾਂ ਵਿਚ 'ਆਪ' ਪਾਰਟੀ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਲਈ ਵੱਡੀ ਚੁਣੌਤੀ ਬਣ ਗਈ ਸੀ, ਪਰ ਰਾਜਨੀਤਕ ਮਾਹਿਰਾਂ ਦਾ ਮੰਨਣਾ ਹੈ ਕਿ ਐਨ ਆਖ਼ਰੀ ਦਿਨਾਂ ਵਿਚ ਦੋ ਰਵਾਇਤੀ ਪਾਰਟੀਆਂ ਦੇ ਅੰਦਰੂਨੀ ਸਮਝੌਤੇ ਨੇ ਰਾਜਨੀਤਕ ਸਮੀਕਰਨਾਂ ਦਾ ਸਾਰਾ ਪਾਸਾ ਹੀ ਪਲਟ ਦਿੱਤਾ ਸੀ। ਹਾਲੇ ਤੱਕ ਇਹ ਭੇਤ ਭਾਵੇਂ ਸਾਹਮਣੇ ਨਹੀਂ ਆਇਆ ਪਰ ਪੰਜਾਬੀ ਵੋਟਰਾਂ ਦੀਆਂ ਜ਼ੁਬਾਨਾਂ 'ਤੇ ਇਹ ਗੱਲਾਂ ਹਾਲੇ ਤੱਕ ਚਰਚਾ ਦਾ ਵਿਸ਼ਾ ਬਣ ਰਹੀਆਂ ਹਨ। ਹੁਣ ਹਾਲਤ ਇਹ ਹੈ ਕਿ ਪੰਜਾਬ ਵਾਲੀ 'ਆਪ' ਪਾਰਟੀ ਕੇਵਲ ਵਿਧਾਇਕਾਂ ਦੀ ਹੀ ਪਾਰਟੀ ਹੈ, ਪਾਰਟੀ ਕਾਰਕੁਨ ਖਿੰਡ ਪੁੰਡ ਗਏ ਹਨ ਜਾਂ ਨਿਰਾਸ਼ ਹੋ ਕੇ ਘਰਾਂ ਵਿਚ ਬੈਠ ਗਏ ਹਨ। ਪੰਥਕ ਹਲਕਿਆਂ ਵਿਚ ਇਹ ਵੀ ਚਰਚਾ ਸੀ ਕਿ ਜੇਕਰ ਆਪ ਪਾਰਟੀ ਦਾ ਪੰਜਾਬ ਵਿਚ ਬੋਲਬਾਲਾ ਹੁੰਦਾ ਹੈ ਤਾਂ ਪੰਥਕ ਹਿੱਤ ਖਤਰੇ ਵਿਚ ਪੈ ਸਕਦੇ ਹਨ। ਇਹੀ ਕਾਰਨ ਹੈ ਕਿ ਕੈਪਟਨ ਕਾਰਨ ਬਹੁਗਿਣਤੀ ਸਿੱਖ ਵੋਟ ਬੈਂਕ ਕਾਂਗਰਸ ਦੇ ਹੱਕ ਵਿਚ ਭੁਗਤ ਗਿਆ, ਜਿਸ ਕਾਰਨ 'ਆਪ' ਪਾਰਟੀ ਦੀ ਵਿਧਾਨ ਸਭਾ ਚੋਣਾਂ ਵਿਚ ਹਾਰ ਹੋਈ ਤੇ ਕਾਂਗਰਸ ਜਿੱਤੀ, ਕੈਪਟਨ ਮੁੱਖ ਮੰਤਰੀ ਬਣੇ।*

**ਆਮ ਆਦਮੀ ਪਾਰਟੀ 'ਚ ਫੁੱਟ :** ਹੁਣ ਜੇ ਆਮ ਆਦਮੀ ਪਾਰਟੀ ਗੰਭੀਰ ਫੁੱਟ ਦਾ ਸ਼ਿਕਾਰ ਹੋ ਕੇ ਦੋਫਾੜ ਹੁੰਦੀ ਹੈ ਤਾਂ ਇਸ ਗੱਲ ਦੀਆਂ ਸੰਭਾਵਨਾਵਾਂ ਹਨ ਕਿ ਪਾਰਟੀ ਦਾ ਵੱਡਾ ਤੇ ਪ੍ਰਭਾਵਸ਼ਾਲੀ ਹਿੱਸਾ ਇਕ ਦੂਰੀ 'ਤੇ ਰਹਿ ਕੇ ਪੰਥਕ ਸਿਆਸਤ ਦੀ ਪੈਰਵੀ ਕਰੇਗਾ। ਲੋਕ ਇਨਸਾਫ ਪਾਰਟੀ ਅਜਿਹੀ ਹਾਲਤ ਵਿਚ ਇਸ ਹਿੱਸੇ ਨੂੰ ਜੀ ਆਇਆਂ ਕਹੇਗੀ ਤੇ ਇਹੋ ਜਿਹੀ ਹਾਲਤ ਤੇ ਮਾਹੌਲ ਬਣਾਉਣ ਲਈ ਅੱਜ ਕੱਲ੍ਹ ਅੰਦਰਖਾਤੇ ਗੰਭੀਰ ਵਿਚਾਰਾਂ ਵੀ ਚੱਲ ਰਹੀਆਂ ਹਨ। ਇਹ ਹਿੱਸਾ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਵੀ ਭਾਗ ਲੈ ਸਕਦਾ ਹੈ ਤਾਂ ਜੋ ਪੰਥਕ ਸਿਆਸਤ ਉਤੇ ਆਪਣੀ ਪਕੜ ਮਜ਼ਬੂਤ ਕਰਕੇ ਅਕਾਲੀ ਦਲ ਨੂੰ ਇਸ ਘੇਰੇ ਵਿਚੋਂ ਬਾਹਰ ਕੱਢ ਦਿੱਤਾ ਜਾਵੇ।

### ਬਲਬੀਰ ਸਿੰਘ ਤੇ ਖਹਿਰਾ 'ਚ ਖੜਕੀ

ਦੱਸਣਯੋਗ ਹੈ ਕਿ ਭਗਵੰਤ ਮਾਨ ਨੇ ਪਿਛਲੇ ਸਮੇਂ ਪ੍ਰਧਾਨ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਜਾਣਕਾਰੀ ਅਨੁਸਾਰ ਪਾਰਟੀ ਦੇ ਅਹੁਦੇਦਾਰਾਂ ਦੀ ਚੋਣ ਮੁੱਖ ਤੌਰ 'ਤੇ ਪੰਜਾਬ ਦੇ ਸਹਿ ਪ੍ਰਧਾਨ ਡਾ. ਬਲਬੀਰ ਸਿੰਘ ਅਤੇ 5 ਜ਼ੋਨਲ ਪ੍ਰਧਾਨ ਹੀ ਕਰ ਰਹੇ ਹਨ। ਜਾਣਕਾਰੀ ਅਨੁਸਾਰ ਪਿਛਲੇ ਸਮੇਂ ਡਾ. ਬਲਬੀਰ ਸਿੰਘ ਦੀ ਕਾਰਜਸ਼ੈਲੀ ਦੇ ਰੋਸ ਵਜੋਂ ਅਸਤੀਫਾ ਦੇਣ ਵਾਲੇ 16 ਆਗੂਆਂ ਦੀ ਪਾਰਟੀ ਵੱਲੋਂ ਮੀਡੀਆ ਵਿੱਚ ਜਾਣ ਦੇ ਦੋਸ਼ ਤਹਿਤ ਜਵਾਬਤਲਬੀ ਕਰ ਲਈ ਗਈ ਹੈ। ਪਾਰਟੀ ਨੇ ਅਸਤੀਫਾ ਦੇਣ ਵਾਲੇ ਤਕਰੀਬਨ ਸਾਰੇ ਆਗੂਆਂ ਦੀ ਥਾਂ ਨਵੀਆਂ ਨਿਯੁਕਤੀਆਂ ਕਰ ਦਿੱਤੀਆਂ ਹਨ। ਪਤਾ ਲੱਗਾ ਹੈ ਕਿ ਸੰਜੇ ਸਿੰਘ ਦੇ ਧੜੇ ਵਜੋਂ ਜਾਣੇ ਜਾਂਦੇ ਇਹ ਆਗੂ ਵੀ ਆਪਣੀ ਅਗਲੀ ਰਾਜਨੀਤੀ ਦੀ ਰੂਪ ਰੇਖਾ ਬਣਾ ਰਹੇ ਹਨ। ਸੰਪਰਕ ਕਰਨ 'ਤੇ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਪਾਰਟੀ ਦੀਆਂ ਨਿਯੁਕਤੀਆਂ ਕਰਨ ਵੇਲੇ ਉਨ੍ਹਾਂ ਦੀ ਕੋਈ ਰਾਏ ਨਹੀਂ ਲਈ ਗਈ। ਉਨ੍ਹਾਂ ਦੱਸਿਆ ਕਿ ਖਹਿਰਾ ਨੇ ਬੀਤੇ ਦਿਨੀਂ ਇਹ ਵੀ ਦੋਸ਼ ਲਾਇਆ ਸੀ ਕਿ ਉਨ੍ਹਾਂ ਨੂੰ ਅਹੁਦੇ ਤੋਂ ਲਾਂਭੇ ਕਰਨ ਲਈ ਉਨ੍ਹਾਂ ਦੀ ਆਪਣੀ ਆਮ ਆਦਮੀ ਪਾਰਟੀ ਅੰਦਰ ਹੀ ਕਥਿਤ ਸਾਜ਼ਿਸ਼ ਚੱਲ ਰਹੀ ਹੈ।

ਫ਼ੇਸਬੁੱਕ 'ਤੇ ਆਪਣੀ ਇੱਕ ਵੀਡੀਓ ਰਾਹੀਂ ਖਹਿਰਾ ਨੇ ਦੋਸ਼ ਲਾਇਆ ਸੀ ਕਿ ਉਨ੍ਹਾਂ ਦੀ ਆਪਣੀ ਆਮ ਆਦਮੀ ਪਾਰਟੀ ਦੇ ਅੰਦਰ ਹੀ ਕੁਝ ਅਜਿਹੀ ਸਾਜ਼ਿਸ਼ ਰਚ ਕੇ ਉਨ੍ਹਾਂ ਖ਼ਿਲਾਫ਼ ਪਾਰਟੀ ਦੇ ਰਾਸ਼ਟਰੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਮਨੀਸ਼ ਸਿਸੋਦੀਆ ਦੇ ਮਨਾਂ ਵਿੱਚ ਜ਼ਹਿਰ ਭਰਨ ਦੇ ਜਤਨ ਚੱਲ ਰਹੇ ਹਨ।

ਖਹਿਰਾ ਨੇ ਡਾ. ਬਲਬੀਰ ਸਿੰਘ ਦੀ ਵੀ ਆਲੋਚਨਾ ਕਰਦਿਆਂ ਕਿਹਾ ਕਿ ਉਹ ਉਨ੍ਹਾਂ 'ਤੇ ਪਾਰਟੀ ਕਾਰਕੁੰਨਾਂ ਤੋਂ ਨਕਦ ਧਨ ਲੈਣ ਦੇ ਦੋਸ਼ ਲਾ ਰਹੇ ਹਨ। ਉਨ੍ਹਾਂ ਕਿਹਾ ਸੀ,"ਅਜਿਹੀਆਂ ਸਾਜ਼ਿਸ਼ਾਂ ਤੇ ਪਿੱਠ 'ਤੇ ਛੁਰਾ ਮਾਰਨ ਤੇ ਚਰਿੱਤਰ 'ਤੇ ਚਿੱਕੜ ਉਛਾਲਣ ਜਿਹੀਆਂ ਹਰਕਤਾਂ ਬਰਦਾਸ਼ਤ ਨਹੀਂ ਕੀਤੀਆਂ ਜਾ ਸਕਦੀਆਂ। ਉਨ੍ਹਾਂ (ਬਲਬੀਰ ਸਿੰਘ) ਨੂੰ ਆਪਣੇ ਦੋਸ਼ ਤੁਰੰਤ ਵਾਪਸ ਲੈਣੇ ਚਾਹੀਦੇ ਹਨ ਤੇ ਮੈਥੋਂ ਮਾਫ਼ੀ ਮੰਗਣੀ ਚਾਹੀਦੀ ਹੈ। ਖਹਿਰਾ ਨੇ ਕਿਹਾ ਕਿ ਉਨ੍ਹਾਂ ਨੇ ਇਸ ਸਬੰਧੀ ਮਨੀਸ਼ ਸਿਸੋਦੀਆ ਨੂੰ ਸਾਰੀ ਜਾਣਕਾਰੀ ਦੇ ਦਿੱਤੀ ਹੈ ਤੇ ਉਨ੍ਹਾਂ ਇਸ ਮਾਮਲੇ ਦੀ ਜਾਂਚ ਕਰਵਾਉਣ ਦਾ ਵਾਅਦਾ ਕੀਤਾ ਹੈ। ਡਾ. ਬਲਬੀਰ ਸਿੰਘ ਨੇ ਖਹਿਰਾ ਦੇ ਬਿਆਨ ਦਾ ਜਵਾਬ ਦਿੰਦਿਆਂ ਕਿਹਾ ਕਿ ਸਾਜ਼ਿਸ਼ ਰਚਣ ਦੀ ਗੱਲ ਵਿੱਚ ਕੋਈ ਸੱਚਾਈ ਨਹੀਂ ਹੈ। ਜਿਹੜੇ ਵਿਅਕਤੀ ਨੇ ਉਨ੍ਹਾਂ ਨੂੰ ਇਹ ਗੱਲ ਆਖੀ ਹੈ, ਉਸ ਦਾ ਦਾਅਵਾ ਬੇਬੁਨਿਆਦ ਹੈ। ਡਾ. ਬਲਬੀਰ ਨੇ ਕਿਹਾ ਕਿ ਖਹਿਰਾ ਨੂੰ ਆਪਣਾ ਇਤਰਾਜ਼ ਸੋਸ਼ਲ ਮੀਡੀਆ 'ਤੇ ਬਿਆਨ ਕਰਨ ਦੀ ਥਾਂ ਪਾਰਟੀ ਦੇ ਪਲੇਟਫਾਰਮ ਉਪਰ ਉਠਾਉਣਾ ਚਾਹੀਦਾ ਸੀ। ਉਨ੍ਹਾਂ ਸਪਸ਼ਟ ਕੀਤਾ ਕਿ ਪਾਰਟੀ ਵਿੱਚ ਅਹੁਦੇਦਾਰਾਂ ਦੀਆਂ ਨਿਯੁਕਤੀਆਂ ਉਹ ਨਿਰਧਾਰਤ ਫੈਸਲੇ ਮੁਤਾਬਕ 5 ਜ਼ੋਨਲ ਪ੍ਰਧਾਨਾਂ ਦੀ ਸਲਾਹ ਨਾਲ ਕਰ ਰਹੇ ਹਨ ਅਤੇ ਪਾਰਟੀ ਦੇ ਵਿਧਾਇਕਾਂ ਦੇ ਹਲਕਿਆਂ ਵਿੱਚ ਕੀਤੀਆਂ ਜਾ ਰਹੀਆਂ ਨਿਯੁਕਤੀਆਂ ਬਾਰੇ ਸਬੰਧਿਤ ਵਿਧਾਇਕਾਂ ਨਾਲ ਜ਼ਰੂਰ ਸਲਾਹ ਕਰਦੇ ਹਨ। ਉਨ੍ਹਾਂ ਕਿਹਾ ਕਿ ਇਸ ਵੇਲੇ ਉਨ੍ਹਾਂ ਦੀ ਵੱਡੀ ਤਰਜੀਹ ਇਹੋ ਹੈ ਕਿ ਪਾਰਟੀ ਦੇ ਜੱਥੇਬੰਦਕ ਢਾਂਚੇ ਨੂੰ ਸਹੀ ਰੱਖਿਆ ਜਾਵੇ। ਉਨ੍ਹਾਂ ਦੱਸਿਆ ਕਿ ਆਉਂਦੀ 13 ਅਗਸਤ ਨੂੰ ਸੰਗਰੂਰ ਵਿਚ 4,000 ਤੋਂ ਵੱਧ ਪਾਰਟੀ ਅਹੁਦੇਦਾਰਾਂ ਦੀ ਇੱਕ ਮੀਟਿੰਗ ਰੱਖੀ ਗਈ ਹੈ, ਜਿਸ ਨੂੰ ਮਨੀਸ਼ ਸਿਸੋਦੀਆ, ਸੰਗਰੂਰ ਦੇ ਐਮਪੀ ਭਗਵੰਤ ਮਾਨ ਅਤੇ ਖਹਿਰਾ ਸੰਬੋਧਨ ਕਰਨਗੇ।

# "ਜਮਾਇਕਾ ਦੇ ਬਹੁਤ ਲੋਕ ਸਿੱਖੀ ਨੂੰ ਪਸੰਦ ਕਰਦੇ ਹਨ"

**✪ ਕਾਲੇ ਤੋਂ ਸਿੱਖ ਸਜੇ ਲੈਥਨ ਸੈਮੂਅਲ ਡੈਨਿਸ ਸਿੰਘ ✪ ਅੰਗਰੇਜ਼ੀ ਭਾਸ਼ਾ ਰਾਹੀਂ ਸਮਝਿਆ ਗੁਰਬਾਣੀ ਬਾਰੇ ਗੂੜ੍ਹਾ ਗਿਆਨ ✪ ਸਿੱਖੀ ਦੀ ਚੜ੍ਹਦੀ ਕਲਾ ਲਈ ਸਰਗਰਮ ਰਹਿੰਦਾ ਏ ✪ ਪਤਨੀ ਨੂੰ ਵੀ ਹੈ ਸਿੱਖੀ ਬਾਰੇ ਪੂਰੀ ਸਮਝ**





ਆਕਲੈਂਡ : ਪਹਿਲੀ ਵਾਰ ਦਸਤਾਰ ਧਾਰੀ ਸਿੱਖ ਨੂੰ ਦੇਖ ਕੇ ਸਿੱਖੀ ਨੂੰ ਸਮਰਪਿਤ ਹੋ ਜਾਣਾ ਆਪਣੇ ਆਪ ਵਿਚ ਅਲੌਕਿਕ ਘਟਨਾ ਹੈ। ਜਮਾਇਕਾ ਮੂਲ ਦੇ ਲੈਥਨ ਸੈਮੂਅਲ ਡੈਨਿਸ ਸਿੰਘ ਨਾਲ ਵੀ ਕੁਝ ਅਜਿਹਾ ਹੀ ਵਾਪਰਿਆ ਸੀ। ਦਸਤਾਰ ਸਜਾਈ ਪੂਰੇ ਸਿੱਖੀ ਬਾਣੇ ਵਿਚ ਰਹਿਣ ਵਾਲਾ ਲੈਥਨ ਅੱਜ ਕੱਲ੍ਹ ਫੇਸਬੁੱਕ ਤੇ ਨਵੀਂ ਪੀੜ੍ਹੀ ਲਈ ਪ੍ਰੇਰਨਾ ਸਰੋਤ ਬਣਿਆ ਹੋਇਆ ਹੈ।

ਜਮਾਇਕਾ ਵਿਚ ਪੈਦਾ ਹੋਏ ਤੇ ਹੁਣ ਅਮਰੀਕਾ ਵਿਖੇ ਫੇਅਰਫੈਕਸ ਵਰਜੀਨੀਆ ਵਿਖੇ ਸੈਟ ਸੇਵਾ ਮੁਕਤ ਇੰਜੀਨੀਅਰ 71 ਸਾਲਾ ਲੈਥਨ ਸੈਮੂਅਲ ਡੈਨਿਸ ਸਿੰਘ ਨੇ ਦੱਸਿਆ ਕਿ 13 ਸਾਲ ਦੀ ਉਮਰ ਵਿਚ ਅੱਤ ਦੀ ਗਰੀਬੀ ਦੌਰਾਨ ਉਸ ਦੀ ਮਾਂ ਮਰ ਗਈ ਸੀ। ਕਿਸੇ ਤਰ੍ਹਾਂ ਸਕਾਲਰਸ਼ਿਪ ਮਿਲੀ ਤੇ ਅਮਰੀਕਾ ਪੜ੍ਹਨ ਆ ਗਿਆ। 18 ਸਾਲ ਦੀ ਉਮਰ ਵਿਚ ਜਦੋਂ ਉਹ ਮਿਸ਼ੀਗਨ ਯੂਨੀਵਰਸਿਟੀ ਵਿਚ ਪੜ੍ਹਦਾ ਸੀ ਤਾਂ ਉਸ ਨੇ ਯੂਨੀਵਰਸਿਟੀ ਤੋਂ 200 ਕੁ ਮੀਟਰ ਦੂਰ ਇਕ ਸੁੰਦਰ ਲੰਬੇ ਦਸਤਾਰਧਾਰੀ ਸਿੱਖ ਨੂੰ ਵੇਖਿਆ ਸੀ ਤੇ ਉਹ ਉਸ ਵਲ ਖਿੱਚਿਆ ਗਿਆ। ਇਸ ਤੋਂ ਪਹਿਲਾਂ ਉਸ ਨੇ ਕਦੇ ਸਿੱਖ ਨਹੀਂ ਸੀ ਵੇਖਿਆ। ਲੈਥਨ ਨੇ ਦੱਸਿਆ ਕਿ ਉਸ ਨੇ ਉਸ ਸਿੱਖ ਕੋਲੋਂ ਦਸਤਾਰ ਬੰਨ੍ਹਣ ਬਾਰੇ ਪੁੱਛਿਆ ਤਾਂ ਉਸ ਨੇ ਐਤਵਾਰ ਨੂੰ ਗੁਰਦੁਆਰੇ ਜਾਣ ਲਈ ਕਿਹਾ। ਲੈਥਨ ਨੇ ਦੱਸਿਆ ਕਿ ਉਥੋਂ ਤੱਕ ਉਸ ਨੂੰ ਗੁਰਦੁਆਰੇ ਬਾਰੇ ਵੀ ਕੁਝ ਨਹੀਂ ਸੀ ਪਤਾ। ਪਰ ਅਗਲੇ ਐਤਵਾਰ ਨੂੰ ਉਹ ਦੱਸੇ ਪਤੇ 'ਤੇ ਗੁਰਦੁਆਰਾ ਸਾਹਿਬ ਪਹੁੰਚ ਗਿਆ। ਉੱਥੇ ਉਸ ਨੂੰ ਡਾ. ਨੌਨਿਹਾਲ ਸਿੰਘ ਨਾਮ ਦੇ ਵਿਅਕਤੀ ਮਿਲੇ, ਜਿਨ੍ਹਾਂ ਨੇ ਸਿੱਖੀ ਬਾਰੇ ਉਸ ਨੂੰ ਬਹੁਤ ਸਾਰੀ ਜਾਣਕਾਰੀ ਦਿੱਤੀ। ਲੈਥਨ ਨੇ ਦੱਸਿਆ ਕਿ ਉਸ ਤੋਂ ਉਹ ਕਰੀਬ ਦੋ ਮਹੀਨੇ ਉਹ ਲਗਾਤਾਰ ਗੁਰਦੁਆਰੇ ਜਾਂਦਾ ਰਿਹਾ ਸਿੱਖੀ ਤੇ ਦਸਤਾਰ ਬਾਰੇ ਗਿਆਨ ਹਾਸਲ ਕਰਦਾ ਰਿਹਾ। ਉਹ ਦਸਤਾਰ ਬੰਨ੍ਹਣੀ ਚਾਹੁੰਦਾ ਸੀ, ਪਰ ਡਰਦਿਆਂ ਉਸ ਨੇ ਪੱਗ ਨਹੀਂ ਮੰਗੀ। ਪਰ ਦੋ ਮਹੀਨੇ ਬਾਅਦ ਉਸ ਨੂੰ ਵਿਸ਼ੇਸ਼ ਤੌਰ 'ਤੇ ਬੁਲਾਇਆ ਗਿਆ ਤੇ ਸਤਿਕਾਰ ਸਹਿਤ ਉਸ ਨੂੰ ਦਸਤਾਰ ਭੇਟ ਕੀਤੀ ਗਈ। ਗੁਰਦੁਆਰੇ ਵਿਚ ਹੀ ਉਸ ਦੇ ਦਸਤਾਰ ਸਜਾਈ ਗਈ ਤੇ ਕਿਹਾ ਗਿਆ ਕਿ ਦਸਤਾਰ ਵਿਚ ਤੁਸੀਂ ਬਹੁਤ ਸੋਹਣੇ ਲੱਗਗੇ ਹੋ।

ਲੈਥਨ ਨੇ ਦੱਸਿਆ ਕਿ ਘਰ ਜਾ ਕੇ ਉਸ ਨੇ ਸ਼ੀਸ਼ਾ ਦੇਖਿਆ ਉਸ ਨੂੰ ਮਹਿਸੂਸ ਹੋਇਆ ਕਿ ਉਸ ਦੇ ਸਿਰ 'ਤੇ ਤਾਜ ਰੱਖਿਆ ਗਿਆ ਹੈ। ਉਸ ਨੇ ਤਿੰਨ ਦਿਨ ਤੱਕ ਦਸਤਾਰ ਉਸੇ ਤਰ੍ਹਾਂ ਬੰਨ੍ਹੀ ਰਹਿਣ ਦਿੱਤੀ। ਤੀਜੇ ਦਿਨ ਦਸਤਾਰ ਉਤਾਰ ਕੇ ਬੰਨ੍ਹਣ ਲੱਗਿਆ ਤਾਂ ਉਸ ਕੋਲੋਂ ਬੰਨ੍ਹੀ ਨਾ ਗਈ। ਫਿਰ ਉਹ ਗੁਰਦੁਆਰੇ ਜਾ ਕੇ ਦਸਤਾਰ ਬੰਨ੍ਹਣੀ ਸਿੱਖਣ ਲੱਗ ਪਿਆ। ਡੈਨਿਸ ਸਿੰਘ ਕਹਿੰਦਾ ਹੈ ਕਿ ਜਿਸ ਵੀ ਗੁਰੂ ਦੇ ਸਿੰਘ ਨੇ ਉਸ ਦੇ ਪੱਗ ਬੰਨ੍ਹੀ ਉਨ੍ਹਾਂ ਨੂੰ ਇੰਝ ਲੱਗਿਆ ਜਿਵੇਂ ਗੁਰੂ ਗੋਬਿੰਦ ਸਿੰਘ ਨੇ ਉਨ੍ਹਾਂ ਦੇ ਪੱਗ ਸਜਾ ਦਿੱਤੀ ਹੋਵੇ ਅਤੇ ਉਸ ਦਿਨ ਪਤਾ ਨਹੀਂ ਕੀ ਹੋਇਆ ਮੇਰਾ ਜੀਵਨ ਪੂਰਨ ਤੌਰ ਉਤੇ ਬਦਲ ਗਿਆ। ਮੇਰਾ ਪਿਆਰ ਸਿੱਖੀ ਪ੍ਰਤੀ ਪ੍ਰਗਟ ਹੋ ਗਿਆ। ਗੁਰੂ ਨਾਨਕ ਦੀ ਸਿਖਿਆ ਮੈਨੂੰ ਪ੍ਰਭਾਵਿਤ ਕਰਨ ਲੱਗੀ। ਉਹ ਕਹਿੰਦਾ ਹੈ ਕਿ ਡਾ. ਨੌਨਿਹਾਲ ਸਿੰਘ ਨੇ ਉਸ ਨੂੰ ਸਿੱਖੀ, ਸਿੱਖੀ ਸਿਧਾਂਤਾਂ ਤੇ ਗੁਰਬਾਣੀ ਬਾਰੇ ਬਹੁਤ ਗਿਆਨ ਦਿੱਤਾ।"

ਲੈਥਨ ਸਿੰਘ ਦੀ ਪਤਨੀ ਦੀ ਭਾਵੇਂ ਸਿੱਖੀ ਵਿਚ ਬਹੁਤੀ ਰੁਚੀ ਨਹੀਂ ਪਰ ਜਮਾਇਕਾ ਤੋਂ ਹੋਣ ਕਰਕੇ ਉਸ ਨੂੰ ਵੀ ਸਿੱਖੀ ਬਾਰੇ ਕਾਫੀ ਸਮਝ ਹੈ। ਉਸ ਦੇ ਤਿੰਨ ਪੁੱਤਰ ਹਨ ਅਤੇ ਦੋ ਧੀਆਂ ਹਨ। ਇਕ ਪੁੱਤਰ ਡਾਕਟਰ ਅਤੇ ਇਕ ਵਕੀਲ ਹੈ। ਲੈਥਨ ਸਿੰਘ ਪੰਜ ਕਕਾਰਾਂ ਬਾਰੇ, ਗੁਰਬਾਣੀ ਬਾਰੇ, ਜਪੁਜੀ ਸਾਹਿਬ ਦੇ ਪੰਜ ਖੰਡਾਂ ਬਾਰੇ ਭਰਪੂਰ ਜਾਣਕਾਰੀ ਰੱਖਦਾ ਹੈ। ਉਹ ਸਵੇਰੇ 4 :30 ਵਜੇ ਉੱਠ ਕੇ ਅੰਗਰੇਜ਼ੀ ਵਿਚ ਬਾਣੀ ਪੜ੍ਹਦਾ ਹੈ ਤੇ ਉਸ ਮੁਤਾਬਕ ਹੀ ਜੀਵਨ ਵਿਚ ਅਮਲ ਕਰਦਾ ਹੈ। ਲੈਥਨ ਨੇ ਦੱਸਿਆ ਕਿ ਡਾ. ਨੌਨਿਹਾਲ ਸਿੰਘ ਇਸ ਵੇਲੇ ਦੁਨੀਆ 'ਤੇ ਨਹੀਂ ਹਨ ਪਰ ਉਸ ਦੀ ਤਸਵੀਰ ਉਹ ਹਮੇਸ਼ਾ ਆਪਣੇ ਕੋਲ ਰੱਖਦਾ ਹੈ। "ਜੂਨ 1984 ਦੀ ਨਸਲਕੁਸ਼ੀ ਬਾਰੇ ਰੋਸ ਪ੍ਰਦਰਸ਼ਨ ਹੋਵੇ, ਯੂਨਾਈਟਿਡ ਸਟੇਟ ਵਿਚ ਕੋਈ ਸਿੱਖ ਭਾਈਚਾਰੇ ਦਾ ਪ੍ਰਦਰਸ਼ਨ ਹੋਵੇ, ਮੈਂ ਕੇਸਰੀ ਨਿਸ਼ਾਨ ਸਾਹਿਬ ਲੈ ਕੇ ਆਪਣਾ ਯੋਗਦਾਨ ਪਾਉਣ ਵਾਸਤੇ ਪਹੁੰਚ ਜਾਂਦਾ ਹਾਂ।"

ਉਹ ਦੱਸਦਾ ਹੈ ਕਿ ਜੇਕਰ ਅਸੀਂ ਗੁਰੂਆਂ ਦੇ ਰਸਤੇ 'ਤੇ ਚਲ ਪਈਏ ਤਾਂ ਅਸੀਂ ਪੂਰੇ ਵਿਸ਼ਵ ਵਿਚ ਖਾਲਸਾ ਰਾਜ ਕਾਇਮ ਕਰ ਸਕਦੇ ਹਾਂ। ਗੁਰੂ ਗ੍ਰੰਥ ਸਾਹਿਬ ਸਾਡੇ ਕੋਲ ਅਜਿਹਾ ਸੋਮਾ ਹੈ, ਜਿਸ ਨਾਲ ਅਸੀਂ ਹਰੇਕ ਮਨੁੱਖ ਨੂੰ ਚੰਗੇ ਰਾਹ 'ਤੇ ਤੋਰ ਕੇ ਸਿੱਖੀ ਵੱਲ ਪ੍ਰੇਰਿਤ ਕਰ ਸਕਦੇ ਹਾਂ। ਕਿਰਤ ਕਰੋ, ਨਾਮ ਜਪੋ, ਵੰਡ ਛਕੋ ਸਿੱਖੀ ਦਾ ਮੂਲ ਆਧਾਰ ਹੈ, ਇਹ ਹਰੇਕ ਮਨੁੱਖ ਨੂੰ ਚੰਗਾ ਲੱਗੇਗਾ। ਉਸ ਨੇ ਇਹ ਵੀ ਕਿਹਾ ਕਿ ਜਮਾਇਕਾ ਦੇ ਬਹੁਤ ਲੋਕ ਸਿੱਖੀ ਨੂੰ ਪਸੰਦ ਕਰਦੇ ਹਨ। ਉੱਥੇ ਪ੍ਰਚਾਰ ਕਰਨ ਦੀ ਲੋੜ ਹੈ। ਡੈਨਿਸ ਸਿੰਘ ਆਖਦਾ ਹੈ ਕਿ ਜਦੋਂ ਦੁਨੀਆ ਨਸਲਵਾਦ ਦੇ ਯੁੱਗ ਵਿਚ ਵਿਚਰ ਰਹੀ ਹੈ ਤਾਂ ਸਾਨੂੰ ਗੁਰੂਆਂ ਦੀ ਵਿਚਾਰਧਾਰਾ ਨੂੰ ਪ੍ਰਚਾਰਨਾ ਚਾਹੀਦਾ ਹੈ ਕਿ ਅਸੀਂ ਸਭ ਮਨੁੱਖ ਹਾਂ ਤੇ ਬਰਾਬਰ ਹਾਂ। ਇਹੀ ਵਿਚਾਰਧਾਰਾ ਮੈਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤੀ। ਉਨ੍ਹਾਂ ਕਿਹਾ ਕਿ ਸਾਨੂੰ ਵਿਸ਼ਵ ਪੱਧਰ 'ਤੇ ਗੁਰੂਆਂ ਦੀਆਂ ਸਿੱਖਿਆਵਾਂ ਦਾ ਪ੍ਰਚਾਰ ਕਰਨ ਦੀ ਲੋੜ ਹੈ। ਇਸ ਨਾਲ ਸਿੱਖ ਪੰਥ ਦੀ ਚੜ੍ਹਦੀ ਕਲਾ ਹੋਵੇਗੀ।


ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆਂ, ਅਮਰੀਕਾ
ਵਲੋਂ 14ਵਾਂ ਵਿਸ਼ਵ ਕਬੱਡੀ ਕੱਪ
ਮਿਤੀ 16 ਸਤੰਬਰ 2018 ਦਿਨ ਐਤਵਾਰ
(ਸਵੇਰ 9 ਤੋਂ ਸ਼ਾਮ 6 ਵਜੇ ਤੱਕ)
(James Logan High School 1800 H Street,
Union City, California 94587)
ਲੋਗਨ ਹਾਈ ਸਕੂਲ 1800 ਐਚ ਯੂਨੀਅਨ ਸਿਟੀ, ਕੈਲੀਫੋਰਨੀਆਂ 94587 ਦੀਆਂ ਗਰਾਊਂਡਾਂ ਵਿਚ ਕਰਵਾਇਆ ਜਾ ਰਿਹਾ ਹੈ
ਮੁੱਖ ਮਹਿਮਾਨ
ਸੰਤ ਸੇਵਾ ਸਿੰਘ
ਖਡੂਰ ਸਾਹਿਬ ਵਾਲੇ
ਅਮੋਲਕ ਸਿੰਘ ਗਾਖਲ
ਸਰਪ੍ਰਸਤ ਯੂਨਾਈਟਡ ਸਪੋਰਟਸ ਕਲੱਬ
UNITED SPORTS CLUB, CALIFORNIA
AMERICA
USC
ਯੂਨਾਈਟਡ ਸਪੋਰਟਸ ਕਲੱਬ, ਕੈਲੀਫੋਰਨੀਆਂ ਅਮਰੀਕਾ
ਮੱਖਣ ਸਿੰਘ ਬੈਂਸ ਚੇਅਰਮੈਨ
ਇਕਬਾਲ ਸਿੰਘ ਗਾਖਲ ਉਪ ਚੇਅਰਮੈਨ
ਬਲਵੀਰ ਸਿੰਘ ਭਾਟੀਆ ਪ੍ਰਧਾਨ
ਪਲਵਿੰਦਰ ਸਿੰਘ ਗਾਖਲ ਡਾਇਰੈਕਟਰ
ਗੁਰਦਾਸ ਸਿੰਘ ਸਹੋਤਾ ਉਪ ਪ੍ਰਧਾਨ
ਐਸ ਅਸ਼ੋਕ ਭੌਰਾ
ਪਿੰਕੀ ਅਟਵਾਲ ਡਾਇਰੈਕਟਰ
ਜਾਧੂ ਸਿੰਘ ਖਲੌਰ ਸਲਾਹਕਾਰ
ਨਰਿੰਦਰ ਸਿੰਘ ਸਹੋਤਾ ਖਜਾਨਚੀ
ਮੱਖਣ ਸਿੰਘ ਧਾਲੀਵਾਲ ਡਾਇਰੈਕਟਰ
ਤੀਰਥ ਗਾਖਲ
ਰੰਗ ਕਬੱਡੀ ਦੇ
ਦਲਵਿੰਦਰ ਪੰਡਾ ਡਾਇਰੈਕਟਰ
ਨੰਬਾ ਸਿੰਘ ਗਾਖਲ ਸਲਾਹਕਾਰ
ਦੇਬੀ ਸੋਹਲ ਮਿੱਠਿਆਂ ਵੱਲਾ ਡਾਇਰੈਕਟਰ
ਇੰਦਰਜੀਤ ਸਿੰਘ ਥਿੰਦ
ਬਖਤਾਵਰ ਸਿੰਘ ਗਾਖਲ ਡਾਇਰੈਕਟਰ
ਜਸਵੀਰ ਸਿੰਘ ਗਾਖਲ ਡਾਇਰੈਕਟਰ
ਗੁਰਪ੍ਰੀਤ ਸਿੰਘ ਗਾਖਲ ਡਾਇਰੈਕਟਰ
ਉਦਘਾਟਨ ਕਰਨ ਵਾਲੇ ਮਹਿਮਾਨ
ਸੁਰਜੀਤ ਸਿੰਘ ਟੁੱਟ
ਮਾਈਕ ਬੋਪਾਰਾਏ
ਜਸਪ੍ਰੀਤ ਸਿੰਘ ਅਟਾਰਨੀ
ਮੇਜਰ ਸਿੰਘ ਬੈਂਸ
ਪਹਿਲੇ ਇਨਾਮ ਦੇ ਸਪਾਂਸਰ
DIAMOND TRANSPORTATION
ਦੂਜੇ ਇਨਾਮ ਦੇ ਸਪਾਂਸਰ
ਸਹੋਤਾ ਪਰਿਵਾਰ ਦੇ
ਜੁਗਰਾਜ ਸਿੰਘ ਸਹੋਤਾ 'ਤੇ
ਨਰਿੰਦਰ ਸਿੰਘ ਸਹੋਤਾ
(ਪਿਤਾ ਸਵ. ਕਸ਼ਮੀਰ ਸਿੰਘ ਸਹੋਤਾ ਦੀ ਯਾਦ ਨੂੰ ਸਮਰਪਿਤ)
Sponsor of Under-25
First Prize
Sponsored byTakhar faimly in memory of late santokh s Takhar Apna punjab& Northern California club
ਇਹ ਖੇਡ ਮੇਲਾ ਸਮੂਹ ਸਪਾਂਸਰਾਂ ਅਤੇ ਸਹਿਯੋਗੀਆਂ ਦੇ ਵਡਮੁੱਲੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ।
ਵਿਸ਼ਵ ਕਬੱਡੀ ਕੱਪ ਵਿਚ ਪਹੁੰਚ ਰਹੇ ਇੰਟਰਨੈਸ਼ਨਲ ਸਟਾਰ ਕਬੱਡੀ ਖਿਡਾਰੀ
Mangi Bagga Pind
Pala Jalalapur
Sandip Ludhar
Sukha Bhandal
Dulla Bagga Pind
Khushi Duggan
Pehlwan Kahlwan
Kamal Nawan Pind
Yaad Kotli
Rubi Harkhowal
Jairo
Arsh Chohla
Arshi Preetam
Gurlal Ghanaur
Sultan
Sandeep Surkhpur
Deesha Aalowal
Gagan Jogewal
Bana Dhaliwal
Sattu Khadoor Sahib
Hasoos
Sandeep Nangal Ambian
Mani Sandhu
Gurpreet Burj Hari
Johny Gill
ਸਮੂਹ ਖੇਡ ਪ੍ਰੇਮੀਆਂ ਨੂੰ ਖੇਡ ਮੇਲੇ ਵਿਚ ਪਹੁੰਚਣ ਦਾ ਖੁੱਲ੍ਹਾ ਸੱਦਾ
ਭਾਗ ਲੈਣ ਵਾਲੀਆਂ ਕਲੱਬਾਂ
1. ਸ਼ੇਰ-ਏ-ਪੰਜਾਬ ਸਪੋਰਟਸ ਕਲੱਬ, ਲਾਸ ਬੈਨਸ (ਲੱਛਰ ਭਰਾ)
2. ਰਾਇਲ ਕਿੰਗਜ਼ ਯੂ.ਐਸ.ਏ (ਸ਼ੱਬਾ ਥਿਆੜਾ)
3. ਮਿੱਡ ਵੈਸਟ ਕਬੱਡੀ ਟੀਮ (ਵਿੱਕੀ ਸੰਮੀਪੁਰੀਆ ਤੇ ਤਾਰੀ)
4. ਕਨੇਡਾ ਕਬੱਡੀ ਟੀਮ (ਪੰਮਾ ਦਿਓਲ ਤੇ ਸੇਵਾ ਸਿੰਘ ਰੰਧਾਵਾ)
ਵਿਸ਼ਵ ਕਬੱਡੀ ਕੱਪ ਦੇ ਮੀਡੀਆ ਇੰਚਾਰਜ
ਐਸ ਅਸ਼ੋਕ ਭੌਰਾ
Phone: 510 415 3315,
Email: ashokbhaura@gmail.com
ਯੂਨਾਈਟਡ ਸਪੋਰਟਸ ਕਲੱਬ, ਰਾਜਾ ਸਵੀਟਸ, ਗੁਰਦਵਾਰਾ ਫਰੀਮਾਂਟ, ਸੈਨਹੋਜ਼ੇ, ਸਟਾਕਟਨ ਅਤੇ ਸਿੰਘ ਸਭਾ ਮਿਲਪੀਟਸ ਗੁਰਘਰਾਂ ਦੇ ਸਹਿਯੋਗ ਨਾਲ ਸਾਰਾ ਦਿਨ ਚਾਹ ਪਕੌੜੇ ਅਤੇ ਗੁਰੂ ਕੇ ਲੰਗਰ ਵਰਤਾਏ ਜਾਣਗੇ।
ਪੰਜਾਬੀਆਂ ਦੀ ਮਾਂ ਖੇਡ ਕਬੱਡੀ ਨੂੰ ਨੇੜਿਓਂ ਤੱਕਣ ਲਈ ਦਰਸ਼ਕ ਜੇਮਸ ਲੋਗਨ ਹਾਈ ਸਕੂਲ ਵਿਚ ਹੁੰਮ ਹੁਮਾ ਕੇ ਪਹੁੰਚਣ.ਕਬੱਡੀ ਦੇ ਕੌਮਾਂਤਰੀ ਨਿਯਮ ਲਾਗੂ ਹੋਣਗੇ, ਅੰਤਿਮ ਫੈਸਲਾ ਯੂਨਾਈਟਡ ਸਪੋਰਟਸ ਕਲੱਬ ਦਾ ਹੋਵੇਗਾ




SAVE UPTO 24¢

PER GALLON ON DIESEL






FUEL CARD

Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.

FACTORING

Fleet One introduces aggressive factoring program for Trans-Alliance members. We can beat any price to get your piece of business.

ਪੰਜਾਬੀ ਵਿਚ ਜਾਣਕਾਰੀ ਲਈ 1.855.641.6955

888.795.7035
sales@trans-alliance.com
www.trans-alliance.com

PETRO Stopping Centers®
TA TravelCenters of America
Love's Travel Stops & Country Stores

# ਭਾਰੀ ਸੇਲ ਨਾਲ ਸਨੀਵੇਲ 'ਚ ਖੁੱਲ੍ਹਿਆ ਆਪਣਾ ਬਾਜ਼ਾਰ

## ਪਹਿਲੇ ਦਿਨ ਹੀ ਲੱਗਿਆ ਵਿਸਾਖੀ, ਦੁਸਹਿਰੇ ਤੇ ਦੀਵਾਲੀ ਵਾਂਗ ਮੇਲਾ







ਸਨੀਵੇਲ, ਕੈਲੀਫੋਰਨੀਆ : ਭਾਰਤੀ ਅਤੇ ਅਮਰੀਕਨ ਗਰੋਸਰੀ ਦੇ ਬਾਦਸ਼ਾਹ ਵੱਖ-ਵੱਖ ਸਟੇਟਾਂ 'ਚ ਆਪਣਾ ਬਾਜ਼ਾਰ ਦੀ ਕੁਆਲਟੀ ਅਤੇ ਕੀਮਤ ਨੂੰ ਮਾਤ ਪਾਉਣ ਵਾਲਿਆ ਨੇ ਆਪਣੀ ਕੈਲੀਫੋਰਨੀਆ 'ਚ ਪਹਿਲੀ ਮਾਰਕੀਟ ਖੋਲ੍ਹੀ। ਸਵੇਰ ਤੋਂ ਰਾਤ ਤੱਕ ਖਰੀਦ-ਫਰੋਖਤ ਕਰਨ ਵਾਲਿਆਂ ਦਾ ਹੜ੍ਹ ਆ ਗਿਆ। ਜੋ ਲੋਕ ਡਾਲਰ 300 'ਚ ਖਰੀਦ ਨਹੀਂ ਸਕਦੇ ਸੀ ਇਥੇ ਡਾਲਰ 100 ਤੋਂ ਵੀ ਹੇਠਾਂ ਖਰੀਦਿਆ ਗਿਆ। ਇਸ ਸਤਾਰਵੀਂ ਮਾਰਕੀਟ ਵਿਚ ਮਾਲਕ ਸ. ਜੌਹਲ ਅਤੇ ਸ੍ਰੀ ਭਾਰਦਵਾਜ ਆਪ ਹਾਜ਼ਰ ਸਨ। ਉਨ੍ਹਾਂ ਨਾਲ ਉਨ੍ਹਾਂ ਦੇ ਸਾਥੀ ਭਾਰਤੀ ਦੀ ਜਾਣੀ ਪਹਿਚਾਣੀ ਸਖਸ਼ੀਅਤ ਚੰਡੀਗੜ੍ਹ ਤੋਂ ਦੁਨੀਆ ਦੇ ਪ੍ਰਸਿੱਧ ਬਿਜਨਸਮੈਨ ਸ. ਡੀ ਐਸ ਬਾਜਵਾ ਨਾਲ ਸਨ। ਉਨ੍ਹਾਂ 'ਸਾਡੇ ਲੋਕ' ਅਖਬਾਰ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਹ ਅਮਰੀਕਾ ਵਿਚ ਸਾਡੀ 17ਵੀਂ ਲੁਕੇਸ਼ਨ ਹੈ ਅਤੇ ਜਲਦੀ ਹੀ ਕੈਲੀਫੋਰਨੀਆ 'ਚ ਤਿੰਨ ਹੋਰ ਲੋਕੇਸ਼ਨਾਂ ਖੋਲ੍ਹ ਕੇ ਅਕਾਲ ਪੁਰਖ ਦੀ ਕਿਰਪਾ ਨਾਲ ਆਪਣਾ ਬਾਜ਼ਾਰ ਮਾਰਕੀਟ ਦੀ ਗਿਣਤੀ 20 ਤੱਕ ਪਹੁੰਚ ਜਾਵੇਗੀ। ਇਥੇ ਇਹ ਵਰਨਣਯੋਗ ਹੈ ਕਿ ਮਾਰਕੀਟ ਦੇ ਅੱਜ ਪਹਿਲੇ ਦਿਨ ਉਪਰ ਇਸ ਤਰ੍ਹਾਂ ਭਾਰੀ ਰਸ਼ ਸੀ ਜਿਵੇਂ ਵਿਸਾਖੀ, ਦੀਵਾਲੀ ਜਾਂ ਦੁਸਹਿਰੇ ਦਾ ਤਿਉਹਾਰ ਹੋਵੇ। ਇਹ ਵੀ ਜ਼ਿਕਰਯੋਗ ਹੈ ਕਿ ਬਾਲੀਵੁੱਡ ਦੀ ਪ੍ਰਸਿੱਧ ਗਾਇਕ ਜੋੜੀ ਵਿਸ਼ਾਲ ਸ਼ੇਖਰ ਦੇ ਮਿਆਰੀ ਸ਼ੋਅ ਦੀਆਂ ਟਿਕਟਾਂ ਮੁਫਤ ਦਿੱਤੀਆਂ ਜਾ ਰਹੀਆਂ ਸਨ। ਸਬਜ਼ੀਆਂ ਦੀ ਤਾਜ਼ਗੀ, ਕੁਆਲਿਟੀ ਅਤੇ ਕੀਮਤ ਨੂੰ ਦੇਖ ਕੇ ਲੋਕ ਅਸ਼-ਅਸ਼ ਕਰ ਰਹੇ ਸਨ, ਜਿੱਥੇ ਖਰੀਦੋ-ਫਰੋਖਤ ਦਾ ਭਾਰੀ ਮੇਲਾ ਸੀ ਉਥੇ 'ਸਾਡੇ ਲੋਕ', ਅੰਮ੍ਰਿਤਸਰ ਟਾਈਮਜ਼, ਜਸ ਪੰਜਾਬੀ, ਪੀਟੀਸੀ ਅਤੇ ਹੋਰ ਮੀਡੀਆ ਲਗਾਤਾਰ ਕਵਰੇਜ ਕਰ ਰਿਹਾ ਸੀ। ਆਮ ਲੋਕਾਂ ਦੀ ਜ਼ੁਬਾਨ 'ਤੇ ਸੀ ਕਿ ਆਪਣਾ ਬਾਜ਼ਾਰ ਦੇ ਖੁੱਲ੍ਹਣ ਨਾਲ ਬਾਕੀ ਸਟੋਰਾਂ ਦਾ ਕੀ ਬਣੇਗਾ ਪਰ ਰੱਬ ਰਾਖਾ ਵਾਕਿਆ ਹੀ ਇਹ ਇਕ ਯਾਦਗਾਰੀ ਓਪਨਿੰਗ ਸੀ। ਦੇਖੋ ਤਸਵੀਰਾਂ ਦੀ ਜ਼ੁਬਾਨੀ।


























# Apna Bazar Farmers Market

APNA BAZAR FARMERS MARKET

1111 W El Camino Real • Sunnyvale, CA 94087 • For info, call: (408) 746-5966 • Call/ Text: (408) 513-4300 • www.ApnaBazar.com

Frootí 200 ml x 27 pcs $6.99

Parle-G 8 pcs $1.00

Kitchen King Basmati 10 lbs $8.99

Tilda Basmati Rice 10 lbs $9.99

Decan Sona Masoori 20 lbs $11.99

Aashirvaad Atta 20 lbs $6.99

Swarna Atta 20 lbs $7.99

Elite Chakki Atta 20 lbs $5.99

Shrinath Chakki Fresh Atta 20 lbs $5.99

Olio Villa Gallon $6.99

Laxmi Moong Dal 4 lbs $2.99

Laxmi Masoor Dal 4 lbs $2.99

Laxmi Chana Dal 4 lbs $2.99

Laxmi Kala Dal 4 lbs $2.99

Laxmi Toor Dal 4 lbs $2.99

Tamarind Slab Seedless Paste 1 lb $2.99

Cinnamon Sticks 1 lb $3.99

Laxmi Besan 4 lbs $3.99

Laxmi Chapati Flour 20 lbs $9.99

Laxmi Urad Dal 4 lbs $2.99

Maggie Hot & Sweet Sauce 1 kg $3.99

Paras Vegetable Oil 32.5 lbs $19.99

Paras Canola Oil 32.5 lbs $19.99

Wagh Bakri 3 lbs $9.99

Laxmi Poha 2 lbs $1.99

Elite Sona Masuri 20 lbs $8.99

Pachranga Mix Pickle 850 g $0.99

Shrinath Mango Pump 850 g x 6 pcs $8.99

Sukhiana All Organic Dals 4 lbs $4.99

Meera Besan 4 lbs $2.99

Indus Valley Sona Masoori 20 lb $12.99

Almonds 3 lbs $11.99

Golden Raisin Loose 1 lb $1.99

Black Pepper Whole 0.5 lb $2.49

Black Pepper Whole 1 lb $3.99

Black Pepper Ground 0.5 lb $2.99

Black Pepper Ground 1 lb $4.99

Corriander Seed 1 lb $3.99

Cloves 1 lb $6.99

Fennel Seeds 1 lb $2.49

Almond Natural Sliced 1 lb $4.99

Tea India 2 lbs $5.99

Royal Basmati Rice 20 lbs $16.99

Milo Chocolate Drink 400 g $3.99

Milo Chocolate Drink 1.9 kg $12.99

Love Organics Urad Dal Whole 4 lbs $3.99

Love Organics Moong Dal 4 lbs $3.99

Love Organics Toor Dal 4 lbs $3.99

Royal Sona Masoori Rice 20 lbs $10.99


APNA BAZAR
APNA BAZAR
FARMER'S MARKET
Nature Mills Sesame Oil 1 ltr $8.99
Nature Mills Sesame Oil 2 ltr $16.99
Nature Mills Peanut Oil 1 ltr $7.99
Nature Mills Peanut Oil 2 ltr $15.99
India's Nature Mustard Oil 1 ltr $2.99
Shrinath Panipuri Paste 10 oz $1.99
Verka Ghee 7 oz $3.99
Verka Ghee 14 oz $4.99
Verka Ghee 28 oz $9.99
Verka Ghee 56 oz $19.99
Verka Ghee 120 oz $33.99
Shrinath Green Chilli Chutney 10 oz $1.99
Dunar Daily Basmati Rice 10 lbs $8.99
Peanuts 3 lbs $2.99
Tilda Sona Masoori Rice 20 lbs $11.99
Nirwana Brown Sugar 30 oz $2.99
Nirwana Brown Sugar 56 oz $4.99
Shrinath Bombay Sandwich Chutney 10 oz $1.99
Nirwana Chia Seed 48 oz $7.49
Nirwana Quinoa Seed 48 oz $7.49
Shrinath Ginger Paste 25.4 oz $2.99
Shrinath Garlic Paste 25.4 oz $2.99
Ananda Real Desi Paneer 400 g $2.99
Shrinath Bhelpuri Chutney 10 oz $1.99
Mtr Badam Milk 180 ml Single $1.49
Mtr Badam Milk 180 ml x 6 Pcs $6.99
Laxmi Mango Pulp 850g x 6 pcs $8.99
Shan Ginger Paste $3.99
Shan Ginger-Garlic Paste $3.99
Shrinath Coconut Chutney 10 oz $1.99
Shrinath Date Tamarind Chutney 10 oz $1.99
Shrinath Coriander Chutney 10 oz $1.99
Green Cardamom Jumbo 0.5 lb $6.99
Green Cardamom Jumbo 1 lb $12.99
Pavel's Yogurt 2 lbs $2.19
Burroughs Organic Milk Gallon $4.99
Hawkins Big Boy 18 Litre $89.99
Hawkins Big Boy 22 Litre $99.99
Prestige Stainless Steel Pressure Cooker 3 ltr $34.99
Prestige Stainless Steel Pressure Cooker 5.5 ltr $44.99
Hawkins Classic Aluminum Pressure Cooker 3 ltr $22.99
Hawkins Classic Aluminum Pressure Cooker 5 ltr $29.99
Prestige Manttra Nakshatra Mixer $79.99
Preethi Eco Plus Mixer $89.99
Prestige Manttra Teon Star Mixer $89.99
Aluminum Kadai (Flat Bottom) STARTING AT $4.99
Bright Appam Patra 12 Cavities $9.99
Hawkins Futura Q41 Tawa $27.99
Prestige Aluminum Pressure Cooker 3 ltr $19.99
Prestige Aluminum Pressure Cooker 5 ltr $27.99
Prestige Manttra Teon Star Mixer $14.99
99¢ Sale
Cups & Bowls Stainless Steel $1.99
GRAND OPENING
99¢ Sale

ਅਮਰੀਕਾ ਵਿਚ ਇੰਡੀਅਨ ਗਰੋਸਰੀ ਦੇ ਨੰਬਰ ਵਨ ਹੋਲਸੇਲਰ 1







ਅਸੀਂ ਇੰਡੀਅਨ ਸਟੋਰਸ, ਰੈਸਟੋਰੈਂਟਸ, ਹੋਟਲ ਅਤੇ ਕੇਟਰਿੰਗ ਨੂੰ ਇੰਡੀਅਨ ਗਰੋਸਰੀ, ਬਰਤਨ, ਦਾਲਾਂ, ਰਾਈਸ, ਸਪਾਈਸਿਜ਼ ਅਤੇ ਔਰਗੈਨਿਕ ਫੂਡ ਸਪਲਾਈ ਕਰਦੇ ਹਾਂ

Kulwant Singh (Shah)

**Punjab Trading Inc**

4710 B ST NW #103 Auburn, WA 98001

Phone:206-778-1823

shahbrands@gmail.com



ਸਿੱਖ ਰਿਲੀਜੀਅਸ ਸੁਸਾਇਟੀ, ਗੁਰਦੁਆਰਾ ਸਾਹਿਬ ਪੈਲਾਟਾਈਨ

1280 WINNETKA ST. PALATINE IL 60067, Contact : (847) 358-1117

ਮਹਾਨ ਧਾਰਮਿਕ ਸਮਾਗਮ

23 ਤੋਂ 26 ਜੁਲਾਈ, 2018

ਸਿੱਖ ਰਿਲੀਜ਼ੀਅਸ ਸੁਸਾਇਟੀ ਪੈਲਾਟਾਇਨ ਗੁਰਦੁਆਰਾ ਸਾਹਿਬ ਵਿਖੇ 23 ਤੋਂ 26 ਜੁਲਾਈ 2018 ਤੱਕ ਹਰ ਰੋਜ਼ ਸ਼ਾਮ ਨੂੰ ਧਾਰਮਿਕ ਦੀਵਾਨ ਸਜਾਏ ਜਾਣਗੇ। ਪੰਥ ਦੇ ਮਹਾਨ ਕਥਾਵਾਚਕ

ਭਾਈ ਪਰਮਜੀਤ ਸਿੰਘ ਖਾਲਸਾ

ਇਸ ਸਮਾਗਮ 'ਚ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ।

*ਸਿੱਖ ਰਿਲੀਜ਼ੀਅਸ ਸੁਸਾਇਟੀ ਪੈਲਾਟਾਇਨ ਵੱਲੋਂ ਸਮੂਹ ਸਿੱਖ ਸੰਗਤਾਂ ਨੂੰ ਪਰਿਵਾਰਾਂ ਸਮੇਤ ਆਉਣ ਦੀ ਬੇਨਤੀ ਕੀਤੀ ਜਾਂਦੀ ਹੈ।*



ਹੋਰ ਜਾਣਕਾਰੀ ਲਈ ਸੰਪਰਕ ਕਰੋ

ਗੁਰਦੁਆਰਾ ਸਾਹਿਬ ਫੋਨ:
1-847-358-1117

ਮੱਖਣ ਸਿੰਘ ਕਲੇਰ ਫੋਨ:
1-630-827-9752



Serving Around the World Community Since 1994

We Specialize to Asia, Europe, Middle East, Africa, Australia & etc.

Special fares to :

SFO TO DEL
LAX TO DEL




Special fares to
Amritsar & Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com

Or Call (818) 762-9236

15549 Devonshire St., Ste. 206 Mission Hills, CA 91345



SINGH TRANSPORT INC



ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।

ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ

- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲਬੱਧ
- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।

- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਟਰੱਕ ਰਿਪੇਅਰ ਮਕੈਨਿਕ ਦੀ ਲੋੜ

ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



**New Home for Sale:**
1830 William Moss Stockton
3 Bed, 2 Bath 1250 square foot
**$299,900**



**Truck Yard for Sale:**
3779 S El Dorado Road Stockton, 3.70 Acres,
60 Truck trailer parking in Permitted Truck parking Zone
**$1,250,000**

Two Acres Truck Yard with small shop Available in Manteca asking for **$950,000**



Ranjit S Mangat
(Lic: 01922089)

ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700**
**gbsingh84@gmail.com**

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

KHALSA INSURANCE AGENCY, INC.
Khalsa Insurance Agency is among TOP 50 agencies

2014 ACE INDIVIDUAL
KHALSA INSURANCE AGENCY

- GUARANTEED COVERAGE
- NO ANNUAL LIMITS, NO DENIAL FOR PRE-EXISTING CONDITIONS
- RATES NOT BASED ON HEALTH STATUS
- AFFORDABLE COVERAGE – PUBLIC OR PRIVATE
- REQUIRED FOR INDIVIDUALS

COVERED CALIFORNIA

Call Now for the Lowest Health Insurance Premiums available
Some Households qualify for FREE HEALTHCARE

OBAMACARE
COVERED CALIFORNIA
AFFORDABLE CARE ACT
California Health Benefit Exchange
Your destination for affordable health care

408-272-2500

Please Contact Harjot S Khalsa (Certified Covered CA Agent) | License # 0803546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

## ਉੱਘੇ ਸਿੱਖ ਵਿਦਵਾਨ ਭਾਈ ਅਜਮੇਰ ਸਿੰਘ ਦੀਆਂ ਬੇਹੱਦ ਪੜ੍ਹਣ ਯੋਗ ਪੁਸਤਕਾਂ

ਹੁਣ ਅਮਰੀਕਾ ਵਿੱਚ ਘਰ ਬੈਠੇ ਪ੍ਰਾਪਤ ਕਰ ਸਕਦੇ ਹੋ:




ਕੀਮਤ ਇੱਕ ਪੁਸਤਕ : 20 ਡਾਲਰ (ਡਾਕ ਖਰਚੇ ਸਮੇਤ)
ਸਾਰੀਆਂ ਪੁਸਤਕਾਂ ਦਾ ਸੈਟ : 100 ਡਾਲਰ (ਡਾਕ ਖਰਚੇ ਸਮੇਤ)

ਹੋਰ ਜਾਣਕਾਰੀ ਸੰਪਰਕ ਕਰੋ :
ਤਜਿੰਦਰ ਸਿੰਘ 916-529-7877
ਜਸਜੀਤ ਸਿੰਘ ਫੋਨ :510 875 3279

## Website Design & Development

➡ ਛੋਟੇਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
➡ ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।

Basic web packages are availables on comparatively economical rates
We work as per your requirement and charge only according to work

SERVICES
✔ WEB DEVELOPMENT
✔ WEB DESIGNING
✔ WEB RE-DESIGN
✔ LOGO DESIGN
✔ SEO SERVICES
✔ TECHNICAL SUPPORT

Web Media Art

ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।

+91-94640-83029
+91-95699-98747
info@webmediaart.com
www.webmediaart.com

ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ

ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327. 70
Diesel/Gas
Exit 137

ਟਰੱਕਾਂ ਵਾਲੇ ਭਰਾਵਾਂ ਲਈ ਖੁੱਲ੍ਹ ਗਿਆ



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ!

ਸਹੂਲਤਾਂ
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.



Free Buffet over 100 gallons
open 6am to midnight
Phone: 765-478-6300

ਸਫ਼ਾ ਇਕ ਦੀ ਬਾਕੀ

## ਭਾਰਤ 'ਚ ਜਾਨੂੰਨੀ ਹਿੰਦੂਆਂ ਦੇ ਹਜੂਮਾਂ ਦਾ ਤਾਂਡਵ

ਮੰਗੇ ਜਾਣ ਦੀ ਵੀਡੀਓ ਵਾਇਰਲ ਹੋਈ ਹੈ। ਉਂਜ ਡੀਜੀਪੀ ਓਪੀ. ਗਲਹੋਤਰਾ ਨੇ ਉਸ ਦੀ ਮੌਤ 'ਪੁਲਿਸ ਹਿਰਾਸਤ' ਵਿਚ ਹੋਣ ਦੇ ਦੋਸ਼ਾਂ ਨੂੰ ਖ਼ਾਰਜ ਕੀਤਾ ਹੈ।

ਆਰਐੱਸਐੱਸ ਦੇ ਨੇਤਾ ਇੰਦਰੇਸ਼ ਕੁਮਾਰ ਨੇ ਅਜੀਬ ਗਰੀਬ ਬਿਆਨ ਦਿੱਤਾ ਹੈ। ਰਾਂਚੀ ਵਿਚ ਇਕ ਪ੍ਰੋਗਰਾਮ ਦੌਰਾਨ ਇੰਦਰੇਸ਼ ਕੁਮਾਰ ਨੇ ਕਿਹਾ ਕਿ ਜੇਕਰ ਲੋਕ ਬੀਫ਼ ਖਾਣਾ ਛੱਡ ਦੇਣ ਤਾਂ ਮਾਬ ਲਿੰਚਿੰਗ ਵਰਗੀਆਂ ਘਟਨਾਵਾਂ ਰੁਕ ਸਕਦੀਆਂ ਹਨ। ਮਾਬ ਲਿੰਚਿੰਗ ਵਰਗੀਆਂ ਘਟਨਾਵਾਂ ਦਾ ਸਵਾਗਤ ਨਹੀਂ ਕੀਤਾ ਜਾ ਸਕਦਾ ਪਰ ਦੁਨੀਆ ਦੇ ਕਿਸੇ ਧਰਮ ਵਿਚ ਗਾਂ ਦੀ ਹੱਤਿਆ ਨਹੀਂ ਹੁੰਦੀ। ਇਸੇ ਤਰ੍ਹਾਂ ਮੱਧ ਪ੍ਰਦੇਸ਼ ਦੇ ਸਿਗਰੌਲੀ ਜ਼ਿਲ੍ਹੇ ਵਿੱਚ ਭੀੜ ਨੇ ਇਕ ਅਣਪਛਾਤੀ ਔਰਤ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਹੈ। ਮਾਰੀ ਗਈ ਔਰਤ ਮਾਨਸਿਕ ਤੌਰ 'ਤੇ 'ਬਿਮਾਰ ਦਿਖਾਈ ਦਿੰਦੀ' ਸੀ, ਜਿਸ ਦੀ ਉਮਰ 25-30 ਸਾਲ ਦੱਸੀ ਗਈ ਹੈ।ਉਧਰ ਮੋਦੀ ਸਰਕਾਰ ਦੇ ਕਈ ਮੰਤਰੀ ਹਜੂਮੀ ਕਾਤਲਾਂ ਦੀ ਪਿੱਠ ਥਾਪੜ ਰਹੇ ਹਨ। ਉਹ ਉਨ੍ਹਾਂ ਨੂੰ 'ਸੂਰਮੇ' ਖਿਤਾਬ ਦੇਣ ਅਤੇ ਸਨਮਾਨਤ ਕਰਨ ਦੀਆਂ ਸ਼ਰੇਆਮ ਤਕਰੀਰਾਂ ਕਰ ਰਹੇ ਹਨ।

ਸੁਪਰੀਮ ਕੋਰਟ ਨੇ ਹਜੂਮੀ ਕਤਲਾਂ ਦੇ ਮਾਮਲੇ ਵਿੱਚ ਰਾਜਸਥਾਨ ਸਰਕਾਰ ਖ਼ਿਲਾਫ਼ ਹੱਤਕ ਇੱਜ਼ਤ ਮਾਮਲੇ 'ਤੇ ਕਾਰਵਾਈ ਲਈ ਆਗਾਮੀ 28 ਅਗਸਤ ਨੂੰ ਸੁਣਵਾਈ ਲਈ ਹਾਮੀ ਭਰੀ ਹੈ। ਦਰਅਸਲ ਤੁਸ਼ਾਰ ਗਾਂਧੀ ਤੇ ਕਾਂਗਰਸੀ ਨੇਤਾ ਤਹਿਸੀਨ ਪੂਨਾਵਾਲਾ ਵੱਲੋਂ ਦਾਇਰ ਪਟੀਸ਼ਨਾਂ 'ਚ ਦੋਸ਼ ਲਾਇਆ ਗਿਆ ਕਿ ਸੁਪਰੀਮ ਕੋਰਟ ਦੇ ਫ਼ੈਸਲੇ ਦੇ ਬਾਵਜੂਦ ਦੇਸ਼ 'ਚ ਕੁੱਟ-ਕੁੱਟ ਕੇ ਮਾਰਨ ਦੀਆਂ ਘਟਨਾਵਾਂ ਲਗਾਤਾਰ ਵਾਪਰ ਰਹੀਆਂ ਹਨ।

ਚੀਫ ਜਸਟਿਸ ਦੀਪਕ ਮਿਸ਼ਰਾ ਦੀ ਬੈਂਚ ਨੇ ਕਿਹਾ ਕਿ ਇਨ੍ਹਾਂ ਪਟੀਸ਼ਨਾਂ 'ਤੇ ਸੁਣਵਾਈ 28 ਅਗਸਤ ਨੂੰ ਹੋਵੇਗੀ। ਪਟੀਸ਼ਨਕਰਤਾਵਾਂ ਨੇ ਅਪੀਲ ਕੀਤੀ ਕਿ ਅਦਾਲਤ ਦੇ ਹੁਕਮਾਂ ਦੀ ਪਾਲਣਾ ਕਰਨ ਲਈ ਤੁਰੰਤ ਨਿਰਦੇਸ਼ ਜਾਰੀ ਕੀਤੇ ਜਾਣ।ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਦੀਪਕ ਮਿਸ਼ਰਾ, ਜਸਟਿਸ ਐਮ.ਏ. ਖਾਨਵਿਲਕਰ ਤੇ ਜਸਟਿਸ ਡੀ.ਵਾਈ. ਚੰਦਰਚੂੜ ਦੇ ਬੈਂਚ ਅੱਗੇ ਪਟੀਸ਼ਨ ਦਾਇਰ ਕਰਦਿਆਂ ਪਟੀਸ਼ਨਰਾਂ ਨੇ ਮੰਗ ਕੀਤੀ ਕਿ ਸਿਖਰਲੀ ਅਦਾਲਤ ਦੇ ਇਸ ਸਬੰਧੀ ਹੁਕਮਾਂ ਨੂੰ ਹੂ-ਬ-ਹੂ ਲਾਗੂ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਜਾਣ। ਸੁਪਰੀਮ ਕੋਰਟ ਨੇ ਬੀਤੀ 17 ਜੁਲਾਈ ਨੂੰ ਸੁਣਾਏ ਫ਼ੈਸਲੇ ਵਿੱਚ ਹਜੂਮੀ ਕਤਲਾਂ ਖ਼ਿਲਾਫ਼ ਸਖ਼ਤ ਰੁਖ਼ ਅਖ਼ਤਿਆਰ ਕਰਦਿਆਂ ਸੰਸਦ ਨੂੰ ਕਾਨੂੰਨ ਬਣਾਉਣ ਲਈ ਆਖਿਆ ਸੀ।

ਇਸ ਮਾਮਲੇ ਉਤੇ ਸਿਆਸਤ ਵੀ ਭਖ ਗਈ ਹੈ। ਕਾਂਗਰਸ ਤੇ ਭਾਜਪਾ ਦਰਮਿਆਨ ਤਿੱਖੀ ਲਫ਼ਜ਼ੀ ਜੰਗ ਛਿੜੀ ਹੋਈ ਹੈ। ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਅਲਵਰ ਘਟਨਾ ਦੀ ਨਿੰਦਾ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 'ਜ਼ਾਲਮ' 'ਨਵੇਂ ਭਾਰਤ' ਵਿੱਚ ਇਨਸਾਨੀਅਤ ਦੀ ਥਾਂ ਨਫ਼ਰਤ ਨੇ ਲੈ ਲਈ ਹੈ। ਦੂਜੇ ਪਾਸੇ ਦੋ ਕੇਂਦਰੀ ਮੰਤਰੀਆਂ ਨੇ ਸ੍ਰੀ ਗਾਂਧੀ ਨੂੰ 'ਨਫ਼ਰਤ ਦਾ ਬਾਦਸ਼ਾਹ' ਦੱਸਿਆ।ਲੋਕ ਸਭਾ ਵਿੱਚ ਵੀ ਇਸ ਮੁੱਦੇ 'ਤੇ ਦੋਵਾਂ ਪਾਰਟੀਆਂ ਦੇ ਮੈਂਬਰਾਂ ਦਰਮਿਆਨ ਤਲਖ਼ਕਲਾਮੀ ਹੋਈ।

ਇਸੇ ਦੌਰਾਨ ਕੇਂਦਰ ਸਰਕਾਰ ਨੇ ਹਜੂਮੀ ਕਤਲਾਂ ਦੇ ਅਸਰਦਾਰ ਟਾਕਰੇ ਵਾਸਤੇ ਕਦਮ ਸੁਝਾਉਣ ਲਈ ਗ੍ਰਹਿ ਮੰਤਰੀ ਰਾਜਨਾਥ ਸਿੰਘ ਦੀ ਅਗਵਾਈ ਹੇਠ ਮੰਤਰੀ ਸਮੂਹ ਅਤੇ ਗ੍ਰਹਿ ਸਕੱਤਰ ਰਾਜੀਵ ਗੁਪਤਾ ਦੀ ਅਗਵਾਈ ਹੇਠ ਚਾਰ ਮੈਂਬਰੀ ਕਮੇਟੀ ਕਾਇਮ ਕੀਤੀ ਹੈ। ਸ੍ਰੀ ਰਾਜਨਾਥ ਸਿੰਘ ਨੇ ਲੋਕ ਸਭਾ ਵਿੱਚ ਦੱਸਿਆ ਕਿ ਕਮੇਟੀ ਵੱਲੋਂ ਆਪਣੀ ਰਿਪੋਰਟ 15 ਦਿਨਾਂ 'ਚ ਮੰਤਰੀ ਸਮੂਹ ਨੂੰ ਸੌਂਪੀ ਜਾਵੇਗੀ, ਜੋ ਅੱਗੋਂ ਆਪਣੀ ਰਿਪੋਰਟ ਪ੍ਰਧਾਨ ਮੰਤਰੀ ਨੂੰ ਦੇਵੇਗਾ। ਕੇਂਦਰ ਸਰਕਾਰ ਨੇ ਅਲਵਰ ਹਜੂਮੀ ਕਤਲ ਦੀ ਰਾਜਸਥਾਨ ਸਰਕਾਰ ਕੋਲੋਂ ਰਿਪੋਰਟ ਵੀ ਤਲਬ ਕੀਤੀ ਹੈ। ਰਾਜਸਥਾਨ ਸਰਕਾਰ ਨੇ ਵੀ ਅਕਬਰ ਨੂੰ ਹਸਪਤਾਲ ਲਿਜਾਣ ਸਬੰਧੀ ਪੁਲੀਸ ਵੱਲੋਂ ਦੇਰ ਕੀਤੇ ਜਾਣ ਦੀ ਜਾਂਚ ਲਈ ਡੀਜੀਪੀ (ਅਮਨ-ਕਾਨੂੰਨ) ਦੀ ਅਗਵਾਈ ਹੇਠ ਪੁਲੀਸ ਅਫ਼ਸਰਾਂ ਦੀ ਉੱਚ ਪੱਧਰੀ ਕਮੇਟੀ ਬਣਾਈ ਹੈ।

## ਭਾਰਤ 'ਚ ਆਮ ਲੋਕਾਂ ਨਾਲੋਂ ਗਊ ਦੀ ਅਹਿਮੀਅਤ ਜ਼ਿਆਦਾ

ਰਜਿਸਟਰ ਮੁਤਾਬਕ ਖ਼ਾਨ ਨੂੰ ਸਵੇਰੇ 4 ਵਜੇ ਉਥੇ ਲਿਆਂਦਾ ਗਿਆ ਸੀ, ਜਦਕਿ ਐਫਆਈਆਰ ਵਿਚ ਕਿਹਾ ਗਿਆ ਹੈ ਕਿ ਗਊ ਰੱਖਿਅਕ ਨਵਲ ਕਿਸ਼ੋਰ ਸ਼ਰਮਾ ਨੇ ਰਾਤ 12 :41 ਵਜੇ ਇਸ ਹਮਲੇ ਸਬੰਧੀ ਸੂਚਨਾ ਪੁਲਿਸ ਨੂੰ ਦਿਤੀ ਸੀ

ਰਾਮਗੜ੍ਹ ਪੁਲਿਸ ਦਾ ਕਹਿਣਾ ਹੈ ਕਿ ਘਟਨਾ ਦੀ ਸੂਚਨਾ ਮਿਲਣ ਦੇ 15 ਤੋਂ 20 ਮਿੰਟ ਦੇ ਅੰਦਰ ਉਨ੍ਹਾਂ ਦੀ ਟੀਮ ਘਟਨਾ ਸਥਾਨ ਪਹੁੰਚ ਗਈ ਸੀ। ਐਤਵਾਰ ਨੂੰ ਜਦੋਂ ਪੱਤਰਕਾਰਾਂ ਨੇ ਪੁਲਿਸ ਤੋਂ ਪੁੱਛਿਆ ਕਿ ਖ਼ਾਨ ਨੂੰ ਹਸਪਤਾਲ ਪਹੁੰਚਾਉਣ ਵਿਚ ਇਨਾ ਜ਼ਿਆਦਾ ਸਮਾਂ ਕਿਉਂ ਲੱਗਿਆ ਤਾਂ ਉਨ੍ਹਾਂ ਨੂੰ ਕੋਈ ਜਵਾਬ ਨਹੀਂ ਸੁੱਝਿਆ। ਹਾਲਾਂਕਿ ਐਫਆਈਆਰ ਵਿਚ ਕਿਹਾ ਗਿਆ ਹੈ ਕਿ ਪੁਲਿਸ ਮੌਕੇ 'ਤੇ ਪਹੁੰਚ ਗਈ ਅਤੇ ਖ਼ਾਨ ਦੀ ਲਾਸ਼ ਨੂੰ ਤੁਰਤ ਹਸਪਤਾਲ ਪਹੁੰਚਾਇਆ ਗਿਆ। ਐਫਆਈਆਰ ਦਰਜ ਕਰਨ ਵਾਲੇ ਸਹਾਇਕ ਸਬ ਇਸਪੈਕਟਰ ਮੋਹਨ ਸਿੰਘ ਨੇ ਕਿਹਾ ਕਿ ਪੀੜਤ ਨੇ ਖ਼ੁਦ ਹੀ ਅਪਣੀ ਪਛਾਣ ਅਕਬਰ ਖ਼ਾਨ ਪੁੱਤਰ ਸੁਲੇਮਾਨ ਖ਼ਾਨ ਪਿੰਡ ਕੋਲ-ਮੇਵਾਤ ਦੱਸੀ ਸੀ।

ਉਥੇ ਓਪੀਡੀ ਰਜਿਸਟਰ ਅਤੇ ਡਿਊਟੀ 'ਤੇ ਤਾਇਨਾਤ ਡਾਕਟਰ ਹਸਨ ਅਲੀ ਅਨੁਸਾਰ ਕਿਹਾ ਗਿਆ ਹੈ ਕਿ ਪੁਲਿਸ ਅਣਪਛਾਤੇ ਵਿਅਕਤੀ ਨੂੰ ਸਵੇਰੇ 4 ਵਜੇ ਹਸਪਤਾਲ ਵਿਚ ਲੈ ਕੇ ਆਈ ਸੀ। ਹਸਪਤਾਲ ਪਹੁੰਚਣ ਤੋਂ ਪਹਿਲਾਂ ਹੀ ਉਸ ਦੀ ਮੌਤ ਹੋ ਚੁੱਕੀ ਸੀ। ਡਾਕਟਰ ਨੇ ਕਿਹਾ ਕਿ ਇਸ ਤੋਂ ਬਾਅਦ ਮੈਂ ਲਾਸ਼ ਨੂੰ ਮੋਰਚਰੀ ਵਿਚ ਰਖਵਾਉਣ ਦਾ ਨਿਰਦੇਸ਼ ਦਿਤਾ ਸੀ। ਉਧਰ ਗਊ ਰੱਖਿਅਕ ਸ਼ਰਮਾ ਦਾ ਦਾਅਵਾ ਹੈ ਕਿ ਉਹ ਪੁਲਿਸ ਨੂੰ ਘਟਨਾ ਸਥਾਨ ਤਕ ਲੈ ਗਏ ਸਨ। ਇਸ ਤੋਂ ਬਾਅਦ ਪੁਲਿਸ ਅਕਬਰ ਖ਼ਾਨ ਨੂੰ ਅਪਣੇ ਨਾਲ ਪੁਲਿਸ ਸਟੇਸ਼ਨ ਲੈ ਗਈ ਸੀ ਜਦਕਿ ਸ਼ਰਮਾ ਜੈਨ ਸੁਧਾ ਸਾਗਰ ਗਊਸ਼ਾਲਾ ਚਲੇ ਗਏ।ਹਾਲਾਂਕਿ ਐਫਆਈਆਰ ਵਿਚ ਕਿਹਾ ਗਿਆ ਹੈ ਕਿ ਜਦੋਂ ਪੁਲਿਸ ਮੌਕੇ 'ਤੇ ਪਹੁੰਚੀ ਤਾਂ ਉਨ੍ਹਾਂ ਦੇਖਿਆ ਕਿ ਕਈ ਲੋਕ ਉਥੋਂ ਭੱਜ ਰਹੇ ਹਨ। ਪੁਲਿਸ ਦਾ ਇਹ ਬਿਆਨ ਵੀ ਅਪਣੇ ਪਹਿਲਾਂ ਦਿਤੇ ਬਿਆਨ ਤੋਂ ਉਲਟ ਹੈ। ਸ਼ਰਮਾ ਨੇ ਕਿਹਾ ਕਿ ਹੋ ਸਕਦਾ ਹੈ ਕਿ ਗਊ ਰੱਖਿਅਕਾਂ ਨੇ ਅਕਬਰ ਨਾਲ ਬਦਸਲੂਕੀ ਕੀਤੀ ਹੋਵੇ ਪਰ ਕੁੱਟਮਾਰ ਨਹੀਂ ਕੀਤੀ। ਉਨ੍ਹਾਂ ਦੋਸ਼ ਲਗਾਇਆ ਕਿ ਅਕਬਰ ਨੂੰ ਹਸਪਤਾਲ ਲਿਜਾਣ ਤੋਂ ਪਹਿਲਾਂ ਲਾਲਵੰਦੀ ਪਿੰਡ ਤੋਂ ਰਾਮਗੜ੍ਹ ਪੁਲਿਸ ਸਟੇਸ਼ਨ ਲਿਜਾਇਆ ਗਿਆ ਸੀ। ਪੂਰੀ ਰਾਤ ਭਰ ਪੁਲਿਸ ਵਾਲੇ ਅਕਬਰ ਨੂੰ ਮਾਰਦੇ ਰਹੇ ਅਤੇ ਗਾਲ੍ਹਾਂ ਕੱਢਦੇ ਰਹੇ। ਉਨ੍ਹਾਂ ਦਾਅਵਾ ਕੀਤਾ ਕਿ ਲਾਲਾਵੰਦੀ ਪਿੰਡ ਦੇ ਲੋਕ ਇਸ ਗੱਲ ਦੇ ਗਵਾਹ ਹਨ ਕਿ ਅਕਬਰ ਜਦੋਂ ਅਪਣੇ ਸਰੀਰ 'ਤੇ ਲੱਗੇ ਚਿੱਕੜ ਦੀ ਸਫ਼ਾਈ ਕਰ ਰਿਹਾ ਸੀ, ਉਸ ਸਮੇਂ ਪੁਲਿਸ ਵਾਲੇ ਉਸ ਦੀ ਮਾਰਕੁੱਟ ਕਰ ਰਹੇ ਸਨ। ਉਧਰ ਕਾਂਗਰਸ ਲੀਡਰ ਸ਼ਸ਼ੀ ਥਰੂਰ ਨੇ ਇਕ ਵਾਰ ਫਿਰ ਸਖ਼ਤ ਬਿਆਨ ਦਿਤਾ ਹੈ। ਉਨ੍ਹਾਂ ਕਿਹਾ ਹੈ ਕਿ ਭਾਰਤ ਵਿੱਚ ਕਈ ਥਾਵਾਂ 'ਤੇ ਮੁਸਲਮਾਨਾਂ ਦੀ ਤੁਲਨਾ ਵਿੱਚ ਗਾਂ ਜ਼ਿਆਦਾ ਸੁਰੱਖਿਅਤ ਹੈ। ਥਰੂਰ ਦੀ ਇਹ ਟਿੱਪਣੀ ਉਨ੍ਹਾਂ ਦੇ 'ਹਿੰਦੂ ਪਾਕਿਸਤਾਨ' ਵਾਲੇ ਬਿਆਨ ਤੋਂ ਬਾਅਦ ਸਾਹਮਣੇ ਆਈ ਹੈ ਜਿਸ ਦੀ ਸਿਆਸੀ ਵਿਰੋਧੀਆਂ ਨੇ ਕਾਫ਼ੀ ਆਲੋਚਨਾ ਕੀਤੀ ਸੀ। ਥਰੂਰ ਨੇ ਟਵਿੱਟਰ 'ਤੇ ਲਿਖਿਆ ਕਿ ਬੀਜੇਪੀ ਦੇ ਮੰਤਰੀਆਂ ਦਾ ਸੰਪਰਦਾਇਕ ਹਿੰਸਾ ਵਿੱਚ ਕਮੀ ਬਾਰੇ ਦਾਅਵਾ ਤੱਥਾਂ 'ਤੇ ਖਰਾ ਕਿਉਂ ਨਹੀਂ ਉੱਤਰਦਾ। ਅਜਿਹਾ ਜਾਪਦਾ ਹੈ ਕਿ ਕਈ ਥਾਵਾਂ 'ਤੇ ਮੁਲਸਮਾਨ ਦੀ ਤੁਲਨਾ ਵਿੱਚ ਗਾਂ ਸੁਰੱਖਿਅਤ ਹੈ।

# ਯਹੂਦੀ ਰਾਸ਼ਟਰ ਰਾਜ ਬਣਿਆ ਇਜ਼ਰਾਈਲ

ਪ੍ਰੋ. ਬਲਵਿੰਦਰਪਾਲ ਸਿੰਘ
(ਮੋਬ. 9815700916)

ਬੀਤੇ ਬੁੱਧਵਾਰ ਨੂੰ ਜਦੋਂ ਦੁਨੀਆ ਨਸਲਵਾਦ ਦੇ ਖ਼ਿਲਾਫ਼ ਸੰਘਰਸ਼ ਦੇ ਮਹਾਂ ਯੋਧੇ ਨੈਲਸਨ ਮੰਡੇਲਾ ਦਾ 100ਵਾਂ ਜਨਮ ਦਿਹਾੜਾ ਮਨਾ ਰਹੀ ਸੀ ਤਾਂ ਇਜ਼ਰਾਈਲੀ ਸੰਸਦ ਕਨੈਸੇਟ ਇਜ਼ਰਾਈਲ ਨੂੰ ਯਹੂਦੀ ਰਾਸ਼ਟਰ ਬਣਾਉਣ ਦਾ ਮਤਾ ਪੇਸ਼ ਕਰ ਰਿਹਾ ਸੀ। ਇਸ ਬਿਲ ਦੇ ਤਹਿਤ ਇਜ਼ਰਾਈਲੀ ਯਹੂਦੀਆਂ ਨੂੰ ਰਾਸ਼ਟਰੀ ਆਤਮ-ਨਿਰਣੇ ਦਾ ਵਿਸ਼ੇਸ਼ ਅਧਿਕਾਰ ਮਿਲ ਗਿਆ ਹੈ। ਇਸ ਬਿਲ ਵਿਚ ਰਾਜ ਭਾਸ਼ਾ ਅਰਬੀ ਦਾ ਦਰਜਾ ਘੱਟ ਕਰਨ ਦੇ ਨਾਲ ਹੀ ਕਿਹਾ ਗਿਆ ਹੈ ਕਿ ਯਹੂਦੀ ਬਸਤੀ ਦਾ ਵਿਸਥਾਰ ਦੇਸ਼ ਦੇ ਹਿੱਤ ਵਿਚ ਹੈ। ਬਿਲ ਅਨੁਸਾਰ ਹੁਣ ਸਿਰਫ਼ ਹਿਬਰੂ ਸਟੇਟ ਦੀ ਭਾਸ਼ਾ ਹੋਵੇਗੀ ਤੇ ਅਧਿਕਾਰਿਕ ਪੰਚਾਗ ਯਹੂਦੀ ਕੈਲੰਡਰ ਹੋਵੇਗਾ। ਬਿਲ ਵਿਚ ਪੂਰੇ ਯੇਰੂਸ਼ਲਮ ਨੂੰ ਦੇਸ਼ ਦੀ ਰਾਜਧਾਨੀ ਦੱਸਿਆ ਗਿਆ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਇਜ਼ਰਾਈਲ ਯਹੂਦੀ ਲੋਕਾਂ ਦੀ ਇਤਿਹਾਸਕ ਮਾਤ ਭੂਮੀ ਹੈ। ਉਨ੍ਹਾਂ ਕੋਲ ਦੇਸ਼ ਬਾਰੇ ਖ਼ੁਦ ਫੈਸਲਾ ਲੈਣ ਦਾ ਵਿਸ਼ੇਸ਼ ਹੱਕ ਹੈ। ਸੰਸਦ ਦੇ 120 ਵਿਚੋਂ 62 ਮੈਂਬਰਾਂ ਨੇ ਮਤੇ ਦੇ ਪੱਖ ਤੇ 55 ਨੇ ਵਿਰੋਧ ਵਿਚ ਵੋਟ ਦਿੱਤੀ, ਜਦ ਕਿ ਦੋ ਮੈਂਬਰਾਂ ਨੇ ਵੋਟਾਂ ਵਿਚ ਹਿੱਸਾ ਨਹੀਂ ਲਿਆ।

ਮਤਾ ਪਾਸ ਹੋਣ ਦੇ ਬਾਅਦ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਇਸ ਨੂੰ ਫੈਸਲੇ ਦੀ ਸੁਨਹਿਰੀ ਘੜੀ ਦੱਸਿਆ। ਇਸ ਬਿਲ ਦਾ ਅਰਬੀ ਸਾਂਸਦ ਮੈਂਬਰਾਂ ਨੇ ਵਿਰੋਧ ਕੀਤਾ ਤੇ ਇਸ ਨੂੰ ਘੱਟ ਗਿਣਤੀਆਂ ਦੇ ਖ਼ਿਲਾਫ਼ ਨਸਲਵਾਦੀ ਵਰਤਾਰਾ ਦੱਸਿਆ ਹੈ। ਅਰਬੀ ਸਾਂਸਦ ਮੈਂਬਰ ਅਹਿਮਦ ਟਿੱਬੀ ਨੇ ਕਿਹਾ ਕਿ ਬਿਲ ਦਾ ਪਾਸ ਹੋਣਾ ਲੋਕਤੰਤਰ ਦੀ ਮੌਤ ਦਾ ਪ੍ਰਤੀਕ ਹੈ। ਇਜ਼ਰਾਈਲ ਦੀ 90 ਲੱਖ ਦੀ ਅਬਾਦੀ ਵਿਚ ਅਰਬੀ ਤਕਰੀਬਨ 18 ਲੱਖ ਹਨ।



70 ਸਾਲ ਪਹਿਲਾਂ ਬਣੇ ਇਜ਼ਰਾਈਲ ਵਿਚ ਸ਼ੁਰੂ ਤੋਂ ਯਹੂਦੀਆਂ ਦਾ ਵਿਸ਼ੇਸ਼ ਅਧਿਕਾਰ ਹੈ ਤੇ ਦੂਸਰੇ ਭਾਈਚਾਰਿਆਂ ਖ਼ਾਸ ਕਰਕੇ ਅਰਬੀ ਭਾਈਚਾਰੇ ਦੇ ਨਾਲ ਭੇਦਭਾਵ, ਨਸਲੀ ਤੇ ਹਿੰਸਕ ਵਰਤਾਰਾ ਕੀਤਾ ਜਾਂਦਾ ਹੈ। ਇਹ ਨਵਾਂ ਕਾਨੂੰਨ ਵੀ ਇਸ ਗੱਲ ਦਾ ਹੀ ਪ੍ਰਮਾਣ ਹੈ। ਇਜ਼ਰਾਈਲ ਨੇ ਜਾਇਓਨਿਜ਼ਮ ਦੀ ਮੁੱਖ ਧਾਰਨਾ ਨੂੰ ਕਾਨੂੰਨੀ ਜਾਮਾ ਪਹਿਨਾਉਂਦੇ ਹੋਏ ਇਹ ਬਿਲ ਪੇਸ਼ ਕੀਤਾ ਹੈ ਕਿ ਇਜ਼ਰਾਈਲ ਯਹੂਦੀ ਭਾਈਚਾਰੇ ਦੀ ਇਤਿਹਾਸਕ ਜਨਮ ਭੂਮੀ ਹੈ ਤੇ ਉਨ੍ਹਾਂ ਨੂੰ ਇਸ ਵਿਚ ਰਾਸ਼ਟਰੀ ਆਤਮ-ਨਿਰਣੇ ਦਾ ਵਿਸ਼ੇਸ਼ ਅਧਿਕਾਰ ਹੈ ਤੇ ਗ਼ੈਰ ਯਹੂਦੀਆਂ ਦੀ ਕੋਈ ਹੋਂਦ ਨਹੀਂ। ਇਜ਼ਰਾਈਲ ਸਿਰਫ਼ ਯਹੂਦੀਆਂ ਲਈ ਹੈ। ਜੇਕਰ ਇਥੇ ਅਰਬੀ ਰਹਿਣਗੇ ਉਹ ਇਸ ਧਰਤੀ ਦੇ ਅਸਲ ਵਾਰਸ ਨਹੀਂ ਹੋਣਗੇ ਤੇ ਨਾ ਹੀ ਉਨ੍ਹਾਂ ਨੂੰ ਯਹੂਦੀਆਂ ਵਰਗੇ ਵਿਸ਼ੇਸ਼ ਅਧਿਕਾਰ ਮਿਲਣਗੇ। ਜ਼ਿਕਰਯੋਗ ਹੈ ਕਿ ਇਹ ਗੱਲਾਂ ਹਿਟਲਰ ਨੇ ਜਰਮਨ ਵਿਚ ਯਹੂਦੀਆਂ ਦੇ ਕਤਲੇਆਮ ਤੋਂ ਪਹਿਲਾਂ ਕਹੀਆਂ ਸਨ ਕਿ ਜਰਮਨ ਜਰਮਨੀਆਂ ਲਈ ਹੈ।

ਯਾਦ ਰਹੇ ਕਿ ਦੂਜੇ ਵਿਸ਼ਵ ਯੁੱਧ ਤੋਂ ਪਹਿਲਾਂ ਉਹ ਦੌਰ ਸ਼ੁਰੂ ਹੋਇਆ ਜਿਸ ਵਿਚ ਜਰਮਨੀ ਦੇ ਨਾਜ਼ੀ ਤਾਨਾਸ਼ਾਹ ਹਿਟਲਰ ਨੇ ਯਹੂਦੀਆਂ ਦੇ ਸੰਪੂਰਨ ਖਾਤਮੇ ਦਾ ਯਤਨ ਕੀਤਾ। ਉਸ ਜ਼ੁਲਮ ਦੀ ਦਾਸਤਾਨ ਤੋਂ ਇਤਿਹਾਸ ਵੀ ਸ਼ਰਮਿੰਦਾ ਹੈ। ਯਹੂਦੀਆਂ ਨੂੰ ਮਿਟਾਉਣ ਲਈ ਹਿਟਲਰ ਨੇ ਨਸਲਕੁਸ਼ੀ ਕੀਤੀ, ਉਹ ਜਰਮਨੀ ਵਿਚ ਜਰਮਨ ਜਾਤੀ ਦਾ ਬੋਲਬਾਲਾ ਸਥਾਪਤ ਕਰਨਾ ਚਾਹੁੰਦਾ ਸੀ। ਸੰਨ 1939 ਵਿਚ ਉਸ ਨੇ ਜ਼ਹਿਰੀਲੇ ਗੈਸ ਚੈਂਬਰਾਂ ਵਿਚ ਲੱਖਾਂ ਯਹੂਦੀਆਂ ਨੂੰ ਬੰਦ ਕਰਕੇ ਮਾਰ ਦਿੱਤਾ। ਔਸ਼ਵਿਜ਼ ਅਜਿਹਾ ਹੀ ਖ਼ਤਰਨਾਕ ਯਹੂਦੀਆਂ ਦਾ ਕਤਲਗਾਹ ਕੈਂਪ ਸੀ, ਜਿਸ ਵਿਚ 60 ਲੱਖ ਯਹੂਦੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਤਕਰੀਬਨ ਇਕ ਤਿਹਾਈ ਅਬਾਦੀ ਹਿਟਲਰ ਦੇ ਪਾਗਲਪਨ ਦਾ ਸ਼ਿਕਾਰ ਬਣੀ। ਇਹ ਨਸਲਕੁਸ਼ੀ ਮਨੁੱਖੀ ਸਭਿਅਤਾ ਲਈ ਕਲੰਕ ਹੈ। ਉਹੀ ਪੈਮਾਨਾ ਹੁਣ ਇਜ਼ਰਾਈਲ ਵਿਚ ਯਹੂਦੀਆਂ ਨੇ ਅਪਨਾਇਆ ਹੈ।

ਇਜ਼ਰਾਈਲ ਦੇ ਅੰਦਰ ਤੇ ਬਾਹਰ ਇਸ ਕਾਨੂੰਨ ਦਾ ਕਾਫ਼ੀ ਵਿਰੋਧ ਹੋਇਆ ਹੈ ਤੇ ਇਸ ਵਿਰੋਧ ਵਿਚ ਵੱਡੇ ਪੈਮਾਨੇ 'ਤੇ ਯਹੂਦੀਆਂ ਨੇ ਵੀ ਭਾਗ ਲਿਆ ਹੈ। ਇਸ ਵਿਰੋਧ ਦਾ ਨਤੀਜਾ ਹੈ ਕਿ ਸਰਕਾਰ ਨੂੰ ਮਤੇ ਦੇ ਕੁਝ ਨਿਯਮਾਂ ਨੂੰ ਹਟਾਉਣ ਲਈ ਮਜਬੂਰ ਹੋਣਾ ਪਿਆ। ਹਟਾਏ ਗਏ ਨਿਯਮਾਂ ਵਿਚ ਸਿਰਫ਼ ਯਹੂਦੀਆਂ ਦੀ ਬਸਤੀਆਂ ਵਸਾਉਣ ਤੇ ਅਦਾਲਤਾਂ ਵਿਚ ਕਿਸੇ ਕਾਨੂੰਨੀ ਮਾਮਲੇ ਵਿਚ ਪਹਿਲਾਂ ਤੋਂ ਕੋਈ ਸਬੂਤ ਨਾ ਮਿਲਣ 'ਤੇ ਯਹੂਦੀ ਧਰਮ ਦੀਆਂ ਮਾਨਤਾਵਾਂ ਦੇ ਅਨੁਸਾਰ ਇਨਸਾਫ ਕਰਨ ਦਾ ਪ੍ਰਬੰਧ ਸ਼ਾਮਲ ਸੀ। ਇਜ਼ਰਾਈਲ ਦੇ ਰਾਸ਼ਟਰਪਤੀ ਤੇ ਅਟਾਰਨੀ ਜਨਰਲ ਨੇ ਬਿੱਲ ਦੀਆਂ ਕੁਝ ਮੱਦਾਂ 'ਤੇ ਕਿੰਤੂ ਕੀਤਾ। ਹੁਣ ਇਸ ਵਿਚ ਲਿਖਿਆ ਗਿਆ ਹੈ ਕਿ ਇਜ਼ਰਾਈਲੀ ਰਾਜ ਦੀ ਨਜ਼ਰ ਵਿਚ ਯਹੂਦੀ ਬਸਤੀਆਂ ਦਾ ਵਿਸਥਾਰ ਇਕ ਰਾਸ਼ਟਰੀ ਮੁੱਲ ਹੈ ਤੇ ਰਾਸ਼ਟਰ ਦਾ ਫਰਜ਼ ਹੈ ਤੇ ਰਾਸ਼ਟਰ ਇਸ ਦਿਸ਼ਾ ਵਿਚ ਕਾਰਜ ਕਰੇਗਾ। ਕਾਫੀ ਸਮੇਂ ਤੋਂ ਪ੍ਰਧਾਨ ਮੰਤਰੀ ਨੇਤਨਯਾਹੂ ਤੇ ਉਸ ਦੀ ਲਿਕੁਅਡ ਪਾਰਟੀ ਤੇ ਉਸ ਦੇ ਗੱਠਜੋੜ ਵਿਚ ਸ਼ਾਮਲ ਦੱਖਣ ਪੰਥੀ ਪਾਰਟੀਆਂ ਇਸ ਕਾਨੂੰਨ ਨੂੰ ਪਾਸ ਕਰਾਉਣ ਲਈ ਸਰਗਰਮ ਸਨ। ਨੇਤਨਯਾਹੂ ਲਗਾਤਾਰ ਕਹਿੰਦੇ ਰਹੇ ਹਨ ਕਿ ਅਸੀਂ ਇਜ਼ਰਾਈਲੀ ਲੋਕਤੰਤਰ ਵਿਚ ਨਾਗਰਿਕ ਅਧਿਕਾਰਾਂ ਨੂੰ ਬਰਕਰਾਰ ਰੱਖਾਂਗੇ ਪਰ ਬਹੁਗਿਣਤੀ ਭਾਈਚਾਰੇ ਦੇ ਵੀ ਅਧਿਕਾਰ ਨੂੰ ਪ੍ਰਮੁੱਖਤਾ ਨਾਲ ਪਹਿਲ ਦਿੱਤੀ ਜਾਵੇਗੀ। ਨੇਤਨਯਾਹੂ ਯਹੂਦੀ ਭਾਈਚਾਰੇ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਦੇ ਲਈ ਰਾਜ ਦੇ ਯਹੂਦੀ ਸਰੂਪ ਨੂੰ ਨਿਸ਼ਚਿਤ ਕਰ ਦੇਣਾ ਚਾਹੁੰਦੇ ਹਨ। ਇਸ ਕਾਨੂੰਨ ਵਿਚ ਨਾ ਕਿਤੇ ਸਮਾਨਤਾ ਤੇ ਲੋਕਤਾਂਤਰਿਕ ਮੁੱਲਾਂ ਦਾ ਜ਼ਿਕਰ ਹੈ ਤੇ ਨਾ ਹੀ ਘੱਟ ਗਿਣਤੀਆਂ ਦੇ ਅਧਿਕਾਰਾਂ ਦਾ। ਸਾਲ 1948 ਦੇ ਇਜ਼ਰਾਈਲੀ ਸੁਤੰਤਰਤਾ ਦੇ ਐਲਾਨ ਵਿਚ ਇਹ ਸਪੱਸ਼ਟ ਤੌਰ 'ਤੇ ਕਿਹਾ ਗਿਆ ਸੀ ਕਿ ਇਜ਼ਰਾਈਲ ਆਪਣੇ ਸਾਰੇ ਬਾਸ਼ਿੰਦਿਆਂ ਦੇ ਸਮਾਜਿਕ, ਰਾਜਨੀਤਕ ਅਧਿਕਾਰਾਂ ਦੀ ਪੂਰੀ ਬਰਾਬਰੀ ਨੂੰ ਨਿਸ਼ਚਤ ਕਰੇਗਾ ਭਾਵੇਂ ਉਹ ਕਿਸੇ ਧਰਮ, ਨਸਲ ਜਾਂ ਲਿੰਗ ਦੇ ਹੋਣ ਅਤੇ ਰਾਜ ਧਰਮ, ਭਾਸ਼ਾ ਤੇ ਸਭਿਆਚਾਰ ਅਜ਼ਾਦੀ ਦੀ ਗਾਰੰਟੀ ਦੇਵੇਗਾ।

ਬਿਲ ਪੇਸ਼ ਕਰਨ ਵਾਲੇ ਦੱਖਣ ਪੰਥੀ ਸਮਰੱਥਕਾਂ ਦੀ ਕੱਟੜਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਬਿਲ ਵਿਚ ਇਜ਼ਰਾਈਲ ਨੂੰ ਯਹੂਦੀ ਲੋਕਤਾਂਤਰਿਕ ਰਾਜ ਲਿਖੇ ਜਾਣ ਦੀ ਸੋਧ ਨੂੰ ਵੀ ਖਾਰਜ ਕਰ ਦਿੱਤਾ ਗਿਆ। ਕੁਝ ਵਿਰੋਧੀ ਪਾਰਟੀਆਂ ਜਿਨ੍ਹਾਂ ਵਿਚ ਵਾਮ ਪੰਥੀ ਪਾਰਟੀ ਮੈਟਰਜ਼ ਵੀ ਹੈ, ਨੇ ਤਾਂ ਮਤੇ ਪ੍ਰਤੀ ਆਪਣੀ ਨਰਾਜ਼ਗੀ ਪ੍ਰਗਟਾਉਂਦੇ ਹੋਏ ਇਹ ਵੀ ਸੋਧ ਰੱਖ ਦਿੱਤੀ ਕਿ ਇਜ਼ਰਾਈਲ ਨੂੰ ਰੂੜ੍ਹੀਵਾਦੀ ਯਹੂਦੀਆਂ ਦਾ ਦੇਸ਼ ਐਲਾਨ ਦਿੱਤਾ ਜਾਵੇ। ਅਰਬੀ ਸਾਂਸਦਾਂ ਨੇ ਇਸ ਨੂੰ ਲੋਕਤੰਤਰ ਦੀ ਮੌਤ ਕਿਹਾ ਹੈ।

ਪੱਛਮੀ ਲੋਕਤੰਤਰ ਪ੍ਰਣਾਲੀ ਵਿਚ ਇਜ਼ਰਾਈਲ ਇਕ ਅਜਿਹਾ ਦੇਸ਼ ਹੈ, ਜਿਸ ਕੋਲ ਇਸ ਦੇ ਨਾਗਰਿਕਾਂ ਦੇ ਅਧਿਕਾਰਾਂ ਨੂੰ ਪ੍ਰਗਟ ਕਰਨ ਵਾਲਾ ਸੰਵਿਧਾਨ ਨਹੀਂ ਹੈ। ਦੇਸ਼, ਇਕ ਦਸਤਾਵੇਜ਼ ਹੈ, ਜਿਸ ਨੂੰ ਬੁਨਿਆਦੀ ਕਾਨੂੰਨ ਕਹਿੰਦੇ ਹਨ, ਨਾਲ ਚੱਲਦਾ ਹੈ। ਇਸ ਅਨੁਸਾਰ ਸਰਕਾਰ ਵੀ ਚਲਦੀ ਹੈ ਤੇ ਅਦਾਲਤਾਂ ਵੀ, ਕਿਉਂਕਿ ਇਨ੍ਹਾਂ ਕਾਨੂੰਨਾਂ ਨੂੰ ਸੰਸਦ ਦੇ 120 ਮੈਂਬਰਾਂ ਦੇ ਸਮਰਥਨ ਨਾਲ ਪਾਸ ਕੀਤਾ ਗਿਆ ਹੈ। ਇਸ ਲਈ ਇਸ ਨੂੰ ਬਦਲਣਾ ਤੇ ਹਟਾਉਣਾ ਬਹੁਤ ਮੁਸ਼ਕਲ ਹੈ। ਲੰਬੇ ਸਮੇਂ ਤੋਂ ਨੇਤਨਯਾਹੂ ਤੇ ਉਨ੍ਹਾਂ ਦਾ ਗੱਠਜੋੜ ਲਗਾਤਾਰ ਅਜਿਹੇ ਕਾਨੂੰਨ ਬਣਾ ਰਿਹਾ ਹੈ, ਜਿਸ ਨਾਲ ਅਰਬੀ ਲੋਕਾਂ ਦੇ ਮੂਲ ਅਧਿਕਾਰ ਖੋਹੇ ਜਾ ਰਹੇ ਹਨ ਅਤੇ ਉਦਾਰਵਾਦੀ ਯਹੂਦੀਆਂ ਦੀਆਂ ਅਵਾਜ਼ਾਂ ਨੂੰ ਵੀ ਕੁਚਲਿਆ ਜਾ ਰਿਹਾ ਹੈ। ਕੌਮਾਂਤਰੀ ਕਾਨੂੰਨਾਂ ਤੇ ਫਿਲਿਸਤੀਨੀਆਂ ਨਾਲ ਹੋਏ ਸਮਝੌਤਿਆਂ ਨੂੰ ਅੱਖੋਂ ਪਰੋਖੇ ਕਰਕੇ ਉਨ੍ਹਾਂ ਦੀ ਧਰਤੀ ਤੋਂ ਬੇਦਖ਼ਲ ਕੀਤਾ ਜਾ ਰਿਹਾ ਹੈ। ਨਵੀਆਂ ਯਹੂਦੀ ਬਸਤੀਆਂ ਵਸਾਉਣ ਦਾ ਕੰਮ ਜ਼ੋਰਾਂ 'ਤੇ ਹੈ। ਗਾਜ਼ਾ 'ਤੇ ਲਗਾਤਾਰ ਪਾਬੰਦੀਆਂ ਲਗਾਈਆਂ ਜਾ ਰਹੀਆਂ ਹਨ ਤੇ ਅਕਸਰ ਫ਼ੌਜੀ ਹਮਲੇ ਹੋ ਰਹੇ ਹਨ।

ਇਥੇ ਜ਼ਿਕਰਯੋਗ ਹੈ ਕਿ ਇਜ਼ਰਾਈਲ ਦਾ ਜਨਮ ਫਿਲਿਸਤੀਨ ਤੋਂ ਹੋਇਆ। ਪਹਿਲਾਂ ਦੋਨੋਂ ਦੇਸ਼ ਇਕ ਹੀ ਸਨ। ਸੰਨ 1878 ਵਿਚ ਫਿਲਿਸਤੀਨ ਵਿਚ ਤਕਰੀਬਨ 87 ਫੀਸਦੀ ਮੁਸਲਮਾਨ ਅਬਾਦੀ, 10 ਫੀਸਦੀ ਇਸਾਈ ਤੇ ਤਿੰਨ ਫੀਸਦੀ ਯਹੂਦੀ ਅਬਾਦੀ ਸੀ। ਸੰਨ 1920 ਵਿਚ ਪਹਿਲੀ ਵਾਰ ਇਜ਼ਰਾਈਲ ਰਾਜ ਦੀ ਸਥਾਪਨਾ ਦੀ ਮੰਗ ਉਠਾਈ ਗਈ। ਦੂਸਰੇ ਵਿਸ਼ਵ ਯੁੱਧ ਤੋਂ ਬਾਅਦ ਬ੍ਰਿਟੇਨ ਦਾ ਫਿਲਿਸਤੀਨ 'ਤੇ ਰਾਜ ਹੋ ਗਿਆ। ਅੰਗਰੇਜ਼ਾਂ ਨੇ ਫੁੱਟ ਪਾਓ ਤੇ ਰਾਜ ਕਰੋ ਨੀਤੀ ਅਪਨਾਉਂਦੇ ਹੋਏ ਯਹੂਦੀਆਂ ਲਈ ਅਲੱਗ ਰਾਜ ਦੀ ਮੰਗ ਦਾ ਸਮਰੱਥਨ ਕੀਤਾ। ਅੰਗਰੇਜ਼ਾਂ ਦੀ ਸਹਿਮਤੀ ਨਾਲ ਅਲੱਗ ਅਲੱਗ ਜਗ੍ਹਾਂ 'ਤੇ ਵਸੇ ਯਹੂਦੀਆਂ ਨੇ ਫਿਲਿਸਤੀਨ ਵੱਲ ਪ੍ਰਵਾਸ ਕਰਨਾ ਸ਼ੁਰੂ ਕਰ ਦਿੱਤਾ। ਇਸ ਵਿਚ ਫਿਲਿਸਤੀਨ ਵਿਚ ਯਹੂਦੀਆਂ ਤੇ ਮੁਸਲਮਾਨਾਂ ਵਿਚਾਲੇ ਹਿੰਸਾ ਦੀਆਂ ਘਟਨਾਵਾਂ ਵਧਣ ਲੱਗੀਆਂ, ਜਿਸ ਤੋਂ ਬਾਅਦ ਅੰਗਰੇਜ਼ਾਂ ਨੇ ਫਿਲਿਸਤੀਨ ਵਿਚ ਵੜਨ ਵਾਲੇ ਯਹੂਦੀਆਂ ਦੀ ਗਿਣਤੀ ਨੂੰ ਸੀਮਤ ਕਰ ਦਿੱਤਾ। ਇਸ ਦਾ ਯਹੂਦੀਆਂ ਵਲੋਂ ਸਖ਼ਤ ਵਿਰੋਧ ਹੋਇਆ ਤੇ ਯਹੂਦੀ ਲੜਾਕਿਆਂ ਦਾ ਜਨਮ ਹੋਇਆ, ਜਿਨ੍ਹਾਂ ਨੇ ਫਿਲਿਸਤੀਨ ਦੇ ਮੁਸਲਮਾਨਾਂ ਤੇ ਅੰਗਰੇਜ਼ਾਂ ਦੇ ਰਾਜ ਨੂੰ ਖ਼ਤਮ ਕਰਨ ਦਾ ਸੰਕਲਪ ਲਿਆ। ਸੰਨ 1938 ਤੱਕ ਫਿਲਿਸਤੀਨ ਵਿਚ ਯਹੂਦੀਆਂ ਦੀ ਸੰਖਿਆ ਵਧ ਕੇ 30 ਫੀ ਸਦੀ ਪਹੁੰਚ ਗਈ। ਸੰਨ 1948 ਵਿਚ ਸੰਯੁਕਤ ਰਾਸ਼ਟਰ ਦੇ ਦਖਲ ਤੋਂ ਬਾਅਦ ਬ੍ਰਿਟੇਨ ਨੇ ਇਸ ਇਲਾਕੇ ਤੋਂ ਆਪਣਾ ਕਬਜ਼ਾ ਹਟਾ ਲਿਆ। ਫਿਲਿਸਤੀਨ ਤੇ ਇਜ਼ਰਾਈਲ ਦੋ ਅਲੱਗ-ਅਲੱਗ ਦੇਸ਼ ਬਣ ਗਏ। ਇਸ ਵੰਡ ਤੋਂ ਬਾਅਦ ਤਕਰੀਬਨ 13 ਲੱਖ ਮੁਸਲਮਾਨ ਫਿਲਿਸਤੀਨ ਵਿਚ ਤੇ ਤਕਰੀਬਨ ਛੇਢ ਲੱਖ ਯਹੂਦੀ ਇਜ਼ਰਾਈਲ ਵਿਚ ਚਲੇ ਗਏ। ਇਜ਼ਰਾਈਲ ਨੂੰ ਖ਼ਤਮ ਕਰਨ ਦੇ ਮਕਸਦ ਨਾਲ ਅਰਬ ਦੇਸ਼ਾਂ ਨੇ ਹਮਲਾ ਕੀਤਾ ਪਰ ਯੁੱਧ ਵਿਚ ਉਨ੍ਹਾਂ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਇਸ ਲੜਾਈ ਵਿਚ ਜਿੱਤ ਦੇ ਨਾਲ ਹੀ ਇਜ਼ਰਾਈਲ ਦੇ ਕਬਜ਼ੇ ਵਿਚ ਯੇਰੂਸ਼ਲਮ ਆ ਗਿਆ ਤੇ ਫਿਲਿਸਤੀਨ ਸਿਰਫ ਵੈਸਟ ਬੈਂਕ ਤੇ ਗਾਜ਼ਾ ਪੱਟੀ ਤੱਕ ਸੀਮਤ ਰਹਿ ਗਿਆ ਪਰ ਫਿਲਿਸਤੀਨ ਦਾ ਸਮਰੱਥਨ ਕਰਨ ਵਾਲੇ ਅਰਬ ਦੇਸ਼ਾਂ ਦੀਆਂ ਇਜ਼ਰਾਈਲ ਨੂੰ ਖ਼ਤਮ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਰਹੀਆਂ। ਸੰਨ 1967 ਵਿਚ ਦੂਸਰੀ ਵਾਰ ਇਜ਼ਰਾਈਲ ਤੇ ਅਰਬ ਦੇਸ਼ਾਂ ਵਿਚਾਲੇ ਯੁੱਧ ਹੋਇਆ। ਇਸ ਲੜਾਈ ਵਿਚ ਇਜ਼ਰਾਈਲ ਦੀ ਫਿਰ ਤੋਂ ਜਿੱਤ ਹੋਈ। ਇਸ ਵਾਰ ਇਜ਼ਰਾਈਲ ਨੇ ਫਿਲਿਸਤੀਨ ਦੇ ਵੈਸਟ ਬੈਂਕ ਤੇ ਗਾਜ਼ਾ ਪੱਟੀ ਦੋਨਾਂ 'ਤੇ ਆਪਣਾ ਕਬਜ਼ਾ ਕਰ ਲਿਆ। ਤਦ ਤੋਂ ਦੋਨਾਂ ਦੇਸ਼ਾਂ ਵਿਚਾਲੇ ਵਿਵਾਦ ਚਲਿਆ ਆ ਰਿਹਾ ਹੈ। ਇਜ਼ਰਾਈਲ ਦੇ ਕਬਜ਼ੇ ਵਾਲੇ ਵੈਸਟ ਬੈਂਕ ਵਿਚ ਫਿਲਿਸਤੀਨ ਲਿਬਰੇਸ਼ਨ ਆਰਗੇਨਾਈਜੇਸ਼ਨ ਇਕ ਅਜਿਹੀ ਜਥੇਬੰਦੀ ਹੈ, ਜੋ ਇਜ਼ਰਾਈਲ ਨਾਲ ਫਿਲਿਸਤੀਨੀਆਂ ਬਾਰੇ ਗੱਲਬਾਤ ਕਰਦੀ ਹੈ, ਜਦਕਿ ਗਾਜ਼ਾ ਪੱਟੀ ਵਿਚ ਹਮਾਸ ਇਕ ਅਜਿਹੀ ਜਥੇਬੰਦੀ ਹੈ, ਜੋ ਇਜ਼ਰਾਈਲ ਨੂੰ ਆਪਣਾ ਦੁਸ਼ਮਣ ਮੰਨਦੀ ਹੈ। ਸੰਨ 1993 ਵਿਚ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਤੇ ਫਿਲਿਸਤੀਨ ਲਿਬਰੇਸ਼ਨ ਤੇ ਆਰਗੇਨਾਈਜੇਸ਼ਨ ਨੇਤਾ ਯਾਸਿਰ ਅਰਾਫਾਤ ਵਿਚਾਲੇ ਸਮਝੌਤਾ ਹੋਇਆ। ਇਸ ਸਮਝੌਤੇ ਤਹਿਤ ਪੰਜ ਸਾਲ ਲਈ ਹਿੰਸਾ ਨੂੰ ਰੋਕਣ ਉਤੇ ਸਮਝੌਤਾ ਹੋਇਆ। ਸੰਨ 2000 ਵਿਚ ਫਿਲਿਸਤੀਨ ਅਥਾਰਟੀ ਤੇ ਇਜ਼ਰਾਈਲ ਵਿਚਾਲੇ ਗੱਲਬਾਤ ਨਾਕਾਮ ਹੋਣ 'ਤੇ ਅਜਿਹੀ ਯੋਜਨਾ ਦਾ ਐਲਾਨ ਕੀਤਾ ਗਿਆ, ਜਿਸ ਤਹਿਤ ਗਾਜ਼ਾ ਪੱਟੀ ਤੋਂ ਇਜ਼ਰਾਈਲ ਫ਼ੌਜੀਆਂ ਨੂੰ ਵਾਪਸ ਹਟਣ ਤੇ ਸਥਾਨਕ ਨਾਗਰਿਕਾਂ ਨੂੰ ਵਸਾਉਣ ਲਈ ਕਿਹਾ ਗਿਆ। ਸੰਨ 2005 ਵਿਚ ਇਜ਼ਰਾਈਲ ਨੇ ਗਾਜ਼ਾ ਪੱਟੀ ਉਤੇ ਕੰਟਰੋਲ ਕਰਕੇ ਫਿਲਿਸਤੀਨ ਅਥਾਰਿਟੀ ਨੂੰ ਤਬਦੀਲ ਕਰ ਦਿੱਤਾ। ਹਾਲਾਂਕਿ ਇਸ ਤੋਂ ਬਾਅਦ ਵੀ ਇਜ਼ਰਾਈਲ ਨੇ ਹਵਾਈ ਗਸ਼ਤ ਜਾਰੀ ਰੱਖੀ। ਸੰਨ 2007 ਵਿਚ ਹਮਾਸ ਨੇ ਗਾਜ਼ਾ ਪੱਟੀ ਤੇ ਕਬਜ਼ਾ ਕਰ ਲਿਆ। ਇਸ ਤੋਂ ਬਾਅਦ ਗਾਜ਼ਾ ਪੱਟੀ ਨੂੰ ਦੁਸ਼ਮਣ ਖੇਤਰ ਐਲਾਨ ਕੇ ਕਈ ਪਾਬੰਦੀਆਂ ਨੂੰ ਮਨਜ਼ੂਰੀ ਦੇ ਦਿੱਤੀ। ਯਾਦ ਰਹੇ ਕਿ 14 ਮਈ 1948 ਨੂੰ ਯਹੂਦੀਆਂ ਦਾ ਸੁਤੰਤਰ ਰਾਸ਼ਟਰ ਇਜ਼ਰਾਈਲ ਕਾਇਮ ਹੋਇਆ ਸੀ ਜੋ ਅੱਜ ਪੂਰੀ ਦੁਨੀਆ ਲਈ ਉਦਾਹਰਣ ਬਣ ਗਿਆ ਹੈ। ਇਜ਼ਰਾਈਲ ਏਨਾ ਖ਼ਤਰਨਾਕ ਕਿਉਂ ਬਣਿਆ ਇਸ ਦਾ ਕਾਰਨ ਉਸ ਦੇ ਅਤੀਤ ਦੇ ਸੰਘਰਸ਼ਾਂ ਦੀਆਂ ਗਾਥਾਵਾਂ ਵਿਚ ਛੁਪਿਆ ਹੋਇਆ ਹੈ। ਹਰ ਰਾਜ ਨੇ ਯਹੂਦੀਆਂ ਨੂੰ ਉਨ੍ਹਾਂ ਦੀ ਧਰਤੀ ਤੋਂ ਵਾਰ-ਵਾਰ ਖਦੇੜ ਕੇ ਦਰ-ਦਰ ਦੀਆਂ ਠੋਕਰਾਂ ਖਾਣ ਲਈ ਮਜਬੂਰ ਕਰ ਦਿੱਤਾ। ਨਸਲਕੁਸ਼ੀ ਦਾ ਦੌਰ ਤਦ ਹੀ ਰੁਕਿਆ ਜਦ ਸੁਤੰਤਰ ਇਜ਼ਰਾਈਲ ਦਾ ਵਜੂਦ ਸਥਾਪਤ ਹੋਇਆ।

# ਕੈਲੰਡਰ ਵਿਵਾਦ, ਆਉ ਸੁਹਿਰਦ ਹੋਈਏ

**ਸਰਵਜੀਤ ਸਿੰਘ ਸੈਕਰਾਮੈਂਟੋ**

ਦੁਨੀਆਂ ਵਿੱਚ ਵਰਤੇ ਜਾਣ ਵਾਲੇ ਸਾਂਝੇ ਕੈਲੰਡਰ ਦਾ ਮੁੱਢ, ਜੂਲੀਅਸ ਸੀਜ਼ਰ ਵੱਲੋਂ ਬੰਨਿਆਂ ਗਿਆ ਸੀ। ਇਸ ਸਾਲ ਦੀ ਲੰਬਾਈ 365 ਦਿਨ 6 ਘੰਟੇ ਮੰਨੀ ਗਈ ਸੀ। ਜੂਲੀਅਨ ਕੈਲੰਡਰ ਦੇ ਸਧਾਰਨ ਸਾਲ ਵਿੱਚ 365 ਦਿਨ ਹੁੰਦੇ ਸਨ ਅਤੇ ਵਾਧੂ ਦੇ 6 ਘੰਟੇ, ਹਰ ਚੌਥੇ ਸਾਲ ਫਰਵਰੀ ਦੇ ਵਿੱਚ ਇਕ ਵਾਧੂ ਦਿਨ ਜੋੜ ਕੇ ਹਿਸਾਬ ਬਰਾਬਰ ਕਰ ਦਿੱਤਾ ਜਾਂਦਾ ਸੀ। ਇਸ ਤਰ੍ਹਾਂ 4 ਸਾਲ ਵਿਚ ਕੁਲ 1461 ਦਿਨ ਬਣਦੇ ਸਨ ਅਤੇ ਸਾਲ ਦੀ ਲੰਬਾਈ (1461/4) 365.25 ਦਿਨ ਮੰਨੀ ਗਈ ਸੀ। 1582 ਈ. ਵਿੱਚ ਜਦੋਂ ਰੋਮ ਵਾਸੀਆਂ ਨੂੰ ਇਹ ਗਿਆਨ ਹੋਇਆ ਕਿ ਉਨ੍ਹਾਂ ਦੇ ਦਿਨ ਤਿਉਹਾਰਾਂ ਦਾ ਸਬੰਧ ਮੌਸਮ ਨਾਲੋਂ ਟੁੱਟ ਗਿਆ ਹੈ ਤਾਂ ਇਸ ਦੇ ਕਾਰਨਾਂ ਦੀ ਪੜਤਾਲ ਕਰਨ ਦਾ ਕੰਮ ਮਾਹਿਰਾਂ ਨੂੰ ਸੌਂਪਿਆ ਗਿਆ। ਮਾਹਿਰਾਂ ਵੱਲੋਂ ਇਸ ਸਮੱਸਿਆ ਦਾ ਕਾਰਨ ਇਹ ਦੱਸਿਆ ਗਿਆ ਕਿ ਅਸਲ ਵਿੱਚ ਸਾਲ ਦੀ ਲੰਬਾਈ 365.2422 ਦਿਨ ਭਾਵ 365 ਦਿਨ 5 ਘੰਟੇ 48 ਮਿੰਟ 45 ਸੈਕਿੰਡ ਹੈ। ਜੋ ਪਹਿਲਾ ਮੰਨੀ ਗਈ ਲੰਬਾਈ ਤੋਂ ਲੱਗ ਭੱਗ ਸਵਾ ਗਿਆਰਾਂ ਮਿੰਟ ਘੱਟ ਹੈ। ਜਿਸ ਕਾਰਨ 128 ਸਾਲ ਪਿਛੋਂ ਇਕ ਦਿਨ ਦਾ ਫਰਕ ਪੈ ਜਾਂਦਾ ਹੈ। ਉਨ੍ਹਾਂ ਨੇ ਸਾਲ ਦੀ ਲੰਬਾਈ ਨੂੰ ਰੁੱਤੀ ਸਾਲ ਦੀ ਲੰਬਾਈ ਦੇ ਬਰਾਬਰ ਕਰਨ ਲਈ ਨਵਾਂ ਫਾਰਮੂਲਾ ਅਪਣਾਇਆ। ਜਿਸ ਮੁਤਾਬਕ ਸਾਲ ਦੀ ਲੰਬਾਈ 365.2425 ਦਿਨ ਮੰਨੀ ਗਈ। ਪੋਪ ਗਰੈਗਰੀ ਵੱਲੋਂ ਬਣਾਈ ਗਈ ਕਮੇਟੀ ਨੇ 1582 ਈ. ਵਿੱਚ ਵੱਧੇ ਹੋਏ ਦਿਨਾਂ ਦੇ ਫਰਕ ਨੂੰ ਇਕੋ ਝਟਕੇ ਹੀ, ਵੀਰਵਾਰ 4 ਅਕਤੂਬਰ ਤੋਂ ਪਿਛੋਂ ਸ਼ੁੱਕਰਵਾਰ ਨੂੰ 15 ਅਕਤੂਬਰ ਕਰਕੇ ਸਮੱਸਿਆ ਦਾ ਹਲ ਕਰ ਦਿੱਤਾ। ਇਸ ਕੈਲੰਡਰ ਨੂੰ ਗਰੈਗੋਰੀਅਨ ਦੇ ਨਾਮ ਨਾਲ ਜਾਣਿਆ ਜਾਣ ਲੱਗਾ। ਇੰਗਲੈਂਡ ਨੇ ਇਸ ਸੋਧ ਨੂੰ 1752 ਈ. ਵਿੱਚ ਪ੍ਰਵਾਨ ਕੀਤਾ ਸੀ ਅਤੇ ਬੁਧਵਾਰ 2 ਸਤੰਬਰ ਤੋਂ ਪਿਛੋਂ ਵੀਰਵਾਰ ਨੂੰ 14 ਸਤੰਬਰ ਕਰ ਦਿੱਤੀ ਸੀ। ਨਵੇਂ ਨਿਯਮ ਮੁਤਾਬਕ ਬਣਾਏ ਗਏ ਕੈਲੰਡਰ ਜਿਸ ਨੂੰ ਗਰੈਗੋਰੀਅਨ ਕੈਲੰਡਰ ਕਿਹਾ ਗਿਆ ਦੇ ਸਾਲ ਦੀ ਲੰਬਾਈ 365.2425 ਦਿਨ ਮੰਨੀ ਗਈ ਹੈ। ਇਹ ਲੰਬਾਈ ਰੁੱਤੀ ਸਾਲ ਦੀ ਲੰਬਾਈ ਤੋਂ ਲੱਗ ਭੱਗ 26 ਸੈਕਿੰਡ ਵੱਧ ਹੈ। ਸਾਲ ਦੀ ਲੰਬਾਈ ਦੇ ਫਰਕ ਕਾਰਨ ਪਹਿਲਾ ਜਿਹੜਾ ਇਕ ਦਿਨ ਦਾ ਫਰਕ 128 ਸਾਲਾਂ ਪਿਛੋਂ ਪੈ ਜਾਂਦਾ ਸੀ, ਉਹ ਹੁਣ ਉਹ ਇਕ ਦਾ ਫਰਕ ਲੱਗ ਭੱਗ 3300 ਸਾਲ ਪਿਛੋਂ ਪਵੇਗਾ। ਯਾਦ ਰਹੇ ਗੁਰੂ ਕਾਲ ਤੋਂ ਪ੍ਰਚਲਤ ਬਿਕ੍ਰਮੀ ਕੈਲੰਡਰ ਦੇ ਸਾਲ ਦੀ ਲੰਬਾਈ 365.2587 ਦਿਨ ਹੈ। ਜੋ ਰੁੱਤੀ ਸਾਲ ਦੀ ਲੰਬਾਈ ਤੋਂ ਲੱਗ-ਭੱਗ 24 ਮਿੰਟ ਵੱਧ ਹੈ, ਜਿਸ ਕਾਰਨ 60 ਸਾਲ ਪਿਛੋਂ ਇਕ ਦਿਨ ਦਾ ਫਰਕ ਪੈ ਜਾਂਦਾ ਹੈ। ਹੈਰਾਨੀ ਦੀ ਗੱਲ ਹੈ ਕਿ ਜਿਹੜੀ ਗੱਲ ਰੋਮ ਵਾਸੀਆਂ ਨੂੰ ਸੋਲਵੀਂ ਸਦੀ ਵਿੱਚ ਸਮਝ ਆ ਗਈ ਸੀ ਕਿ ਉਨ੍ਹਾਂ ਦੇ ਕੈਲੰਡਰੀ ਸਾਲ ਦੀ ਲੰਬਾਈ ਰੁੱਤੀ ਸਾਲ ਦੀ ਲੰਬਾਈ ਤੋਂ ਵੱਧ ਹੈ, ਸਿੱਖਾਂ ਨੂੰ ਇੱਕੀਵੀਂ ਸਦੀ ਵਿੱਚ ਵੀ ਨਹੀਂ ਆ ਰਹੀ।

ਆਪਣੇ ਦੇਸ਼ ਵਿੱਚ ਬਿਕ੍ਰਮੀ ਕੈਲੰਡਰ ਪ੍ਰਚਲਤ ਸੀ। ਗਰੈਗੋਰੀਅਨ ਕੈਲੰਡਰ ਗੋਰਿਆਂ ਦੇ ਨਾਲ ਹੀ ਆਇਆ ਸੀ। ਗੋਰਿਆਂ ਨੇ ਆਪਣੀ ਸਹੂਲਤ ਲਈ ਸਤੰਬਰ 1752 ਈ. ਤੋਂ ਪਹਿਲੀਆਂ ਬਿਕ੍ਰਮੀ ਤਾਰੀਖ਼ਾਂ ਨੂੰ ਜੂਲੀਅਨ ਵਿੱਚ ਅਤੇ ਉਸ ਤੋਂ ਪਿਛੋਂ ਦੀਆਂ ਤਾਰੀਖ਼ਾਂ ਨੂੰ ਗਰੈਗੋਰੀਅਨ ਵਿੱਚ ਬਦਲੀ ਕਰ/ਕਰਵਾ ਲਿਆ। ਮਿਸਾਲ ਦੇ ਤੌਰ ਤੇ ਜਦੋਂ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਹੋਇਆ ਸੀ ਤਾਂ ਉਸ ਵੇਲੇ ਦੇ ਪ੍ਰਚੱਲਤ ਕੈਲੰਡਰਾਂ ਮੁਤਾਬਕ ਇਹ ਤਾਰੀਖ 23 ਪੋਹ ਜਾਂ ਪੋਹ ਸੁਦੀ 7 ਸੀ। ਜਦੋਂ ਇਸ ਤਾਰੀਖ ਨੂੰ ਜੂਲੀਅਨ ਕੈਲੰਡਰ ਵਿਚ ਬਦਲੀ ਕੀਤਾ ਗਿਆ ਤਾਂ ਇਹ 22 ਦਸੰਬਰ ਲਿਖੀ ਗਈ। ਫਰਜ਼ ਕਰੋ ਕਿ ਇੰਗਲੈਂਡ ਵਾਲੇ ਵੀ ਜੂਲੀਅਨ ਕੈਲੰਡਰ ਵਿੱਚ ਕੀਤੀ ਗਈ ਸੋਧ ਨੂੰ 1582 ਈ. ਵਿੱਚ ਹੀ ਪ੍ਰਵਾਨ ਕਰ ਲੈਂਦੇ ਤਾਂ ਇਹ ਤਾਰੀਖ ਗਰੈਗੋਰੀਅਨ ਕੈਲੰਡਰ ਵਿੱਚ ਲਿਖੀ ਜਾਣੀ ਸੀ ਜੋ 1 ਜਨਵਰੀ 1667 ਈ. ਹੋਣੀ ਸੀ। ਇਹ ਹੀ ਕਾਰਨ ਹੈ ਕਿ ਕਰਨਲ ਸੁਰਜੀਤ ਸਿੰਘ ਨਿਸ਼ਾਨ ਵਾਰ-ਵਾਰ ਇਹ ਕਹਿ ਰਿਹਾ ਹੈ ਕਿ ਗੁਰੂ ਜੀ ਦਾ ਜਨਮ ਦੀ ਤਾਰੀਖ 5 ਜਨਵਰੀ ਨੂੰ ਨਹੀ ਸਗੋਂ 1 ਜਨਵਰੀ ਬਣਦੀ ਹੈ। ਅੱਜ ਬਹੁਤ ਸਾਰੇ ਵਿਦਵਾਨਾਂ ਵੱਲੋਂ ਆਪਣੀਆਂ ਲਿਖਤਾਂ ਵਿੱਚ ਅਸਲ ਤਾਰੀਖ਼ਾਂ ਲਿਖਣ ਦੀ ਬਜਾਏ, 1752 ਈ. ਤੋਂ ਪਹਿਲੀਆਂ ਤਾਰੀਖ਼ਾਂ ਨੂੰ ਜੂਲੀਅਨ ਕੈਲੰਡਰ ਵਿੱਚ ਹੀ ਲਿਖਿਆ ਗਿਆ ਹੈ। ਉਹ ਇਹ ਭੁੱਲ ਹੀ ਜਾਂਦੇ ਹਨ ਕਿ ਜੂਲੀਅਨ ਕੈਲੰਡਰ ਤਾਂ ਕਦੇ ਇੰਡੀਆ ਵਿਚ ਲਾਗੂ ਹੀ ਨਹੀਂ ਹੋਇਆ। ਸਵਾਲ ਪੈਦਾ ਹੁੰਦਾ ਹੈ ਜਿਹੜਾ ਕੈਲੰਡਰ ਕਦੇ ਲਾਗੂ ਹੀ ਨਹੀ ਹੋਇਆ, ਉਸ ਵਿਚ ਇਤਿਹਾਸ ਕਿਵੇਂ ਲਿਖਿਆ ਜਾ ਸਕਦਾ ਸੀ? ਮਿਸਾਲ ਦੇ ਤੌਰ ਤੇ, ਪਿਛਲੇ ਦਿਨੀਂ ਡਾ ਹਰਜਿੰਦਰ ਸਿੰਘ ਦਿਲਗੀਰ ਵੱਲੋਂ ਭੇਜਿਆ ਗਿਆ ਕੈਲੰਡਰ ਵੇਖੋ। ਉਸ ਵਿੱਚ ਸਾਰੀਆਂ ਤਾਰੀਖ਼ਾਂ ਹੀ ਅੰਗਰੇਜੀ ਕੈਲੰਡਰ ਮੁਤਾਬਕ , ਸਤੰਬਰ 1752 ਈ ਤੋਂ ਪਹਿਲੀਆਂ ਜੂਲੀਅਨ ਅਤੇ ਉਸ ਤੋਂ ਪਿਛੋਂ ਦੀਆਂ ਗਰੈਗੋਰੀਅਨ ਕੈਲੰਡਰ ਦੀਆਂ ਤਾਰੀਖ਼ਾਂ ਦਰਜ ਹਨ। ਗੁਰੂ ਨਾਨਕ ਜੀ ਦੇ ਜੋਤੀ ਜੋਤ ਸਮਾਉਣ ਦੀ ਤਾਰੀਖ 7 ਸਤੰਬਰ 1539 ਈ. ਦਰਜ ਹੈ। ਜੂਲੀਅਨ ਅਤੇ ਗਰੈਗੋਰੀਅਨ ਕੈਲੰਡਰ ਦੇ ਫਰਕ ਨੂੰ ਵੀ ਨਾ ਸਮਝਣ ਵਾਲਾ ਵਿਦਵਾਨ, ਨਾਨਕਸ਼ਾਹੀ ਕੈਲੰਡਰ ਨੂੰ ਸਿੱਖਾਂ ਨਾਲ ਸਦੀ ਦਾ ਸਭ ਤੋਂ ਵੱਡਾ ਧੋਖਾ ਕਰਾਰ ਦੇ ਰਿਹਾ ਹੈ।




ਕਰਨਲ ਸੁਰਜੀਤ ਸਿੰਘ ਨਿਸ਼ਾਨ ਵੱਲੋਂ ਗੁਰੂ ਨਾਨਕ ਜੀ ਦੇ ਜੋਤੀ ਜੋਤ ਸਮਾਉਣ ਦੀ ਤਾਰੀਖ 8 ਅੱਸੂ (ਅੱਸੂ ਵਦੀ 10) ਸੰਮਤ 1596 ਬਿਕ੍ਰਮੀ ਨੂੰ ਸਿੱਧਾ ਹੀ ਗਰੈਗੋਰੀਅਨ ਕੈਲੰਡਰ ਵਿੱਚ ਤਬਦੀਲ ਕਰਕੇ, 17 ਸਤੰਬਰ ਕੱਢੀ ਗਈ ਹੈ। ਇਥੇ ਫੇਰ ਉਹੀ ਸਵਾਲ ਪੈਦਾ ਹੁੰਦਾ ਹੈ ਕਿ ਜਿਹੜੇ ਕੈਲੰਡਰ ਦਾ ਜਨਮ ਹੀ ਸਤੰਬਰ 1752 ਈ: ਵਿਚ ਹੁੰਦਾ ਹੈ ਉਸ ਵਿਚ ਗੁਰੂ ਨਾਨਕ ਜੀ ਦਾ ਇਤਿਹਾਸ ਕਿਵੇਂ ਲਿਖਿਆ ਜਾ ਸਕਦਾ ਹੈ। ਕਰਨਲ ਨਿਸ਼ਾਨ ਨਾਨਕਸ਼ਾਹੀ ਦੀਆਂ ਤਾਰੀਖ਼ਾਂ ਨੂੰ ਗਲਤ ਸਾਬਿਤ ਕਰਨ ਵੇਲੇ ਤਾਂ ਸਾਰੀਆਂ ਤਾਰੀਖ਼ਾਂ ਗਰੈਗੋਰੀਅਨ ਕੈਲੰਡਰ ਵਿੱਚ ਬਦਲੀ ਕਰਕੇ ਲਿਖਦਾ ਹੈ, ਇਸੇ ਤਰ੍ਹਾਂ ਬਾਕੀ ਸਾਰੇ ਗੁਰਪੁਰਬਾਂ ਦਿਆਂ ਤਾਰੀਖ਼ਾਂ ਵਿਚ ਵੀ 4 ਤੋਂ 7 ਦਿਨਾਂ ਦੀ ਗਲਤੀ ਕੀਤੀ ਗਈ ਹੈ (ਪੰਨਾ 24) ਇਥੇ ਇਕ ਹੋਰ ਸਵਾਲ ਪੈਦਾ ਹੁੰਦਾ ਹੈ ਕਿ ਗੁਰੂ ਨਾਨਕ ਜੀ ਦੇ ਜਨਮ ਦੀ ਤਾਰੀਖ ਗਰੈਗੋਰੀਅਨ ਮੁਤਾਬਕ 17 ਸਤੰਬਰ ਸਹੀ ਹੈ ਤਾਂ ਇਸੇ ਫਾਰਮੂਲੇ ਨਾਲ ਖਾਲਸਾ ਸਾਜਨ ਦਿਵਸ ਦੀ ਤਾਰੀਖ 8 ਅਪ੍ਰੈਲ ਕਿਉਂ ਨਹੀਂ? ਇਸ ਸਵਾਲ ਦਾ ਜਵਾਬ ਕਰਨਲ ਸੁਰਜੀਤ ਸਿੰਘ ਨਿਸ਼ਾਨ ਨੇ ਕਦੇ ਨਹੀ ਨਹੀਂ ਦਿੱਤਾ।

ਅਨੁਰਾਗ ਸਿੰਘ, ਜੋ ਕਿ ਨਾਨਕਸ਼ਾਹੀ ਕੈਲੰਡਰ ਦਾ ਕੱਟੜ ਵਿਰੋਧੀ ਹੈ। ਉਹ ਇਨ੍ਹਾਂ ਦੋਵਾਂ ਵਿਦਵਾਨਾਂ ਤੋਂ ਵੱਖਰੀ ਰਾਏ ਰੱਖਦਾ ਹੈ। ਉਸ ਮੁਤਾਬਕ ਗੁਰੂ ਨਾਨਕ ਜੀ ਦੇ ਜੋਤੀ ਜੋਤ ਸਮਾਉਣ ਦੀ ਤਾਰੀਖ ਅੱਸੂ ਵਦੀ 10 ਹੈ। ਇਹ ਚੰਦ ਦੇ ਕੈਲੰਡਰ, ਜਿਸ ਦੇ ਸਾਲ ਦੇ 354.37 ਦਿਨ ਹੁੰਦੇ ਹਨ, ਦੀ ਤਾਰੀਖ ਹੈ। ਹੁਣ ਜੇ ਇਸ ਨੂੰ ਮੁਖ ਰੱਖਿਆ ਜਾਵੇ ਤਾ ਇਹ ਦਿਹਾੜਾ ਪਿਛਲੇ ਸਾਲ ਤੋਂ 11 ਦਿਨ ਪਹਿਲਾ ਆਵੇਗਾ। ਇਥੇ ਇਕ ਹੋਰ ਸਮੱਸਿਆ ਆ ਜਾਂਦੀ ਹੈ ਉਹ ਇਹ ਕਿ ਜਦੋਂ ਚੰਦ ਦਾ ਸਾਲ ਸੂਰਜੀ ਸਾਲ ਤੋਂ ਇਕ ਸਾਲ ਵਿਚ 11, ਦੋ ਸਾਲ 22 ਅਤੇ ਤਿੰਨ ਸਾਲ ਵਿੱਚ 33 ਦਿਨ ਪਿਛੇ ਰਹਿ ਜਾਂਦਾ ਹੈ ਤਾ ਇਸ ਨੂੰ ਸੂਰਜੀ ਸਾਲ ਦੇ ਨੇੜੇ ਰੱਖਣ ਲਈ, ਇਸ ਵਿਚ ਇਕ ਹੋਰ ਮਹੀਨਾ ਜੋੜ ਦਿੱਤਾ ਜਾਂਦਾ ਹੈ। ਜਿਸ ਨੂੰ ਮਲ ਮਾਸ ਕਿਹਾ ਜਾਂਦਾ ਹੈ ਇਸ ਵਿਚ ਕੋਈ ਗੁਰਪੁਰਬ ਆਦਿ ਨਹੀਂ ਮਨਾਇਆ ਜਾਂਦਾ। ਯਾਦ ਰਹੇ ਇਸ ਸਾਲ ਚੰਦ ਦੇ ਸਾਲ ਦੇ 13 ਮਹੀਨੇ ਹਨ। ਜੇਠ ਦਾ ਮਹੀਨਾ ਦੋ ਵਾਰ (ਇਕ ਸ਼ੁਭ ਅਤੇ ਦੂਜਾ ਅਸ਼ੁਭ) ਆਇਆ ਸੀ। ਮਲ ਮਾਸ ਤੋਂ ਪਿਛੋਂ ਆਉਣ ਵਾਲੇ ਗੁਰਪੁਰਬ 18-19 ਦਿਨ ਪਛੜ ਕੇ ਆਉਂਦੇ ਹਨ।

ਇਹ ਹੈ ਤਿੰਨ ਵਿਦਵਾਨਾਂ ਵੱਲੋਂ ਸੁਝਾਈ ਗਈ ਇਕੋ ਤਾਰੀਖ ਭਾਵ ਗੁਰੂ ਨਾਨਕ ਜੀ ਦੇ ਜੋਤੀ ਜੋਤ ਸਮਾਉਣ ਦੇ ਦਿਹਾੜੇ ਦੀ ਤਾਰੀਖ। ਤਾਰੀਖ ਵਿਚ ਤਾਂ ਕੋਈ ਸਮਾਨਤਾ ਨਹੀ ਹੈ। ਹਾਂ ਇਨ੍ਹਾਂ ਤਿੰਨਾਂ 'ਚ ਇਕ ਸਮਾਨਤਾ ਜਰੂਰ ਹੈ ਕਿ ਇਹ ਤਿੰਨੇ ਹੀ ਨਾਨਕਸ਼ਾਹੀ ਕੈਲੰਡਰ ਦੇ ਵਿਰੋਧੀ ਹਨ।

ਕੈਲੰਡਰ ਕਮੇਟੀ ਵੱਲੋਂ ਕੀਤੇ ਗਏ ਫੈਸਲੇ ਮੁਤਾਬਕ, ਤਿੱਥਾਂ ਨੂੰ ਨਾਨਕਸ਼ਾਹੀ ਕੈਲੰਡਰ ਵਿੱਚ ਬਦਲਣ ਲਈ ਅੰਗਰੇਜੀ ਤਾਰੀਖ਼ਾਂ ਨੂੰ ਨਹੀ ਪ੍ਰਵਿਸ਼ਟਿਆਂ ਨੂੰ ਮੁੱਖ ਰੱਖਿਆ ਜਾਵੇਗਾ। ਗੁਰੂ ਨਾਨਕ ਜੀ ਦੇ ਜੋਤੀ ਜੋਤ ਸਮਾਉਣ ਦੀ ਅਸਲ ਤਾਰੀਖ 8 ਅੱਸੂ ਨੂੰ ਮੁਖ ਰੱਖਿਆ ਗਿਆ ਹੈ। ਜੋ ਕੇ ਹਰ ਸਾਲ 22 ਸਤੰਬਰ ਨੂੰ ਹੀ ਆਵੇਗੀ। ਇਸੇ ਤਰ੍ਹਾਂ ਹੀ ਬਾਕੀ ਤਾਰੀਖ਼ਾਂ ਨਿਰਧਾਰਿਤ ਕੀਤੀਆਂ ਗਈਆਂ ਹਨ।

ਸ਼੍ਰੋਮਣੀ ਕਮੇਟੀ ਦਾ ਆਲਮ ਹੀ ਨਿਰਾਲਾ ਹੈ। ਉਸ ਵੱਲੋਂ ਛਾਪੇ ਜਾਂਦੇ ਕੈਲੰਡਰ ਵਿਚ ਗੁਰੂ ਸਾਹਿਬ ਨਾਲ ਸਬੰਧਿਤ ਦਿਹਾੜੇ, ਵਦੀ-ਸੁਦੀ ਮੁਤਾਬਕ, ਵਿਸਾਖੀ, ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਅਤੇ ਹੋਰ ਇਤਿਹਾਸ ਦਿਹਾੜੇ ਪ੍ਰਵਿਸ਼ਟਿਆਂ ਮੁਤਾਬਕ ਅਤੇ ਕੁਝ ਦਿਹਾੜੇ ਗਰੈਗੋਰੀਅਨ ਕੈਲੰਡਰ ਮੁਤਾਬਕ ਦਰਜ ਕੀਤੇ ਜਾਂਦੇ ਹਨ। ਵਾਰ-ਵਾਰ ਬੇਨਤੀਆਂ ਕਰਨ ਤੇ ਵੀ ਤਿੰਨ ਵੱਖ-ਵੱਖ ਕੈਲੰਡਰਾਂ ਦਾ ਮਿਲਗੋਭਾ ਕੈਲੰਡਰ ਤਿਆਰ ਦੇ ਕਰਨ ਸਬੰਧੀ, ਸ਼੍ਰੋਮਣੀ ਕਮੇਟੀ ਨੇ ਕਦੇ ਜਾਣਕਾਰੀ ਦੇਣ ਦੀ ਖੇਚਲ ਨਹੀਂ ਕੀਤੀ। ਜਦੋਂ ਕਿ ਨਿਜੀ ਗੱਲ ਬਾਤ ਵਿੱਚ ਕੁਝ ਅਧਿਕਾਰੀ, ਜੋ ਇਸ ਵਰਤਾਰੇ ਨੂੰ ਸਮਝਦੇ ਹਨ, ਆਪਣੀ ਮਜ਼ਬੂਰੀ ਹੀ ਜਾਹਿਰ ਕਰਦੇ ਹਨ।

ਸ਼੍ਰੋਮਣੀ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਨੂੰ ਸੰਮਤ 535 ਨਾਨਕਸ਼ਾਹੀ / 2003 ਈ: ਵਿੱਚ ਲਾਗੂ ਕੀਤਾ ਗਿਆ ਸੀ। ਅਤੇ 2010 ਈ: ਤੋਂ ਮੁੜ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਲਾਗੂ ਕਰ ਦਿੱਤਾ ਗਿਆ ਸੀ। ਹੁਣ ਸ਼੍ਰੋਮਣੀ ਕਮੇਟੀ ਨੂੰ ਹਰ ਸਾਲ ਕੋਈ ਨਾ ਕੋਈ ਤਾਰੀਖ ਬਦਲਣੀ ਪੈ ਰਹੀ ਹੈ। ਇਸੇ ਸਾਲ ਹੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗੁਰਗੱਦੀ ਦਿਹਾੜੇ ਦੀ ਤਾਰੀਖ ਬਦਲੀ ਕੀਤੀ ਗਈ ਸੀ। ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ 'ਤੇ ਪਾਕਿਸਤਾਨ ਜੱਥਾ ਭੇਜਣ ਲਈ ਹਰ ਸਾਲ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ। ਹੈਰਾਨੀ ਦੀ ਗੱਲ ਹੈ ਕਿ ਨਾ ਤਾਂ ਸ਼੍ਰੋਮਣੀ ਕਮੇਟੀ ਅਤੇ ਨਾ ਹੀ ਉਪ੍ਰੋਕਤ ਤਿੰਨਾ ਵਿਚੋਂ ਕੋਈ ਵਿਦਵਾਨ, ਇਸ ਸਮੱਸਿਆ ਦੇ ਹਲ ਲਈ ਅੱਗੇ ਆ ਰਿਹਾ ਹੈ। ਹਾਂ ਵਿਰੋਧ ਦਾ ਛੁਣਛੁਣਾ ਖੜਕਾਉਣ ਦੇ ਆਪਣੇ ਅਧਿਕਾਰ ਦੀ ਖ਼ੂਬ ਵਰਤੋਂ ਕਰ ਰਹੇ ਹਨ।

ਜਦੋਂ ਇਤਿਹਾਸ ਤੇ ਨਜ਼ਰ ਮਾਰਦੇ ਹਾਂ ਤਾਂ ਵੇਖਦੇ ਹਾਂ ਕਿ ਸਾਡੇ ਕਈ ਮਸਲੇ ਦਹਾਕਿਆਂ ਤੋਂ ਉਲਝੇ ਪਏ ਹਨ, ਜਿਵੇ ਰਾਗ ਮਾਲਾ, ਮੰਗਲਾਚਰਨ ਆਦਿ। ਇਹ ਕਿਉ ਉਲਝੇ? ਇਨ੍ਹਾਂ ਦਾ ਕਾਰਨ ਵੱਖ-ਵੱਖ ਵਿਦਵਾਨਾਂ ਵੱਲੋਂ ਵੱਖ-ਵੱਖ ਦੱਸਿਆ ਜਾਂਦਾ ਹੈ। ਕੈਲੰਡਰ ਦੇ ਮਸਲੇ ਨੂੰ ਮੈਂ ਅਕਤੂਬਰ 2009 ਤੋਂ, ਜਦੋਂ ਇਹ ਖ਼ਬਰ ਆਈ ਸੀ ਕਿ ਦੇਸ਼-ਵਿਦੇਸ਼ ਦੀਆਂ ਸੰਗਤਾਂ ਦੀ ਮੰਗ ਤੇ ਨਾਨਕਸ਼ਾਹੀ ਕੈਲੰਡਰ ਵਿਚ ਸੋਧਾਂ ਕਰਨ ਲਈ ਦੋ ਮੈਂਬਰੀ ਕਮੇਟੀ ਦਾ ਗਠਣ ਕੀਤਾ ਜਾਂਦਾ ਹੈ, ਬਹੁਤ ਹੀ ਨੀਝ ਨਾਲ ਵੇਖ ਰਿਹਾ ਹਾਂ। ਇਸੇ ਦੌਰਾਨ ਹੀ ਮੈਂ ਕੈਲੰਡਰ ਬਾਰੇ ਮੁੱਢਲੀ ਜਾਣਕਾਰੀ ਹਾਸਿਲ ਕੀਤੀ ਹੈ। ਨਾਨਕਸ਼ਾਹੀ ਕੈਲੰਡਰ ਦੇ ਨਿਰਮਾਤਾ ਪਾਲ ਸਿੰਘ ਪੁਰੇਵਾਲ ਅਤੇ ਕਰਨਲ ਸੁਰਜੀਤ ਸਿੰਘ ਨਿਸ਼ਾਨ ਦੀਆਂ ਲਿਖਤਾਂ ਪੜੀਆਂ ਅਤੇ ਵੀ ਡੀ ਓ ਵੇਖੀਆਂ, ਡਾ ਹਰਜਿੰਦਰ ਸਿੰਘ ਦਿਲਗੀਰ ਦੇ ਇਤਰਾਜ਼ ਪੜ੍ਹੇ ਅਤੇ ਉਸ ਦੇ ਸਾਰੇ ਸਵਾਲਾਂ ਦੇ ਜਵਾਬ ਵੀ ਦਿੱਤੇ। ਸਮੇਂ-ਸਮੇਂ ਇਨ੍ਹਾਂ ਵਿਦਵਾਨਾਂ ਨਾਲ ਨਿੱਜੀ ਸੰਪਰਕ ਵੀ ਕੀਤਾ। ਪਿਛਲੇ ਸਾਲ ਜੁਲਾਈ ਵਿਚ ਸਿਆਟਲ ਦੀਆਂ ਸੰਗਤਾਂ ਵੱਲੋਂ ਕਰਵਾਏ ਸੈਮੀਨਾਰ ਤੋਂ ਪਿਛੋਂ ਅਨੁਰਾਗ ਸਿੰਘ ਦੀਆਂ ਲਿਖਤਾਂ ਪੜ੍ਹਨ ਅਤੇ ਸਵਾਲ ਜਵਾਬ ਕਰਨ ਦਾ ਮੌਕਾ ਵੀ ਬਣਿਆ। ਪਰ! ਬੜੇ ਦੁਖ ਨਾਲ ਲਿਖਣਾ ਪੈ ਰਿਹਾ ਹੈ ਕਿ ਡਾ: ਦਿਲਗੀਰ ਅਤੇ ਅਨੁਰਾਗ ਸਿੰਘ ਵੱਲੋਂ, ਵਿਚਾਰ ਕਰਨ ਦੀ ਬਜਾਏ, ਫੇਸਬੁਕ ਉਪਰ ਮੇਰੇ ਤੇ ਪਾਬੰਦੀ ਲਾ ਦਿੱਤੀ ਗਈ। ਉਥੇ ਹੀ ਦੂਜਿਆਂ ਪ੍ਰਤੀ ਮੰਦੀ ਭਾਸ਼ਾ ਵਰਤਣ ਦੀ ਸਮਾਨਤਾ ਵੀ ਇਨ੍ਹਾਂ ਦੋਵਾਂ ਵਿੱਚ ਵੇਖੀ ਗਈ ਹੈ। ਕਰਨਲ ਸੁਰਜੀਤ ਸਿੰਘ ਨਿਸ਼ਾਨ ਨਾਲ, ਟੈਲੀਫ਼ੋਨ ਉਪਰ ਅਤੇ ਲਿਖਤ-ਪੜਤ ਵੇਲੇ ਬੜੇ ਪਿਆਰ ਸਤਿਕਾਰ ਨਾਲ ਗੱਲ ਬਾਤ ਹੁੰਦੀ ਰਹੀ ਹੈ ਪਰ ਅਸਲ ਸਮੱਸਿਆ ਦੇ ਹਲ ਲਈ ਉਹ ਵੀ ਕਦੇ ਅੱਗੇ ਨਹੀ ਆਏ। ਪਿਛਲੇ ਕਈ ਸਾਲਾਂ ਦੇ ਤਜਰਬੇ ਦੇ ਅਧਾਰ ਤੇ ਜਿਸ ਵਿੱਚ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨਾਲ ਹੋਈ ਗੱਲਬਾਤ ਵੀ ਸ਼ਾਮਿਲ ਹੈ, ਮੈਂ ਇਹ ਕਹਿ ਸਕਦਾ ਹਾਂ ਕਿ ਕੈਲੰਡਰ ਦਾ ਮਸਲਾ ਸੋਚੀ ਸਮਝੀ ਸਾਜ਼ਿਸ਼ ਤਹਿਤ ਉਲਝਾਇਆ ਗਿਆ ਹੈ।

ਨਾਨਕਸ਼ਾਹੀ ਕੈਲੰਡਰ ਨੂੰ ਵਿਦਵਾਨਾਂ ਵੱਲੋਂ ਲਗਾਤਾਰ ਕਈ ਸਾਲ ਵਿਚਾਰ ਚਰਚਾ ਕਰਨ ਉਪ੍ਰੰਤ ਤਿਆਰ ਕੀਤਾ ਸੀ। ਸ਼੍ਰੋਮਣੀ ਕਮੇਟੀ ਵੱਲੋਂ ਲਾਗੂ ਕਰਨ ਉਪ੍ਰੰਤ ਦੁਨੀਆਂ ਭਰ ਦੇ ਸਿਖਾਂ ਨੇ ਇਸ ਨੂੰ ਪ੍ਰਵਾਨ ਕੀਤਾ। ਪਰ ਅਚਾਨਕ, ਸ਼੍ਰੋਮਣੀ ਕਮੇਟੀ ਵੱਲੋਂ ਹੀ ਇਸ ਨੂੰ ਉਲਝਾ ਦਿੱਤਾ ਗਿਆ। ਸੁਹਿਰਦ ਪੰਥ ਦਰਦੀਆਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ, ਇਸ ਤੋਂ ਪਹਿਲਾ ਕਿ ਕੈਲੰਡਰ ਦੀ ਸਮੱਸਿਆ ਹੋਰ ਉਲਝ ਜਾਵੇ, ਆਓ ਰਲ-ਮਿਲ ਕੇ ਇਸ ਨੂੰ ਸੁਲਝਾਉਣ ਦਾ ਯਤਨ ਆਰੰਭੀਏ।

# ਸੁਆਮੀ ਅਗਨੀਵੇਸ਼ ਉਪਰ ਹਮਲਾ, ਫਿਰਕੂ ਭੀੜਾਂ ਤੇ ਮੋਦੀ ਸਰਕਾਰ

**ਸਵਰਨਜੀਤ ਸਿੰਘ ਖਾਲਸਾ ਯੂਐਸਏ**

ਕੁਝ ਦਿਨ ਪਹਿਲਾਂ ਸਰਬ ਉੱਚ ਅਦਾਲਤ ਨੇ ਕੇਂਦਰ ਤੇ ਰਾਜ ਸਰਕਾਰਾਂ ਨੂੰ ਇਸ ਲਈ ਝਾੜ ਪਾਈ ਸੀ ਕਿ ਉਹ ਭੜਕੀਆਂ ਭੀੜਾਂ ਵੱਲੋਂ ਨਿਰਦੋਸ਼ ਲੋਕਾਂ ਨੂੰ ਕੁੱਟ-ਕੁੱਟ ਕੇ ਮੌਤ ਦੇ ਘਾਟ ਉਤਾਰ ਦੇਣ ਵਾਲੀਆਂ ਘਟਨਾਵਾਂ ਨੂੰ ਰੋਕਣ ਲਈ ਆਪਣੇ ਸੰਵਿਧਾਨਕ ਫ਼ਰਜ਼ਾਂ ਨੂੰ ਨਹੀਂ ਨਿਭਾ ਰਹੀਆਂ। ਸੁਪਰੀਮ ਕੋਰਟ ਨੇ ਬੀਤੇ ਦਿਨੀਂ ਇਸ ਬਾਰੇ ਚਿੰਤਾ ਵੀ ਪ੍ਰਗਟਾਈ ਸੀ ਕਿ ਭਾਰਤ ਨੂੰ ਹਿੰਸਕ ਭੀੜਾਂ ਦਾ ਭਾਰਤ ਬਣਨ ਤੋਂ ਰੋਕੋ। ਯਾਦ ਰਹੇ ਕਿ ਮਹਾਤਮਾ ਗਾਂਧੀ ਦੇ ਪੜਪੋਤਰੇ ਤੁਸ਼ਾਰ ਗਾਂਧੀ ਤੇ ਕਾਂਗਰਸ ਦੇ ਆਗੂ ਤਹਸੀਨ ਪੂਨਾਵਾਲਾ ਵੱਲੋਂ ਦਾਇਰ ਕੀਤੀ ਜਨਹਿੱਤ ਪਟੀਸ਼ਨ ਦੀ ਸੁਣਵਾਈ ਕਰਦਿਆਂ ਹੋਇਆਂ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਦੀਪਕ ਮਿਸ਼ਰਾ ਦੀ ਅਗਵਾਈ ਵਾਲੇ ਤਿੰਨ-ਮੈਂਬਰੀ ਬੈਂਚ ਨੇ ਭੀੜ-ਤੰਤਰ ਦੇ ਅੰਨ੍ਹੇ ਜਨੂੰਨ ਬਾਰੇ ਕਿਹਾ ਕਿ ਇਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਭੀੜਾਂ ਦੇ ਹੱਥੋਂ ਹੋਣ ਵਾਲੀਆਂ ਹੱਤਿਆਵਾਂ ਅਸਹਿਣਸ਼ੀਲਤਾ ਨੂੰ ਜਨਮ ਦੇ ਰਹੀਆਂ ਹਨ। ਜੇ ਭੀੜਾਂ 'ਤੇ ਕਾਬੂ ਨਾ ਪਾਇਆ ਗਿਆ ਤਾਂ ਦੇਸ਼ ਵਿੱਚ ਅਸਥਿਰਤਾ ਪੈਦਾ ਹੋ ਸਕਦੀ ਹੈ। ਅਦਾਲਤ ਨੇ ਅਜਿਹੀਆਂ ਘਟਨਾਵਾਂ ਦਾ ਸ਼ਿਕਾਰ ਹੋਣ ਵਾਲੇ ਪੀੜਤਾਂ ਨੂੰ ਮੁਆਵਜ਼ਾ ਦੇਣ ਦੀ ਗੱਲ ਵੀ ਆਖੀ ਹੈ।

ਮਾਣਯੋਗ ਅਦਾਲਤ ਨੇ ਕੇਂਦਰ ਸਰਕਾਰ ਨੂੰ ਇਹ ਆਦੇਸ਼ ਦਿੱਤਾ ਹੈ ਕਿ ਉਹ ਭੀੜ-ਤੰਤਰ ਦੀ ਹਿੰਸਾ ਨੂੰ ਰੋਕਣ ਲਈ ਜਲਦੀ ਤੋਂ ਜਲਦੀ ਕਨੂੰਨ ਬਣਾਵੇ। ਸੂਬਾ ਸਰਕਾਰ ਹਰ ਜ਼ਿਲ੍ਹੇ ਵਿਚ ਐਸਪੀ. ਪੱਧਰ ਦੇ ਅਧਿਕਾਰੀ ਨੂੰ ਨੋਡਲ ਅਫ਼ਸਰ ਨਿਯੁਕਤ ਕਰੇ, ਜੋ ਸਪੈਸ਼ਲ ਟਾਸਕ ਫੋਰਸ ਬਣਾਏ। ਅਜਿਹੇ ਮਾਮਲਿਆਂ ਵਿਚ ਤੁਰੰਤ ਐਫ.ਆਈ.ਆਰ. ਦਰਜ ਹੋਵੇ। ਸੂਬਾ ਸਰਕਾਰ ਭੀੜ ਹਿੰਸਾ ਪੀੜਤ ਮੁਆਵਜ਼ਾ ਯੋਜਨਾ ਬਣਾਏ ਅਤੇ ਸੱਟ ਦੇ ਮੁਤਾਬਿਕ ਮੁਆਵਜ਼ਾ ਤੈਅ ਕਰੇ। ਫਾਸਟ ਟਰੈਕ ਅਦਾਲਤ ਵਿਚ ਕੇਸ ਚੱਲੇ, ਸੁਣਵਾਈ ਰੋਜ਼ਾਨਾ ਹੋਵੇ ਅਤੇ ਛੇ ਮਹੀਨਿਆਂ ਵਿਚ ਪੂਰੀ ਹੋਵੇ। ਪੀੜਤ ਦੇ ਵਕੀਲ ਦਾ ਖਰਚਾ ਸਰਕਾਰ ਕਰੇ। ਗਊ ਰੱਖਿਆ ਭੀੜ ਹਿੰਸਾ ਰੋਕਣ ਲਈ ਸੁਪਰੀਮ ਕੋਰਟ ਨੇ ਸੰਸਦ ਨੂੰ ਇਸ ਲਈ ਵੱਖਰਾ ਕਾਨੂੰਨ ਬਣਾਉਣ 'ਤੇ ਵਿਚਾਰ ਕਰਨ ਲਈ ਕਿਹਾ। ਇਸ ਮਾਮਲੇ ਦੀ ਅਗਲੀ ਸੁਣਵਾਈ ਵਾਸਤੇ ੨੦ ਅਗਸਤ ਦੀ ਤਾਰੀਖ ਤੈਅ ਕੀਤੀ ਗਈ ਹੈ।

ਜਾਪਦਾ ਹੈ ਕਿ ਸ਼ਾਸਕਾਂ ਤੇ ਪ੍ਰਸ਼ਾਸਕਾਂ ਨੇ ਸਰਬ ਉੱਚ ਅਦਾਲਤ ਦੇ ਆਦੇਸ਼ ਦੀ ਪੈਰਵੀ ਕਰਨ ਵਿੱਚ ਕੋਈ ਦਿਲਚਸਪੀ ਨਹੀਂ ਵਿਖਾਈ। ਇਸ ਦਾ ਖਮਿਆਜ਼ਾ ਨਿਰਦੋਸ਼ ਨਾਗਰਿਕਾਂ ਨੂੰ ਆਪਣੀ ਜਾਨ ਗਵਾ ਕੇ ਭੁਗਤਣਾ ਪੈ ਰਿਹਾ ਹੈ। ਬੀਤੇ ਦਿਨੀਂ ਭਗਵੇਂ ਅੱਤਵਾਦੀਆਂ ਨੇ ਝਾਰਖੰਡ ਦੇ ਪਾਕੁੜ ਵਿਚ ਜੈ ਸ੍ਰੀ ਰਾਮ ਦੇ ਨਾਅਰੇ ਲਗਾਉਂਦੇ ਹੋਏ ਸੁਆਮੀ ਅਗਨੀਵੇਸ਼ ਨੂੰ ਬੁਰੀ ਤਰ੍ਹਾਂ ਕੁੱਟਿਆ ਤੇ ਜ਼ਮੀਨ 'ਤੇ ਡੇਗ ਕੇ ਜੁੱਤੀਆਂ, ਲੱਤਾਂ ਤੇ ਡਾਂਗਾਂ ਨਾਲ ਕੁੱਟਿਆ। ਸੁਆਮੀ ਅਗਨੀਵੇਸ਼ ਨੇ ਇਸ ਤੋਂ ਬਾਅਦ ਆਪਣੀ ਸ਼ਿਕਾਇਤ ਪੁਲੀਸ ਕੋਲ ਦਰਜ ਕਰਵਾ ਦਿੱਤੀ। ਕੁਝ ਲੋਕ ਗ੍ਰਿਫ਼ਤਾਰ ਵੀ ਹੋਏ ਪਰ ਸਭ ਨੂੰ ਪਤਾ ਹੈ ਕਿ ਇਸ ਭੀੜ ਦਾ ਕੁਝ ਨਹੀਂ ਵਿਗੜੇਗਾ, ਉਲਟਾ ਉਨ੍ਹਾਂ ਦੇ ਪੱਖ ਵਿਚ ਜੈਕਾਰਾ ਲੱਗੇਗਾ, ਕੋਈ ਫੁੱਲਾਂ ਦਾ ਹਾਰ ਪਹਿਨਾ ਦੇਵੇਗਾ ਤੇ ਕੋਈ ਇਨ੍ਹਾਂ ਨੂੰ ਹਿੰਦੂ ਰਾਸ਼ਟਰਵਾਦ ਦੇ ਪੀਰ ਤੇ ਹੀਰੋ ਦੱਸੇਗਾ। ਕੋਈ ਇਸ ਕਾਂਡ ਦੇ ਲਈ ਦੋਸ਼ੀਆਂ ਨੂੰ ਮੂੰਹ ਮਿੱਠਾ ਕਰਵਾ ਦੇਵੇਗਾ, ਜਿਵੇਂ ਬੀਤੇ ਦਿਨੀਂ ਕੇਂਦਰੀ ਮੰਤਰੀ ਜੇਅੰਤ ਸਿਨਹਾ ਨੇ ਅਲੀਮੋਦੀਨ ਅਨਸਾਰੀ ਦੇ ਕਾਤਲਾਂ ਦਾ ਮੂੰਹ ਮਿੱਠਾ ਕਰਵਾਇਆ ਸੀ। ਸ਼ੋਸ਼ਲ ਮੀਡੀਆ 'ਤੇ ਇਹੋ ਜਿਹੀ ਭੀੜ ਬਹੁਤ ਵਧ ਰਹੀ ਹੈ ਤੇ ਇਸ ਭੀੜ ਨੂੰ ਭਗਵੇਂ ਤੰਤਰ ਵਲੋਂ ਉਤਸ਼ਾਹਿਤ ਕੀਤਾ ਜਾ ਰਿਹਾ ਹੈ, ਜਿਸ ਨੂੰ ਥਾਪੜਾ ਕੇਂਦਰੀ ਸੱਤਾਧਾਰੀ ਦੇ ਰਹੇ ਹਨ। ਇਹ ਭੀੜ ਤਿਆਰ ਹੋ ਰਹੀ ਹੈ ਭਾਰਤ ਨੂੰ ਭੀੜ-ਤੰਤਰ ਵੱਲ ਧੱਕ ਕੇ ਲਿਜਾਣ ਲਈ। ਜੋ ਇਨ੍ਹਾਂ ਦੀਆਂ ਆਵਾਜ਼ਾਂ ਦਾ ਵਿਰੋਧ ਕਰਦਾ ਹੈ, ਉਨ੍ਹਾਂ ਨਾਲ ਹਿੰਸਕ ਵਰਤਾਰਾ ਕੀਤਾ ਜਾਂਦਾ ਹੈ। ਭਗਵੇਂਵਾਦੀ ਸੱਤਾਧਾਰੀ ਸੱਤਾ ਉਪਰ ਆਪਣਾ ਬੋਲਬਾਲਾ ਕਾਇਮ ਰੱਖਣ ਲਈ ਇਨ੍ਹਾਂ ਭੀੜਾਂ ਨੂੰ ਉਤਸ਼ਾਹਿਤ ਕਰ ਰਹੇ ਹਨ। ਨਫ਼ਰਤਾਂ ਦੀ ਖੇਤੀ ਤੇਜ਼ ਹੋ ਗਈ ਹੈ। ਇਸ ਦਾ ਫਾਇਦਾ ਭਾਜਪਾ ਦੀ ਭਗਵੀਂ ਸਿਆਸਤ ਨੂੰ ਹੋ ਰਿਹਾ ਹੈ। ਰੋਟੀ, ਰੁਜ਼ਗਾਰ ਸਿਹਤ, ਵਿਕਾਸ ਦੇ



ਬਾਕੀ ਸਫ਼ਾ 30 'ਤੇ

# ਨਵੇਂ ਕਿਸਮ ਦੇ ਨਸ਼ਿਆਂ ਵਿਚ ਹੋ ਰਹੀ ਮਿਲਾਵਟ ਬਾਰੇ ਜਾਰੀ ਹੋ ਚੁੱਕੀਆਂ ਚੇਤਾਵਨੀਆਂ

**ਡਾ. ਹਰਸ਼ਿੰਦਰ ਕੌਰ, ਐਮ. ਡੀ.**
ਫੋਨ ਨੰ: 0175-2216783)

ਨੈਸ਼ਨਲ ਡਰੱਗ ਅਰਲੀ ਵਾਰਨਿੰਗ ਸਿਸਟਮ (ਐਨਡੀਈਡਬਲਿਊਐਸ) ਵੱਲੋਂ ਜਾਰੀ ਹੋਈਆਂ ਚੇਤਾਵਨੀਆਂ ਨਵੀਂ ਕਿਸਮਾਂ ਦੇ ਨਸ਼ਿਆਂ ਨਾਲ ਹੋ ਰਹੀਆਂ ਮੌਤਾਂ ਤੋਂ ਬਚਾਓ ਅਤੇ ਸਾਵਧਾਨ ਰਹਿਣ ਬਾਰੇ ਹਨ।

ਹੈਰੋਇਨ ਤੋਂ ਬਣੇ ਨਸ਼ੇ : ਚੌਵੀਂ ਘੰਟਿਆਂ ਵਿਚ 2 ਮੌਤਾਂ, ਤਿੰਨ ਦਿਨਾਂ ਵਿਚ ਤਿੰਨ ਤੇ 2 ਮਹੀਨਿਆਂ (ਮਈ, ਜੂਨ, 2018) ਵਿਚ 106 ਮੌਤਾਂ ਡੈਲਾਵੇਅਰ ਵਿਚ ਹੋਈਆਂ। ਇਹ ਸਾਰੀਆਂ ਮੌਤਾਂ ਨੌਜਵਾਨ ਬੱਚਿਆਂ ਦੀਆਂ ਸਨ ਤੇ ਸਭ ਨੇ ਹੈਰੋਇਨ ਦਾ ਨਸ਼ਾ ਕੀਤਾ ਸੀ।

ਇਸ ਲਈ ਦੁਨੀਆ ਭਰ ਦੇ ਮੁਲਕਾਂ ਲਈ ਚੇਤਾਵਨੀ ਜਾਰੀ ਕੀਤੀ ਗਈ ਹੈ ਕਿ ਜਿਹੜੇ ਬੱਚੇ ਹੈਰੋਇਨ ਦੀ ਵਰਤੋਂ ਕਰ ਰਹੇ ਹੋਣ, ਉਨ੍ਹਾਂ ਦੇ ਮਾਪੇ, ਸਾਥੀਆਂ ਜਾਂ ਰਾਹਗੀਰਾਂ ਨੂੰ ਕੁਝ ਲੱਛਣਾਂ ਬਾਰੇ ਪਤਾ ਹੋਣਾ ਚਾਹੀਦਾ ਹੈ ਕਿ ਜੇ ਇਹ ਲੱਛਣ ਦਿਸਣ ਤਾਂ ਉਸ ਬੱਚੇ ਜਾਂ ਨੌਜਵਾਨ ਨੂੰ ਤੁਰੰਤ ਹਸਪਤਾਲ ਪਹੁੰਚਾ ਦੇਣਾ ਚਾਹੀਦਾ ਹੈ। ਫੋਟੋਆਂ ਜਾਂ ਵੀਡੀਓ ਖਿਚਣ ਦੀ ਥਾਂ 'ਤੇ ਐਂਬੂਲੈਂਸ ਬੁਲਾਉਣੀ ਚਾਹੀਦੀ ਹੈ।

ਇਹ ਲੱਛਣ ਹਨ : * ਮੂੰਹ ਪੀਲਾ ਪੈ ਜਾਵੇ ਤੇ ਪਸੀਨੇ ਦਾ ਭਰਿਆ ਹੋਵੇ
* ਸਾਹ ਬਹੁਤ ਹੌਲੀ ਤੇ ਘੱਟ ਆ ਰਿਹਾ ਹੋਵੇ ਜਾਂ ਰੁਕ ਰਿਹਾ ਹੋਵੇ
* ਸਰੀਰ ਪੂਰਾ ਢਿੱਲਾ ਪੈ ਗਿਆ ਹੋਵੇ
* ਉਂਗਲਾਂ ਦੇ ਨਹੁੰ ਤੇ ਬੁੱਲ ਨੀਲੇ ਪੈ ਰਹੇ ਹੋਣ
* ਉਲਟੀਆਂ ਕਰ ਰਿਹਾ ਹੋਵੇ
* ਗਲੇ ਵਿੱਚੋਂ ਗਰਾਰਿਆਂ ਵਰਗੀ ਆਵਾਜ਼ ਆ ਰਹੀ ਹੋਵੇ
* ਬੋਲ ਨਾ ਸਕ ਰਿਹਾ ਹੋਵੇ ਤੇ ਬੈਠ ਨਾ ਸਕੇ
* ਡੂੰਘੀ ਨੀਂਦਰ ਵਿਚ ਜਾਪੇ ਤੇ ਬੁਲਾਉਣ ਉੱਤੇ ਉੱਠੇ ਹੀ ਨਾ
* ਦਿਲ ਦੀ ਧੜਕਨ ਘਟੀ ਹੋਵੇ ਜਾਂ ਬਲੱਡ ਪ੍ਰੈਸ਼ਰ ਘਟ ਚੁੱਕਿਆ ਹੋਵੇ

2. ਭੰਗ ਤੋਂ ਬਣੇ ਨਸ਼ੇ : ਨਿਊਯਾਰਕ ਵਿਚ ਮਈ 2018 ਵਿਚ 49 ਨੌਜਵਾਨ ਭੰਗ/ਗਾਂਜੇ ਤੋਂ ਬਣੇ ਨਸ਼ੇ ਨਾਲ ਮਰਨ ਕਿਨਾਰੇ ਹੋਏ ਹਸਪਤਾਲ ਵਿਚ ਪਹੁੰਚੇ। ਇਹ ਵੇਖਣ ਵਿਚ ਆਇਆ ਕਿ ਦੁਨੀਆ ਭਰ ਵਿਚ ਵਰਤੀ ਜਾ ਰਹੀ ਭੰਗ ਦੀ ਨਵੀਂ ਕਿਸਮ ਦਾ 'ਕੇ-2' ਬੈਚ ਜੋ ਹੁਣ ਬਜ਼ਾਰ ਵਿਚ ਪਹੁੰਚਿਆ ਹੈ, ਵਿੱਚ ਮਿਲਾਵਟ ਹੈ। ਇਸ ਨੂੰ ਸਿਗਰਟ ਰਾਹੀਂ ਪੀਣ ਜਾਂ ਸੁੰਘਣ ਵਾਲੇ ਤਰਲ ਦੀ ਸ਼ਕਲ ਵਿਚ ਵੇਚਿਆ ਜਾ ਰਿਹਾ ਹੈ ਅਤੇ 'ਸਪਾਈਸ' ਦੇ ਨਾਂ ਹੇਠ ਵਿਕ ਰਿਹਾ ਹੈ। ਇਸ ਦੇ ਪੈਕਟ ਥੱਲੇ ਇੱਕ ਚੇਤਾਵਨੀ ਲਿਖੀ ਗਈ ਹੈ-"ਇਸ ਦੀ ਇਨਸਾਨੀ ਵਰਤੋਂ ਖ਼ਤਰਨਾਕ ਹੈ।" ਇਸ ਬੈਚ ਵਿਚਲੀ ਮਿਲਾਵਟ ਇਸ ਨੂੰ ਖ਼ਤਰਨਾਕ ਸਾਬਤ ਕਰ ਚੁੱਕੀ ਹੈ।

ਇਸ ਦੀ ਵਰਤੋਂ ਨਾਲ ਦਿਸ ਰਹੇ ਮਾੜੇ ਅਸਰ ਇਹ ਹਨ : * ਦਿਲ ਦੀ ਧੜਕਨ ਵਧਣੀ
* ਉਲਟੀਆਂ ਲੱਗਣੀਆਂ
* ਹਿੰਸਕ ਵਿਹਾਰ
* ਖ਼ੁਦਕੁਸ਼ੀ ਕਰਨ ਦੀ ਕੋਸ਼ਿਸ਼

3. ਓਕਸਿਸ ਨਸ਼ੇ ਵਿਚ ਮਿਲਾਈ ਜਾ ਰਹੀ ਹੈ ਫੈਂਟਾਨਿਲ : ਮਈ 2018 ਵਿਚ ਮਿਸੀਸਿਪੀ ਵਿਚ ਇਹ ਲੱਭਿਆ ਗਿਆ ਕਿ ਓਕਸੀਕੋਡੋਨ ਦੀਆਂ ਗੋਲੀਆਂ ਜੋ ਬਿਲਕੁਲ ਓਕਸਿਸ ਨਾਲ ਮਿਲਦੀਆਂ ਹਨ, ਵਿਚ ਖ਼ਤਰਨਾਕ ਫੈਂਟਾਨਿਲ ਮਿਲਾ ਦਿੱਤਾ ਗਿਆ ਹੈ। ਡੀ.ਈ.ਏ.ਲੈਬਾਰਟਰੀ ਵਿਚ ਖੋਜ ਕਰ ਕੇ ਸਾਬਤ ਕਰ ਦਿੱਤਾ ਗਿਆ ਕਿ ਇਸ ਵਾਰ ਮਿਲ ਰਹੀਆਂ ਨਸ਼ੇ ਦੀਆਂ ਗੋਲੀਆਂ ਵਿਚ ਫੈਂਟਾਨਿਲ ਮਿਲਿਆ ਹੋਇਆ ਹੈ ਜਿਸ ਨਾਲ ਧੜਾਧੜ ਮੌਤਾਂ ਹੋਣੀਆਂ ਸ਼ੁਰੂ ਹੋ ਗਈਆਂ ਹਨ। ਇਸ ਬਾਰੇ ਵਿਸ਼ਵ ਪੱਧਰ ਉੱਤੇ ਚੇਤਾਵਨੀ ਜਾਰੀ ਕਰ ਦਿੱਤੀ ਗਈ ਹੈ।

4. ਈ-ਸਿਗਰਟ : 'ਜੁੱਲ' ਦੇ ਨਾਂ ਹੇਠ ਵਿਕਦੀਆਂ ਈ-ਸਿਗਰਟਾਂ ਨੌਜਵਾਨਾਂ ਦੀ ਪਹਿਲੀ ਪਸੰਦ ਹਨ। ਐਫਡੀਏ. (ਫੂਡ ਐਂਡ ਡਰੱਗ ਐਡਮਿਨਿਸਟਰੇਸ਼ਨ) ਨੇ ਪੂਰੀ ਦੁਨੀਆ ਵਾਸਤੇ ਚੇਤਾਵਨੀ ਜਾਰੀ ਕੀਤੀ ਹੈ ਕਿ ਇਸ ਵਾਰ ਦਾ 'ਮਾਲ' ਠੀਕ ਨਹੀਂ ਹੈ। ਇਸ ਵਾਸਤੇ 40 ਦੁਕਾਨਦਾਰਾਂ ਨੂੰ ਅਮਰੀਕਾ ਵਿਚ ਅਪਰੈਲ 2018 ਵਿਚ 'ਵਾਰਨਿੰਗ ਲੈਟਰ' ਜਾਰੀ ਕਰ ਦਿੱਤਾ ਗਿਆ। 'ਜੁੱਲ' 'ਫਲੈਸ਼ ਡਰਾਈਵ' ਨਾਲ ਮਿਲਦਾ ਜੁਲਦਾ ਅਸਰ ਵਿਖਾਉਂਦੀ ਹੈ। ਇਸੇ ਲਈ ਮਾਪਿਆਂ ਤੇ ਅਧਿਆਪਿਕਾਂ ਨੂੰ ਪਤਾ ਹੀ ਨਹੀਂ ਲੱਗਦਾ ਕਿ ਬੱਚਾ ਨਸ਼ਾ ਕਰੀ ਬੈਠਾ ਹੈ। ਇਸ ਵਿਚ ਹੁਣ ਨਿਕੋਟੀਨ ਦੀ ਮਾਤਰਾ ਬਹੁਤ ਜ਼ਿਆਦਾ ਲੱਭੀ ਗਈ ਹੈ ਜੋ ਦਿਮਾਗ਼ ਉੱਤੇ ਸਦੀਵੀ ਅਸਰ ਪਾ ਕੇ ਬੱਚੇ ਨੂੰ ਈ-ਸਿਗਰਟ ਨਸ਼ੇ ਦਾ ਆਦੀ ਬਣਾ ਦਿੰਦੀ ਹੈ।

ਜਨਵਰੀ 2012 ਤੋਂ ਅਪਰੈਲ 2017 ਤੱਕ 6 ਸਾਲ ਤੋਂ ਛੋਟੇ 8000 ਅਮਰੀਕਨ ਬੱਚਿਆਂ ਨੇ ਇਸ ਸਿਗਰਟ ਦਾ ਆਨੰਦ ਮਾਣਿਆ ਕਿਉਂਕਿ ਇਸ ਨੂੰ ਬੱਚਿਆਂ ਲਈ ਸੁਰੱਖਿਅਤ ਵਿਖਾਇਆ ਗਿਆ। ਹੁਣ ਇਨ੍ਹਾਂ ਬੱਚਿਆਂ ਵਿਚ ਤਗੜਾ ਨੁਕਸਾਨ ਤੇ ਮੌਤ ਤਕ ਹੁੰਦੀ ਵੇਖਦਿਆਂ ਇਸ ਬਾਰੇ ਵੀ ਚੇਤਾਵਨੀ ਜਾਰੀ ਕਰ ਦਿੱਤੀ ਗਈ ਹੈ ਕਿ ਇਸ ਸਿਗਰਟ ਨੂੰ ਸਖ਼ਤੀ ਨਾਲ ਬੱਚਿਆਂ ਤੋਂ ਪਰ੍ਹਾਂ ਰੱਖਿਆ ਜਾਵੇ ਕਿਉਂਕਿ ਇਸ ਦੀ ਪਿਆਰੀ ਖ਼ੁਸ਼ਬੋ ਬੱਚਿਆਂ ਨੂੰ ਬਿਸਕੁਟ ਜਾਂ ਟਾਫ਼ੀ ਵਰਗੀ ਖਿਚ ਪਾਉਂਦੀ ਹੈ।

5. ਭੰਗ ਤੋਂ ਬਣੇ ਸਿੰਥੈਟਿਕ ਨਸ਼ੇ : ਇਲੀਨੋਆ ਦੇ ਪਬਲਿਕ ਹੈਲਥ ਦੇ ਵਿਭਾਗ ਨੇ ਭੰਗ ਤੋਂ ਬਣੇ ਵੱਖੋ-ਵੱਖ ਨਸ਼ਿਆਂ ਵਿਚ ਪੈਂਦੇ ਸਿੰਥੈਟਿਕ ਬਾਰੇ ਅਪਰੈਲ-2018 ਵਿਚ ਚੇਤਾਵਨੀ ਜਾਰੀ ਕੀਤੀ ਹੈ ਕਿਉਂਕਿ ਇਨ੍ਹਾਂ ਦੀ ਵਰਤੋਂ ਨਾਲ ਬਹੁਤ ਜ਼ਿਆਦਾ ਲਹੂ ਵਹਿਣ ਲੱਗ ਪਿਆ ਹੈ ਤੇ ਬੱਚੇ ਹਸਪਤਾਲਾਂ ਵਿਚ ਦਾਖ਼ਲ ਕਰਨੇ ਪੈ ਰਹੇ ਹਨ। ਵਰਤਣ ਵਾਲਿਆਂ ਦੇ ਥੁੱਕ ਵਿਚ, ਪਿਸ਼ਾਬ ਵਿਚ, ਨੱਕ ਰਾਹੀਂ, ਮੂੰਹ ਰਾਹੀਂ, ਮਸੂੜਿਆਂ ਰਾਹੀਂ ਲਹੂ ਵਹਿਣ ਲੱਗ ਪੈਂਦਾ ਹੈ ਤੇ ਮੌਤ ਵੀ ਹੋ ਜਾਂਦੀ ਹੈ। ਟੈਸਟ ਕਰਨ ਉੱਤੇ ਪਤਾ ਲੱਗਿਆ ਕਿ ਭੰਗ ਵਿਚ ਚੂਹੇਮਾਰ ਦਵਾਈ 'ਬਰੌਡੀਫੇਕੋਮ' ਪਾਈ ਹੋਈ ਸੀ ਜਿਸ ਨਾਲ ਲਹੂ ਵਗਣ ਤੋਂ ਰੁਕਦਾ ਨਹੀਂ।

ਸਿੰਥੈਟਿਕ ਨਸ਼ਾ ਬਣਾਉਣ ਦਾ ਮਕਸਦ ਹੁੰਦਾ ਹੈ ਮੈਰੀਯੂਆਨਾ ਵਰਗਾ ਅਸਰ ਵਿਖਾਉਣਾ ਪਰ ਜ਼ਹਿਰ ਮਿਲਾ ਕੇ ਉਸ ਵਿੱਚੋਂ ਚਾਰ ਗੁਣਾ ਮੁਨਾਫ਼ਾ ਵੀ ਕਮਾਉਣਾ। ਅਜਿਹੇ ਨਸ਼ੇ 'ਹਰਬਲ' ਜਾਂ 'ਤਰਲ ਖ਼ੁਸ਼ਬੋ' ਦੇ ਨਾਂ ਹੇਠ ਵਿਕ ਰਹੇ ਹਨ। ਇਨ੍ਹਾਂ ਨੂੰ 'ਈ-ਸਿਗਰਟ' ਰਾਹੀਂ ਜਾਂ ਸੁੰਘ ਕੇ ਵਰਤਿਆ ਜਾ ਰਿਹਾ ਹੈ। ਇਹ ਨਸ਼ੇ ਦੀ ਕਿਸਮ ਦੁਨੀਆ ਦੇ ਹਰ ਹਿੱਸੇ ਵਿਚ ਪਹੁੰਚਾਈ ਜਾ ਰਹੀ ਹੈ।

5 ਅਪਰੈਲ 2018 ਨੂੰ ਮੇਰੀਲੈਂਡ ਹੈਲਥ ਡਿਪਾਰਟਮੈਂਟ ਨੇ ਮਤਾ ਪਾਸ ਕਰ ਕੇ ਪੂਰੀ ਦੁਨੀਆ ਨੂੰ ਸੁਚੇਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਜੇ ਭੰਗ ਤੋਂ ਬਣੇ ਸਿੰਥੈਟਿਕ ਨਸ਼ੇ ਨੂੰ ਤੁਰੰਤ ਬੰਦ ਨਾ ਕੀਤਾ ਗਿਆ ਤਾਂ ਢੇਰਾਂ ਦੇ ਢੇਰ ਸੱਥਰ ਵਿਛ ਜਾਣੇ ਹਨ।

6. ਕਰੈਟੋਮ : ਦੱਖਣੀ ਏਸ਼ੀਆ ਵਿਚ ਉੱਗਦੇ ਦਰਖ਼ਤ ਕਰੈਟੋਮ ਦੇ ਪੱਤਿਆਂ ਵਿਚ 'ਮਿਟਰਾਗਾਇਨੀਨ' ਹੁੰਦੀ ਹੈ ਜੋ ਅਫੀਮ ਵਰਗਾ ਨਸ਼ਾ ਕਰ ਦਿੰਦੀ ਹੈ। ਇਸ ਦੇ ਪੱਤਿਆਂ ਨੂੰ ਗੋਲੀਆਂ, ਕੈਪਸੂਲ, ਪਾਊਡਰ ਤੇ ਚਾਹ ਦੀ ਸ਼ਕਲ ਵਿਚ ਵੇਚਿਆ ਜਾਂਦਾ ਹੈ।

ਅਮਰੀਕਾ ਦੇ ਸੈਂਟਰ ਫਾਰ ਡੀਜ਼ੀਜ਼ ਕੰਟਰੋਲ ਐਂਡ ਪ੍ਰੀਵੈਨਸ਼ਨ ਵੱਲੋਂ ਪੂਰੀ ਦੁਨੀਆ ਵਿਚ ਚੇਤਾਵਨੀ ਘੱਲੀ ਗਈ ਹੈ ਕਿ ਇਸ ਵਾਰ ਦੇ ਕਰੈਟੋਮ ਦੇ ਪੱਤਿਆਂ ਦੀ ਚੰਗੀ ਤਰ੍ਹਾਂ ਸਾਫ਼ ਸਫਾਈ ਕੀਤੇ ਬਗ਼ੈਰ ਇਸ ਵਿੱਚੋਂ ਘੱਟ ਖ਼ਰਚੇ ਨਾਲ ਤਿੰਨ ਗੁਣਾ ਕਮਾਈ ਕਰਨ ਦੇ ਚੱਕਰ ਵਿਚ ਜਿਹੜੇ ਪੱਤੇ ਨਸ਼ੇੜੀਆਂ ਕੋਲ ਪਹੁੰਚਾਏ ਜਾ ਰਹੇ ਹਨ, ਉਨ੍ਹਾਂ ਵਿਚ ਸਾਲਮੋਨੈਲਾ ਕੀਟਾਣੂ ਭਰੇ ਪਏ ਹਨ ਜਿਨ੍ਹਾਂ ਨਾਲ ਇੱਕੀ-6 ਤੋਂ 67 ਸਾਲਾਂ ਦੇ ਮਰੀਜ਼ 20 ਸੂਬਿਆਂ ਤੋਂ ਸੀਰੀਅਸ ਹਾਲਤ ਵਿਚ ਦਾਖਲ ਹੋ ਚੁੱਕੇ ਹਨ। ਉਲਟੀਆਂ, ਟੱਟੀਆਂ, ਬੁਖ਼ਾਰ, ਢਿੱਡ ਪੀੜ ਨਾਲ ਦਾਖਲ ਹੋ ਰਹੇ ਮਰੀਜ਼ ਜੇ ਵੇਲੇ ਸਿਰ ਹਸਪਤਾਲ ਨਾ ਦਾਖਲ ਕਰਵਾਏ ਜਾਣ ਤਾਂ ਮੌਤ ਤੱਕ ਹੋ ਸਕਦੀ ਹੈ।

7. ਓਕਸੀਕੋਡੋਨ : ਆਇਓਵਾ ਦੇ ਸਿਹਤ ਵਿਭਾਗ ਨੇ ਆਪਣੇ ਮੁਲਕ ਵਿਚ ਦਾਖਲ ਹੋਏ ਨਸ਼ੇੜੀਆਂ ਕੋਲੋਂ ਬਰਾਮਦ ਹੋਈਆਂ ਓਕਸੀਕੋਡੋਨ ਦੀਆਂ ਗੋਲੀਆਂ ਦੀ ਲੈਬਾਰਟਰੀ ਵਿਚ ਜਾਂਚ ਕਰਵਾਈ ਤਾਂ ਪਤਾ ਲੱਗਿਆ ਕਿ ਪੀੜ ਦੀਆਂ ਗੋਲੀਆਂ ਓਕਸੀਕੋਡੋਨ ਦੀ ਹੂਬਹੂ ਸ਼ਕਲ ਸੂਰਤ ਵਿਚ ਫੈਂਟਾਨਿਲ ਤੇ ਯੂ-47700 ਪਾਇਆ ਹੋਇਆ ਸੀ ਜੋ ਤੇਜ਼ ਨਸ਼ਾ ਹੈ। ਇਸੇ ਲਈ ਉਸ ਦੀ ਓਵਰਡੋਜ਼ ਨਾਲ ਅਨੇਕ ਮੌਤਾਂ ਹੋਣ ਦਾ ਖਦਸ਼ਾ ਹੈ। ਇਸ ਬਾਰੇ ਪਹਿਲਾਂ 18 ਜੁਲਾਈ 2017 ਨੂੰ ਚੇਤਾਵਨੀ ਜਾਰੀ ਕੀਤੀ ਗਈ ਸੀ ਤੇ ਹੁਣ 2018 ਵਿਚ ਦੁਬਾਰਾ ਪੂਰੀ ਦੁਨੀਆ ਨੂੰ ਇਸ ਬਾਰੇ ਚੇਤੰਨ ਕੀਤਾ ਗਿਆ ਹੈ ਕਿ ਜੇ ਕੋਈ ਨੌਜਵਾਨ ਜਾਂ ਬੱਚਾ ਨਸ਼ੇ ਵਿਚ ਧੁੱਤ ਵੇਖਿਆ ਜਾਵੇ ਤਾਂ ਉਸ ਨੂੰ ਤੁਰੰਤ ਹਸਪਤਾਲ ਪਹੁੰਚਾ ਦੇਣਾ ਚਾਹੀਦਾ ਹੈ ਨਹੀਂ ਤਾਂ ਉਸ ਦੀ ਮੌਤ ਹੋ ਸਕਦੀ ਹੈ।

ਪੂਰੀ ਦੁਨੀਆ ਵਿਚ ਇਨ੍ਹਾਂ ਹਦਾਇਤਾਂ ਦਾ ਪਾਲਣ ਕੀਤਾ ਜਾਣ ਲੱਗ ਪਿਆ ਹੈ ਪਰ ਭਾਰਤ ਵਿਚ ਤੇ ਖ਼ਾਸ ਕਰ ਪੰਜਾਬ ਵਿਚ ਅਜਿਹੇ ਨਸ਼ੇੜੀਆਂ ਨੂੰ ਮਜ਼ਾਕ ਦਾ ਪਾਤਰ ਬਣਾ ਕੇ, ਵੀਡੀਓ ਖਿਚ ਕੇ ਸਿਰਫ਼ ਤਮਾਸ਼ਾ ਬਣਾਉਣ ਤਕ ਸੀਮਤ ਕਰ ਦਿੱਤਾ ਗਿਆ ਹੈ ਤੇ ਨਤੀਜਾ ਹੈ ਧੜਾਧੜ ਹੋ ਰਹੀਆਂ ਮੌਤਾਂ!

8. ਪੀਲੀਆਂ ਪੀੜ ਦੀਆਂ ਗੋਲੀਆਂ : ਅਫੀਮ ਤੋਂ ਬਣਾਈਆਂ ਪੀੜ ਘਟਾਉਣ ਦੀਆਂ ਇਨ੍ਹਾਂ ਗੋਲੀਆਂ ਦੀ ਵਰਤੋਂ ਨਾਲ ਜੂਨ-2017 ਵਿਚ ਜੌਰਜੀਆ ਵਿਚ ਅਨੇਕ ਨਸ਼ੇੜੀ ਹਸਪਤਾਲ ਦਾਖ਼ਲ ਹੋਏ ਤਾਂ ਪਤਾ ਲੱਗਿਆ ਕਿ ਇਨ੍ਹਾਂ ਗੋਲੀਆਂ ਵਿਚ ਦੋ ਨਵੇਂ ਤਰ੍ਹਾਂ ਦੇ ਨਸ਼ੇ ਮਿਲਾ ਦਿੱਤੇ ਗਏ ਹਨ-ਐਕਰਿਲ ਫੈਂਟਾਨਿਲ, ਟੈਟਰਾਹਾਈਡਰੋ ਫਿਊਰਨ ਫੈਂਟਾਨਿਲ। ਇਹ ਦੋਵੇਂ ਚਮੜੀ ਰਾਹੀਂ ਵੀ ਜਜ਼ਬ ਹੋ ਜਾਂਦੇ ਹਨ ਤੇ ਬਹੁਤ ਖ਼ਤਰਨਾਕ ਹਨ। ਇਹ ਇਨਸਾਨੀ ਵਰਤੋਂ ਲਈ ਅਤਿ ਦੇ ਜ਼ਹਿਰੀਲੇ ਤੇ ਜਾਨਲੇਵਾ ਮੰਨੇ ਗਏ ਹਨ। ਇਸ ਦੀ ਲੋੜੋਂ ਵੱਧ ਵਰਤੋਂ ਤੋਂ ਬਚਾਉਣ ਲਈ ਐਂਟੀਡੋਜ਼ 'ਨੈਲੋਕਸੋਨ' ਦਵਾਈ ਅਸਰਦਾਰ ਨਹੀਂ ਹੈ। ਇਸੇ ਲਈ ਇਹ ਜਾਨਲੇਵਾ ਸਾਬਤ ਹੋ ਰਹੀ ਹੈ। ਐਲਬੈਨੀ ਤੇ ਸੈਂਟਰਵਿਲੇ ਸਮੇਤ ਕਈ ਸੂਬਿਆਂ ਵਿਚ ਢੇਰਾਂ ਦੇ ਢੇਰ ਨਸ਼ੇੜੀ ਇਨ੍ਹਾਂ ਗੋਲੀਆਂ ਦੀ ਵਰਤੋਂ ਨਾਲ ਦਾਖਲ ਕੀਤੇ ਗਏ ਤੇ ਜਿਹੜੇ ਵੇਲੇ ਸਿਰ ਹਸਪਤਾਲ ਨਾ ਪੁੱਜ ਸਕੇ, ਉਨ੍ਹਾਂ ਵਿੱਚੋਂ ਬਥੇਰਿਆਂ ਦੀ ਮੌਤ ਵੀ ਹੋ ਗਈ।



ਹੁਣ ਸੰਨ 2018 ਵਿਚ ਪੂਰੀ ਦੁਨੀਆ ਵਿਚ 'ਐਲਰਟ' ਜਾਰੀ ਕਰ ਦਿੱਤਾ ਗਿਆ ਹੈ ਕਿ ਇਨ੍ਹਾਂ ਦੀ ਵਰਤੋਂ ਜਾਨਲੇਵਾ ਹੈ। ਗਲਤੀ ਨਾਲ ਜਿਹੜੇ ਨਸ਼ੇੜੀ ਇਨ੍ਹਾਂ ਦੀ ਵਰਤੋਂ ਕਰ ਚੁੱਕੇ ਹਨ, ਉਨ੍ਹਾਂ ਨੂੰ ਬਚਾਉਣਾ ਸਾਡਾ ਫਰਜ਼ ਹੈ ਤੇ ਅਜਿਹੀਆਂ ਗੋਲੀਆਂ ਉੱਤੇ 'ਸੰਪੂਰਨ ਬੈਨ' ਲਗ ਜਾਣਾ ਚਾਹੀਦਾ ਹੈ।

ਇਹ ਵੀ ਕਿਹਾ ਗਿਆ ਕਿ ਜੇ ਪੀਲੀਆਂ ਗੋਲੀਆਂ ਨਹੀਂ ਰੋਕੀਆਂ ਗਈਆਂ ਤਾਂ ਕਈ ਮੁਲਕਾਂ ਵਿਚ ਸੱਥਰ ਵਿਛ ਜਾਣਗੇ। ਕੁਝ ਸੰਸਥਾਵਾਂ ਵੱਲੋਂ ਇਹ ਵੀ ਮੰਗ ਕੀਤੀ ਗਈ ਹੈ ਕਿ ਅਫ਼ੀਮ ਦੀ ਖੇਤੀ ਉੱਤੇ ਹੀ ਸੰਪੂਰਨ ਰੋਕ ਲੱਗ ਜਾਣੀ ਚਾਹੀਦੀ ਹੈ।

9. ਕੋਕੀਨ ਵਿਚ ਫੈਂਟਾਨਿਲ : ਨਿਊਯਾਰਕ ਸਿਹਤ ਵਿਭਾਗ ਲਗਾਤਾਰ ਜੂਨ-2017 ਤੋਂ 'ਵਾਰਨਿੰਗ' ਤੇ 'ਐਲਰਟ' ਜਾਰੀ ਕਰ ਚੁੱਕਿਆ ਹੈ ਕਿ ਹੁਣ ਕੋਕੀਨ ਵਿਚ ਫੈਂਟਾਨਿਲ ਮਿਲਿਆ ਨਸ਼ਾ ਦੁਨੀਆ ਭਰ ਵਿਚ ਵੇਚਿਆ ਜਾ ਰਿਹਾ ਹੈ। ਪਹਿਲਾਂ ਫੈਂਟਾਨਿਲ ਹੈਰੋਇਨ ਵਿਚ ਪਾ ਕੇ ਵੇਚੀ ਜਾ ਰਹੀ ਸੀ ਜਿਸ ਨਾਲ ਅਣਗਿਣਤ ਮੌਤਾਂ ਹੋ ਗਈਆਂ ਤੇ ਬਣਾਉਣ ਵਾਲਿਆਂ ਲਈ ਸਖ਼ਤ ਸਜ਼ਾਵਾਂ ਵੀ ਨਿਰਧਾਰਤ ਕਰ ਦਿੱਤੀਆਂ ਗਈਆਂ। ਸਖ਼ਤੀ ਕਾਰਨ ਨਸ਼ਾ ਬਣਾਉਣ ਤੇ ਵੇਚਣ ਵਾਲਿਆਂ ਨੇ ਹੈਰੋਇਨ ਦੀ ਥਾਂ ਕੋਕੀਨ ਵਿਚ ਫੈਂਟਾਨਿਲ ਮਿਲਾਉਣੀ ਸ਼ੁਰੂ ਕਰ ਦਿੱਤੀ ਹੋਈ ਹੈ। ਸੰਨ 2016 ਵਿਚਲੀਆਂ 37 ਫੀਸਦੀ ਮੌਤਾਂ ਫੈਂਟਾਨਿਲ ਸਦਕਾ ਹੋਈਆਂ ਸਨ ਤੇ ਨਸ਼ਾ ਵੇਚਣ ਵਾਲਿਆਂ ਨੂੰ ਉਮਰ ਕੈਦ ਵੀ ਦਿੱਤੀ ਗਈ ਸੀ। ਸੰਨ 2015 ਨਾਲੋਂ ਸੰਨ 2016 ਵਿਚ ਇਹ ਵਾਧਾ 11 ਫੀਸਦੀ ਹੋਇਆ ਸੀ ਜਦਕਿ ਹੁਣ 52 ਫੀਸਦੀ ਹੋ ਚੁੱਕਿਆ ਹੈ। ਨਿਊਯਾਰਕ ਵਿਚ ਸੰਨ 2017 ਵਿਚ 1300 ਮੌਤਾਂ ਫੈਂਟਾਨਿਲ ਵਾਲੀ ਕੋਕੀਨ ਨਾਲ ਹੋਈਆਂ ਜੋ ਗਿਣਤੀ 44 ਫੀਸਦੀ ਤਕ ਪਹੁੰਚ ਗਈ ਦੱਸੀ ਸੀ। ਉੱਥੇ ਸਖ਼ਤਾਈ ਹੋਣ ਬਾਅਦ ਹੁਣ ਇਹ ਨਸ਼ਾ ਦੁਨੀਆ ਦੇ ਬਾਕੀ ਹਿੱਸਿਆਂ ਵੱਲ ਧੱਕ ਦਿੱਤਾ ਗਿਆ ਹੈ।

ਸੰਨ 2018 ਵਿਚ ਹੁਣ ਚੇਤਾਵਨੀ ਜਾਰੀ ਕੀਤੀ ਗਈ ਹੈ ਕਿ ਫੈਂਟਾਨਿਲ ਨੂੰ ਹੈਰੋਇਨ, ਕੈਟਾਮੀਨ ਤੇ ਮੀਥਾਈਲ ਐਮਫੈਟਾਮੀਨ ਵਿਚ ਵੀ ਮਿਲਾ ਦਿੱਤਾ ਗਿਆ ਹੈ। ਇਸੇ ਲਈ ਜੇ ਤੁਰੰਤ ਨਸ਼ੇ ਦੇ ਵਪਾਰੀਆਂ ਨੂੰ ਨੱਥ ਨਾ ਪਾਈ ਗਈ ਤਾਂ ਨੌਜਵਾਨ ਮੌਤਾਂ ਦੇ ਢੇਰ ਲੱਗ ਜਾਣੇ ਹਨ।

**10. ਸਿੰਥੈਟਿਕ ਅਫੀਮ** : 'ਗਰੇ ਡੈੱਥ' ਨਾਂ ਹੇਠ ਵਿਕ ਰਹੀ ਸਿੰਥੈਟਿਕ ਅਫੀਮ ਛੋਟੇ ਜਿਹੇ ਪੱਥਰ ਜਾਂ ਪਾਊਡਰ ਦੀ ਸ਼ਕਲ ਵਿਚ ਮਿਲਦੀ ਹੈ। ਇਹ ਹੈਰੋਇਨ ਤੋਂ ਕਈ ਗੁਣਾ ਜ਼ਿਆਦਾ ਅਸਰ ਵਿਖਾਉਂਦੀ ਹੈ। ਅਫਗਾਨਿਸਤਾਨ ਵਿਚ ਇਸ ਵਿਚ ਕਈ ਤਰ੍ਹਾਂ ਦੇ ਰਲੇਵੇਂ ਕੀਤੇ ਜਾਂਦੇ ਹਨ। ਵੱਖੋ-ਵੱਖ ਵਪਾਰੀ ਇਸ ਵਿਚ ਵੱਖ-ਵੱਖ ਤਰ੍ਹਾਂ ਦੀਆਂ ਚੀਜ਼ਾਂ ਰਲਾ ਦਿੰਦੇ ਹਨ ਜਿਸ ਨਾਲ ਅਲੱਗ ਤਰ੍ਹਾਂ ਦਾ ਨਸ਼ਾ ਚੜ੍ਹੇ। ਇਹ ਟੀਕਿਆਂ ਰਾਹੀਂ, ਗੋਲੀ, ਸੁੰਘਣ ਵਾਲਾ ਪਾਊਡਰ ਜਾਂ ਸਿਗਰਟ ਵਿਚ ਪਾ ਕੇ ਲਿਆ ਜਾਂਦਾ ਹੈ। ਹੁਣ ਤੱਕ ਲੈਬਾਰਟਰੀਆਂ ਵਿਚ ਤਿੰਨ ਕਿਸਮ ਦੇ ਰਲੇਵੇਂ ਲੱਭੇ ਜਾ ਚੁੱਕੇ ਹਨ-ਯੂ 47700, ਹੈਰੋਇਨ ਤੇ ਫੈਂਟਾਨਿਲ। ਇਸ ਦੀ ਵਰਤੋਂ ਨਾਲ ਹੋਈਆਂ ਮੌਤਾਂ ਨੇ ਪਿਛਲੇ ਸਾਰੇ ਰਿਕਾਰਡਾਂ ਨੂੰ ਮਾਤ ਪਾ ਦਿੱਤੀ ਹੈ।

11. ਗੁਲਾਬੋ : ਗੁਲਾਬੀ ਜਾਂ ਗੁਲਾਬੋ ਦੇ ਨਾਂ ਨਾਲ ਮਸ਼ਹੂਰ ਨਸ਼ੇ ਨਾਲ ਸੰਨ 2016 ਵਿਚ ਅਮਰੀਕਾ ਵਿਚ 50 ਮੌਤਾਂ ਹੋਈਆਂ। ਬੈਨ ਲੱਗ ਜਾਣ ਬਾਅਦ ਇਹ ਨਸ਼ਾ ਹੁਣ ਦੁਨੀਆ ਦੇ ਬਾਕੀ ਹਿੱਸਿਆਂ ਵਿਚ ਵੇਚਿਆ ਜਾਣ ਲੱਗ ਪਿਆ ਹੈ।

ਸੰਨ 2017 ਵਿਚ ਨਿਊਯਾਰਕ ਵਿਚ 31 ਤੇ ਨਾਰਥ ਕੈਰੋਲੀਨਾ ਵਿਚ 10 ਨੌਜਵਾਨ ਮੌਤਾਂ ਇਸੇ ਨਸ਼ੇ ਕਰ ਕੇ ਹੋਈਆਂ। ਪਾਊਡਰ ਤੇ ਗੋਲੀਆਂ ਦੀ ਸ਼ਕਲ ਵਿਚ ਵੇਚਿਆ ਜਾ ਰਿਹਾ ਇਹ ਨਸ਼ਾ ਬਿਲਕੁਲ ਸਿਰ ਪੀੜ ਦੀ ਦਵਾਈ ਨਾਲ ਮਿਲਦਾ ਜੁਲਦਾ ਹੈ। ਦਵਾਈ ਦੇ ਤੌਰ ਉੱਤੇ ਵਰਤੀ ਜਾਂਦੀ ਅਫ਼ੀਮ ਦੀ ਸ਼ਕਲ ਬਣਾ ਕੇ ਹੁਣ ਇਹ ਬਜ਼ਾਰ ਵਿਚ ਵੇਚਿਆ ਜਾ ਰਿਹਾ ਹੈ। ਓਕਸੀਕੋਡੋਨ ਵਰਗੀ ਸ਼ਕਲ ਬਣਾ ਕੇ ਦਵਾਈਆਂ ਦੀਆਂ ਦੁਕਾਨਾਂ ਉੱਤੇ ਵੀ ਰਖਵਾ ਦਿੱਤਾ ਗਿਆ ਹੈ।

ਗੁਲਾਬੋ ਮੌਰਫ਼ੀਨ ਤੋਂ ਪੰਜਾਹ ਗੁਣਾ ਵੱਧ ਨਸ਼ਾ ਕਰਦੀ ਹੈ। ਚੀਨ ਵਿੱਚੋਂ ਅਮਰੀਕਾ ਵਿਚ ਪਹੁੰਚਾਇਆ ਜਾ ਰਿਹਾ ਨਸ਼ਾ ਹੁਣ ਹੈਰੋਇਨ ਤੇ ਫੈਂਟਾਨਿਲ ਮਿਲਾ ਕੇ ਵੇਚਿਆ ਜਾਣ ਲੱਗ ਪਿਆ ਹੈ ਜਿਸ ਸਦਕਾ ਮੌਤਾਂ ਵਿਚ ਵਾਧਾ ਹੋ ਗਿਆ ਹੈ।

ਇਸ ਦਾ ਨਾਂ ਪਾਊਡਰ ਦੇ ਗੁਲਾਬੀ ਰੰਗ ਸਦਕਾ ਪੈ ਚੁੱਕਿਆ ਹੈ। ਇੰਟਰਨੈੱਟ ਉੱਤੇ ਇਸ ਨੂੰ "ਖੋਜ ਆਧਾਰਿਤ ਕੈਮੀਕਲ" ਨਾਂ ਹੇਠ ਵੀ ਵੇਚਿਆ ਜਾ ਰਿਹਾ ਹੈ।

**12.ਕਾਰਫੈਂਟਾਨਿਲ** : ਡਰੱਗ ਐਨਫੋਰਸਮੈਂਟ ਐਡਮਿਨਿਸਟਰੇਸ਼ਨ ਵੱਲੋਂ ਜਾਰੀ ਕੀਤੀ ਚੇਤਾਵਨੀ ਸਪਸ਼ਟ ਕਰਦੀ ਹੈ ਕਿ ਇਹ ਨਸ਼ਾ ਮਨੁੱਖੀ ਵਰਤੋਂ ਲਈ ਨਹੀਂ ਹੈ। ਇਹ ਹੁਣ ਤੱਕ ਦਾ ਸਭ ਤੋਂ ਵੱਧ ਖ਼ਤਰਨਾਕ ਨਸ਼ਾ ਸਾਬਤ ਹੋ ਚੁੱਕਿਆ ਹੈ। ਮੌਰਫੀਨ ਨਾਲੋਂ 10,000 ਗੁਣਾ ਵਧ ਤੇਜ਼ ਇਸ ਨਸ਼ੇ ਦੀ ਵਰਤੋਂ ਨਾਲ ਦੁਨੀਆ ਭਰ ਵਿਚ ਅਨੇਕ ਮੌਤਾਂ ਹੋ ਚੁੱਕੀਆਂ ਹਨ। ਕਾਰਫੈਂਟਾਨਿਲ ਸਿਰਫ਼ ਜਾਨਵਰਾਂ, ਖਾਸ ਕਰ ਹਾਥੀਆਂ ਨੂੰ ਬੇਹੋਸ਼ ਕਰਨ ਲਈ ਵਰਤਿਆ ਜਾਂਦਾ ਹੈ।

ਫਲੋਰੀਡਾ ਦੇ ਮੈਡੀਕਲ ਰੀਸਰਚ ਲੈਬਾਰਟਰੀ ਨੇ 'ਵਾਰਨਿੰਗ' ਜਾਰੀ ਕਰਦਿਆਂ ਦੱਸਿਆ ਹੈ ਕਿ ਨਸ਼ੇ ਦੇ ਵਪਾਰੀਆਂ ਨੇ ਕਾਰਫੈਂਟਾਨਿਲ ਵਿਚ ਹੈਰੋਇਨ ਤੇ ਅਫੀਮ ਮਿਲਾ ਕੇ ਨਸ਼ੇੜੀਆਂ ਨੂੰ ਸੜਕਾਂ ਉੱਤੇ ਵੇਚਣਾ ਸ਼ੁਰੂ ਕਰ ਦਿੱਤਾ ਹੈ।

13. ਫੈਂਟਾਨਿਲ ਵਿਚਲੀ ਮਿਲਾਵਟ : ਹੈਲਥ ਐਲਰਟ ਨੈੱਟਵਰਕ ਰਾਹੀਂ ਇਹ ਜਾਣਕਾਰੀ ਦੁਨੀਆ ਭਰ ਵਿਚ ਪਹੁੰਚਾਈ ਗਈ ਹੈ ਕਿ ਫੈਂਟਾਨਿਲ, ਜੋ ਬੇਹੋਸ਼ੀ ਦੀ ਦਵਾਈ ਹੈ ਅਤੇ ਹੈਰੋਇਨ ਤੋਂ 50 ਗੁਣਾ ਤੇਜ਼ ਹੈ, ਵਿਚ ਹੈਰੋਇਨ ਮਿਲਾ ਕੇ ਇੰਡੀਆਨਾ, ਓਹੀਓ ਤੇ ਭਾਰਤ ਵਿਚ ਵੇਚੀ ਜਾ ਰਹੀ ਹੈ।

ਓਕਸੀਕੋਨਟਿਨ, ਜ਼ੈਨੇਕਸ, ਨੌਰਕੋ ਦੇ ਨਾਂ ਹੇਠ ਇਹ ਗੋਲੀਆਂ ਧੜਾਧੜ ਵਿਕ ਰਹੀਆਂ ਹਨ ਤੇ ਅਨੇਕ ਮੌਤਾਂ ਦਾ ਕਾਰਨ ਬਣਦੀਆਂ ਜਾ ਰਹੀਆਂ ਹਨ।

ਫੈਂਟਾਨਿਲ ਨਾਲ ਖ਼ੁਰਕ, ਜੀਅ ਕੱਚਾ, ਉਲਟੀ, ਸਾਹ ਦਾ ਰੁਕਣਾ, ਮੌਤ ਹੋਣੀ ਵੇਖੇ ਗਏ ਹਨ। ਜੇ ਇਸ ਵਿਚ ਹੋਰ ਨਸ਼ਿਆਂ ਦੀ ਮਿਲਾਵਟ ਹੋ ਜਾਏ ਤਾਂ ਓਵਰਡੋਜ਼ ਨਾਲ ਮੌਤ ਲਗਭਗ ਯਕੀਨੀ ਹੋ ਜਾਂਦੀ ਹੈ।

ਇਸ ਨਾਲ ਮੂੰਹ ਵਿੱਚੋਂ ਝੱਗ ਨਿਕਲਣੀ ਤੇ ਦੌਰੇ ਪੈਂਦੇ ਵੀ ਵੇਖੇ ਗਏ ਹਨ। ਆਮ ਦਵਾਈਆਂ ਦੀਆਂ ਦੁਕਾਨਾਂ ਉੱਤੇ ਫੈਂਟਾਨਿਲ ਨੂੰ ਪੀੜ ਘਟਾਉਣ ਦੀ ਦਵਾਈ ਕਹਿ ਕੇ ਜਾਂ ਸੌਣ ਦੀ ਦਵਾਈ ਕਹਿ ਕੇ ਵੇਚਿਆ ਜਾ ਰਿਹਾ ਹੈ।

ਭੰਗ ਤੇ ਅਫੀਮ ਵਿਚ ਅਜਕਲ ਏਨੀ ਮਿਲਾਵਟ ਵੇਖਣ ਨੂੰ ਮਿਲ ਰਹੀ ਹੈ ਜੋ ਪੋਸਟ ਮਾਰਟਮ ਰਿਪੋਰਟਾਂ ਰਾਹੀਂ ਸਾਹਮਣੇ ਆ ਰਹੀ ਹੈ। ਮੈਰੀਯੂਆਨਾ ਨੂੰ ਵੇਚਣ ਲਈ ਵਰਤੇ ਜਾਂਦੇ ਨਾਂ ਹਨ-ਏ.ਕੇ.47, ਗੀਕਡ ਅੱਪ, ਰੈੱਡ ਜਾਇੰਟ, ਬੈਡ ਗਾਏ, ਟਰਿਪੀ, ਆਈਸ ਡਰੈਗਨ, ਕਿੱਕ, ਫੇਕ ਵੀਡ, ਹਰਬਲ ਖ਼ੁਸ਼ਬੋ, ਆਦਿ।

14. ਲੋਪੈਰਾਮਾਈਡ : ਟੱਟੀਆਂ ਰੋਕਣ ਲਈ ਵਰਤੀ ਜਾਂਦੀ ਇਹ ਦਵਾਈ ਆਈਮੋਡੀਅਮ, ਮਾਲੋਕਸ, ਕੇਓਪੈਕਟੇਟ ਨਾਂ ਹੇਠ ਦਵਾਈਆਂ ਦੀਆਂ ਦੁਕਾਨਾਂ ਤੋਂ ਆਮ ਹੀ ਖ਼ਰੀਦ ਕੇ ਵਰਤੀ ਜਾਂਦੀ ਹੈ। ਨੀਮ ਹਕੀਮ ਤੇ ਪਿੰਡਾਂ ਵਿਚ ਬੈਠੇ ਝੋਲਾ ਛਾਪ ਡਾਕਟਰ ਇਸ ਦਵਾਈ ਦੀ ਵਰਤੋਂ ਸੈਂਕੜਿਆਂ ਦੀ ਗਿਣਤੀ ਵਿਚ ਹਰ ਮਹੀਨੇ ਧੜਾਧੜ ਕਰ ਰਹੇ ਹਨ। ਗੋਲੀ, ਕੈਪਸੂਲ ਤੇ ਪੀਣ ਦੀ ਦਵਾਈ ਦੀ ਸ਼ਕਲ ਵਿਚ ਇਹ ਮਿਲਦੀ ਹੈ।

ਨਸ਼ਾ ਕਰਨ ਵਾਲੇ ਇਸ ਦੀ ਚਾਰ ਗੁਣਾ ਮਾਤਰਾ ਵਰਤ ਕੇ 'ਹਾਈ' ਮਹਿਸੂਸ ਕਰ ਲੈਂਦੇ ਹਨ। ਇਸੇ ਲਈ ਇਸ ਦਾ ਨਾਂ ਆਮ ਤੌਰ ਉੱਤੇ 'ਹਵਾ ਹਵਾਈ' ਹੀ ਕਹਿ ਕੇ ਹੋਸਟਲਾਂ ਦੇ ਬੱਚੇ ਵਰਤ ਰਹੇ ਹਨ।

ਵਾਧੂ ਮਾਤਰਾ ਵਿਚ ਵਰਤਣ ਨਾਲ ਬੇਹੋਸ਼ੀ, ਕਬਜ਼, ਢਿੱਡ ਪੀੜ, ਧੜਕਣ ਵਧਣੀ, ਦਿਲ ਦਾ ਧੜਕਣਾ ਰੁਕ ਜਾਣਾ, ਪੁਤਲੀ ਦਾ ਫੈਲਣਾ, ਗੁਰਦੇ ਫੇਲ੍ਹ ਹੋਣੇ, ਪਿਸ਼ਾਬ ਬੰਦ ਹੋ ਜਾਣਾ, ਘਬਰਾਹਟ, ਉਲਟੀਆਂ ਆਦਿ ਵੇਖਣ ਵਿਚ ਆਉਂਦੇ ਹਨ।

ਇਸ ਦਾ ਨਸ਼ਾ ਕਰਨ ਵਾਲੇ ਨੂੰ ਜੇ ਦਵਾਈ ਨਾ ਮਿਲੇ ਤਾਂ ਬਹੁਤ ਜ਼ਿਆਦਾ ਟੱਟੀਆਂ ਲੱਗ ਸਕਦੀਆਂ ਹਨ ਤੇ ਘਬਰਾਹਟ ਨਾਲ ਤ੍ਰੇਲੀਆਂ ਵੀ ਆ ਸਕਦੀਆਂ ਹਨ ਅਤੇ ਜਾਨ ਨੂੰ ਖ਼ਤਰਾ ਵੀ ਹੋ ਜਾਂਦਾ ਹੈ।

15. ਓਪਾਨਾ ਅਤੇ ਏਡਜ਼ : ਇੰਡੀਆਨਾ ਵਿਚ ਏਡਜ਼ ਦੇ ਮਰੀਜ਼ਾਂ ਵਿਚ ਸਾਲ 2015 ਵਿਚ ਇਕਦਮ ਹੋਏ ਵਾਧੇ ਸਦਕਾ ਖੋਜ ਕਰਦਿਆਂ ਇਹ ਪਤਾ ਲੱਗਿਆ ਕਿ ਪੀੜ ਘਟਾਉਣ ਵਾਲੀ ਤੇਜ਼ ਦਵਾਈ ਓਪਾਨਾ ਨੂੰ ਨਸਾਂ ਵਿਚ ਲਾਉਣ ਲਈ ਸਾਂਝੀ ਵਰਤੀ ਸੂਈ ਸਦਕਾ ਅਜਿਹਾ ਹੋਇਆ ਸੀ।

16. ਮੋਜੋ, ਕਲਾਊਡ 9, ਭੰਗ ਮਿਸ਼ਰਣ : ਇਨ੍ਹਾਂ ਨੂੰ 'ਡੀਜ਼ਾਈਨਰ ਡਰੱਗਸ' ਨਾਂ ਦਿੱਤਾ ਗਿਆ ਹੈ। 'ਸਿੰਥੈਟਿਕ ਪੌਟ' ਜਾਂ 'ਸਿੰਥੈਟਿਕ ਮੈਰੀਯੂਆਨਾ' ਦੇ ਨਾਂ ਹੇਠ ਵਿਕਣ ਵਾਲੇ ਨਸ਼ੇ ਕਈ ਵਾਰ 'ਸਕੂਬੀ ਸਨੈਕਸ', 'ਕਰਾਊਨ', 'ਰਿਲੈਕਸ' ਕਹਿ ਕੇ ਹੁੱਕਾ ਪੈੱਨ, ਈ-ਸਿਗਰਟ ਜਾਂ ਅੱਖਾਂ ਵਿਚ ਪਾਉਣ ਵਾਲੇ ਆਈ ਡਰਾਪਸ ਦੀ ਸ਼ਕਲ ਵਿਚ ਵੇਚੇ ਜਾਂਦੇ ਹਨ।

ਇਹ ਨਸ਼ਾ ਇਸ ਲਈ 'ਬੈਨ' ਕੀਤਾ ਗਿਆ ਕਿਉਂਕਿ ਇਸ ਨਾਲ ਬਹੁਤ ਜ਼ਿਆਦਾ ਘਬਰਾਹਟ, ਲੜਾਈ, ਮਾਰ ਕੁਟਾਈ, ਕਤਲ ਕਰਨਾ, ਧੜਕਣ ਦਾ ਵਧਣਾ, ਬਲੱਡ ਪ੍ਰੈਸ਼ਰ ਵਧਣਾ, ਉਲਟੀਆਂ, ਪੱਠਿਆਂ ਵਿਚ ਖਿੱਚ, ਦੌਰੇ ਪੈਣੇ, ਖ਼ੁਦਕੁਸ਼ੀ ਕਰਨੀ, ਮਨੋ-ਭਰਮ ਪਾਲਣਾ, ਹਮਲਾ ਕਰਨਾ, ਮਨੋਰੋਗੀ ਹੋਣਾ, ਮਾੜੇ ਸੁਫ਼ਨੇ ਆਉਣੇ ਆਦਿ ਅਨੇਕ ਮਾੜੇ ਲੱਛਣ ਦਿਸਣ ਲੱਗ ਪਏ ਸਨ ਤੇ ਜੁਰਮ ਵਿਚ ਕਈ ਗੁਣਾਂ ਵਾਧਾ ਹੋ ਗਿਆ ਸੀ।

ਨਸ਼ੇ ਦੀ ਲਤ ਚਾਲੂ ਰੱਖਣ ਲਈ ਲੁੱਟਾਂ-ਖੋਹਾਂ, ਕਤਲ ਤੇ ਆਪਸੀ ਤਅੱਲੁਕਾਤ ਬਹੁਤ ਜ਼ਿਆਦਾ ਵਿਗੜਨ ਦੇ ਕੇਸ ਸਾਹਮਣੇ ਆਉਣ ਲੱਗ ਪਏ ਸਨ। ਵਿਆਹੁਤਾ ਰਿਸ਼ਤੇ ਤਿੜਕ ਰਹੇ ਸਨ ਤੇ ਮੌਤਾਂ ਦੀ ਗਿਣਤੀ ਵੀ ਵਧ ਰਹੀ ਸੀ। ਇਸੇ ਲਈ ਸੰਨ 2018 ਵਿਚ ਇਨ੍ਹਾਂ ਨਸ਼ਿਆਂ ਬਾਰੇ ਵੀ ਚੇਤਾਵਨੀ ਜਾਰੀ ਕਰ ਦਿੱਤੀ ਗਈ ਹੈ।

ਇਹ ਸਭ ਚੇਤਾਵਨੀਆਂ ਇਸ ਲਈ ਵਿਸ਼ਵ ਪੱਧਰ ਉੱਤੇ ਜਾਰੀ ਕਰਨੀਆਂ ਪਈਆਂ ਕਿਉਂਕਿ ਕਈ ਹਜ਼ਾਰ-ਖਰਬਾਂ ਦਾ ਨਸ਼ਿਆਂ ਦਾ ਕਾਰੋਬਾਰ ਪੂਰੀ ਦੁਨੀਆ ਦੇ ਨੌਜਵਾਨਾਂ ਨੂੰ ਆਪਣਾ ਸ਼ਿਕਾਰ ਬਣਾ ਰਿਹਾ ਹੈ। ਸਿਰਫ਼ ਨੌਜਵਾਨ ਹੀ ਨਹੀਂ, ਉਨ੍ਹਾਂ ਦੇ ਟੱਬਰਾਂ ਦੇ ਜੀਅ ਅਤੇ ਆਲੇ ਦੁਆਲੇ ਵੱਸਦੇ ਆਮ ਬੇਦੋਸ਼ੇ ਲੋਕ ਜੋ ਸਿਰਫ਼ ਪੈਸੇ ਦੀ ਲੋੜ ਸਦਕਾ ਲੁੱਟਾਂ-ਖੋਹਾਂ ਦਾ ਸ਼ਿਕਾਰ ਹੋ ਕੇ ਜਾਨ ਤੋਂ ਹੱਥ ਧੋ ਰਹੇ ਹਨ। ਨਾਬਾਲਗ ਬੱਚੀਆਂ ਇਨ੍ਹਾਂ ਸਦਕਾ ਬਲਾਤਕਾਰ ਦਾ ਸ਼ਿਕਾਰ ਹੋ ਰਹੀਆਂ ਹਨ ਤੇ ਇਕੱਲੇ ਰਹਿੰਦੇ ਬਜ਼ੁਰਗ ਪੈਸੇ ਕਰਕੇ ਕਤਲ ਕੀਤੇ ਜਾ ਰਹੇ ਹਨ ਤੇ ਪੂਰਾ ਸਮਾਜ ਗੰਧਲਾ ਹੋਣ ਦੇ ਡਰੋਂ ਹੀ ਇਹ ਜਾਣਕਾਰੀ ਦੇਣ ਦੀ ਲੋੜ ਪਈ ਹੈ। ਇਸ ਕਾਰੋਬਾਰ ਵਿਚ ਸ਼ਾਮਲ ਲੋਕਾਂ ਦੇ ਉੱਚ ਪੱਧਰੀ ਤਅੱਲੁਕ ਹੀ ਇਸ ਕਾਰੋਬਾਰ ਨੂੰ ਕਿਸੇ ਪਾਸਿਓਂ ਘਟਣ ਨਹੀਂ ਦੇ ਰਹੇ ਤੇ ਨੌਜਵਾਨਾਂ ਨੂੰ ਲਗਾਤਾਰ ਆਪਣਾ ਸ਼ਿਕਾਰ ਬਣਾਈ ਜਾ ਰਹੇ ਹਨ। ਇਹ ਖਦਸ਼ਾ ਵਿਸ਼ਵ ਸਿਹਤ ਸੰਗਠਨ ਵੱਲੋਂ ਕੀਤਾ ਜਾ ਰਿਹਾ ਹੈ ਕਿ ਜੇ ਭੰਗ ਦੀ ਖੇਤੀ ਆਮ ਹੋ ਗਈ ਤਾਂ ਮਿਲਾਵਟ ਕਰਨ ਵਾਲਿਆਂ ਦੀ ਪੌਂ ਬਾਰਾਂ ਹੋ ਜਾਣੀ ਹੈ ਤੇ ਨੌਜਵਾਨਾਂ ਦੀਆਂ ਲਾਸ਼ਾਂ ਦੀ ਗਿਣਤੀ ਕਰਨੀ ਔਖੀ ਹੋ ਜਾਣੀ ਹੈ।

# ਪੰਜਵਾਂ ਪਿਆਰਾ

## ਭਾਈ ਸਾਹਿਬ ਸਿੰਘ

**ਜੱਗਾ ਸਿੰਘ ਆਦਮਕੇ**
(ਸੰਪਰਕ: 94178-32908)

ਗੁਰੂ ਗੋਬਿੰਦ ਸਿੰਘ ਦੁਆਰਾ 1699 ਈ. ਦੀ ਵਿਸਾਖੀ ਵਾਲੇ ਦਿਨ ਪੰਜ ਪਿਆਰਿਆਂ ਵਿੱਚੋਂ ਪੰਜਵਾਂ ਪਿਆਰਾ ਭਾਈ ਸਾਹਿਬ ਸਿੰਘ ਹੈ। ਭਾਈ ਸਾਹਿਬ ਸਿੰਘ, ਜਿਸ ਦਾ ਮੁੱਢਲਾ ਨਾਂ ਸਾਹਿਬ ਚੰਦ ਸੀ, ਦੇ ਜਨਮ ਸਥਾਨ ਅਤੇ ਮਾਤਾ ਪਿਤਾ ਦੇ ਨਾਵਾਂ ਸਬੰਧੀ ਮਤ-ਭੇਦ ਹਨ। ਮਹਾਨ ਕੋਸ਼ ਦੇ ਅਨੁਸਾਰ ਭਾਈ ਸਾਹਿਬ ਸਿੰਘ ਦਾ ਜਨਮ ਨੰਗਲ ਸ਼ਹੀਦਾਂ, ਜ਼ਲ੍ਹਿਾ ਹੁਸ਼ਿਆਰਪੁਰ ਵਿੱਚ ਤੁਲਸੀ



ਰਾਮ ਜਾਂ ਚਰਨਾਂ ਰਾਮ ਅਤੇ ਮਾਤਾ ਬਿਸ਼ਨ ਦੇਵੀ ਦੇ ਘਰ ਹੋਇਆ ਸੀ। ਦੂਸਰੇ ਵਿਚਾਰ ਅਨੁਸਾਰ ਉਹ ਕਰਨਾਟਕ ਦੇ ਬਿਦਰ ਨਾਲ ਸਬੰਧਤ ਸਨ। ਉਨ੍ਹਾਂ ਦਾ ਜਨਮ ਬਿਦਰ ਵਿਖੇ 1662 ਈ. ਵਿੱਚ ਤੀਰਥ ਚੰਦ ਜਾਂ ਚਮਨ ਲਾਲ ਅਤੇ ਮਾਤਾ ਦੇਵੀ ਬਾਈ ਦੇ ਘਰ ਹੋਇਆ ਸੀ। ਉਹ ਨਾਈ ਬਰਾਦਰੀ ਨਾਲ ਸਬੰਧਤ ਸਨ। ਬਿਦਰ ਵਿੱਚ ਉਨ੍ਹਾਂ ਦੀ ਯਾਦ ਵਿੱਚ ਗੁਰਦੁਆਰਾ ਵੀ ਸਥਾਪਤ ਕੀਤਾ ਗਿਆ ਹੈ।

ਗੁਰੂ ਨਾਨਕ ਦੇਵ ਆਪਣੀ ਦੱਖਣ ਦੀ ਉਦਾਸੀ ਦੌਰਾਨ ਬਿਦਰ ਵਿੱਚ ਵੀ ਗਏ ਸਨ, ਉੱਥੇ ਉਨਾਂ ਦੀ ਯਾਦ ਵਿੱਚ ਗੁਰਦੁਆਰਾ ਨਾਨਕ ਝੀਰਾ ਸਾਹਿਬ ਸਥਾਪਤ ਹੈ। ਇੱਥੇ ਉਨ੍ਹਾਂ ਨੇ ਆਪਣੀ ਵਿਚਾਰਧਾਰਾ ਦਾ ਪ੍ਰਚਾਰ ਕੀਤਾ। ਗੁਰੂ ਨਾਨਕ ਸਾਹਿਬ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਬਹੁਤ ਸਾਰੇ ਸਥਾਨਕ ਲੋਕ ਗੁਰੂ ਸਾਹਿਬ ਦੇ ਸ਼ਰਧਾਲੂ ਬਣ ਗਏ ਸਨ। ਭਾਈ ਸਾਹਿਬ ਸਿੰਘ ਦਾ ਪਰਿਵਾਰ ਵੀ ਉਨ੍ਹਾਂ ਵਿੱਚ ਸ਼ਾਮਲ ਸੀ। ਇਹ ਪਰਿਵਾਰ ਗੁਰੂ ਗੋਬਿੰਦ ਰਾਏ ਦੇ ਦਰਸ਼ਨ ਕਰਨ ਲਈ ਅਨੰਦਪੁਰ ਸਾਹਿਬ ਆਇਆ। ਭਾਈ ਸਾਹਿਬ ਚੰਦ ਵੀ ਉਨ੍ਹਾਂ ਦੇ ਨਾਲ ਸਨ। ਭਾਈ ਸਾਹਿਬ ਚੰਦ ਦੇ ਅੰਨਦਪੁਰ ਸਾਹਿਬ ਆਉਣ ਦੀ ਉਮਰ ਸਬੰਧੀ ਵੀ ਦੋ ਮੱਤ ਹਨ। ਇੱਕ ਅਨੁਸਾਰ ਉਸ ਸਮੇਂ ਉਸ ਦੀ ਉਮਰ 16 ਸਾਲ ਸੀ ਅਤੇ ਉਹ 1678 ਈ. ਵਿੱਚ ਅਨੰਦਪੁਰ ਸਾਹਿਬ ਆਏ ਸਨ। ਦੂਸਰੇ ਮੱਤ ਅਨੁਸਾਰ ਉਹ 1685 ਈ. ਵਿੱਚ 23 ਸਾਲ ਦੀ ਉਮਰ ਵਿੱਚ ਅਨੰਦਪੁਰ ਸਾਹਿਬ ਆਏ ਸਨ। ਅਨੰਦਪੁਰ ਸਾਹਿਬ ਆ ਕੇ ਭਾਈ ਸਾਹਿਬ ਚੰਦ ਗੁਰੂ ਸਾਹਿਬ ਤੋਂ ਐਨਾ ਪ੍ਰਭਾਵਿਤ ਹੋਇਆ ਕਿ ਉਸ ਨੇ ਸਦਾ ਲਈ ਗੁਰੂ ਸਾਹਿਬ ਕੋਲ ਰਹਿਣ ਦਾ ਫੈਸਲਾ ਕਰ ਲਿਆ। ਇੱਥੇ ਰਹਿੰਦਿਆਂ ਭਾਈ ਸਾਹਿਬ ਚੰਦ ਨੇ ਹਥਿਆਰ ਚਲਾਉਣ ਵਿੱਚ ਨਿਪੁੰਤਾ ਪ੍ਰਾਪਤ ਕੀਤੀ।

1685 ਈ. ਤੋਂ 1688 ਈ. ਤੱਕ ਗੁਰੂ ਗੋਬਿੰਦ ਰਾਏ ਜੀ ਨੇ ਪਾਉਂਟਾ ਸਾਹਿਬ ਵਿਖੇ ਨਿਵਾਸ ਕੀਤਾ। ਭਾਈ ਸਾਹਿਬ ਚੰਦ ਵੀ ਉਨ੍ਹਾਂ ਨਾਲ ਪਾਉਂਟਾ ਸਾਹਿਬ ਚਲੇ ਗਏ। ਪਹਾੜੀ ਰਾਜਿਆਂ ਨਾਲ 18 ਸਤੰਬਰ 1688 ਈ. ਦੀ ਭੰਗਾਣੀ ਦੀ ਲੜਾਈ ਵਿੱਚ ਭਾਈ ਸਾਹਿਬ ਚੰਦ ਨੇ ਆਪਣੀ ਬਹਾਦਰੀ ਦੇ ਜੌਹਰ ਵਿਖਾਏ। ਉਹ ਅਕਤੂਬਰ 1688 ਈ. ਨੂੰ ਗੁਰੂ ਗੋਬਿੰਦ ਰਾਏ ਨਾਲ ਹੀ ਅਨੰਦਪੁਰ ਸਾਹਿਬ ਆ ਗਏ।

1699 ਈ. ਦੀ ਵਿਸਾਖੀ ਵਾਲੇ ਦਿਨ ਗੁਰੂ ਗੋਬਿੰਦ ਰਾਏ ਵੱਲੋਂ ਅਨੰਦਪੁਰ ਸਾਹਿਬ ਦੇ ਕਲ੍ਹਿਾ ਕੇਸਗੜ੍ਹ ਵਿੱਚ ਖਾਲਸਾ ਪੰਥ ਦੀ ਸਾਜਨਾ ਕਰਨ ਸਮੇਂ ਪੰਜ ਸਿਰਾਂ ਦੀ ਮੰਗ ਕੀਤੀ ਗਈ। ਇਸ ਦੌਰਾਨ ਭਾਈ ਦਇਆ ਰਾਮ, ਭਾਈ ਧਰਮ ਦਾਸ, ਭਾਈ ਹਿੰਮਤ ਰਾਏ, ਭਾਈ ਮੋਹਕਮ ਚੰਦ ਵਾਰ ਵਾਰ ਚਾਰ ਸਿੱਖ ਆਪਣੇ ਸੀਸ ਦੇਣ ਲਈ ਅੱਗੇ ਆਏ ਅਤੇ ਅੰਤ ਵਿੱਚ ਪੰਜਵੀਂ ਵਾਰ ਭਾਈ ਸਾਹਿਬ ਚੰਦ ਆਪਣਾ ਸੀਸ ਦੇਮ ਲਈ ਨਿੱਤਰੇ। ਉਸ ਸਮੇਂ ਉਨ੍ਹਾਂ ਦੀ ਉਮਰ 37 ਸਾਲ ਸੀ। ਗੁਰੂ ਗੋਬਿੰਦ ਰਾਏ ਨੇ ਅੰਮ੍ਰਿਤ ਤਿਆਰ ਕੀਤਾ ਤੇ ਇਨ੍ਹਾਂ ਪੰਜਾਂ ਪਿਆਰਿਆਂ ਦੇ ਨਾਂ ਨਾਲ ਸਿੰਘ ਸ਼ਬਦ ਲਗਾਇਆ ਗਿਆ। ਇਸ ਤਰ੍ਹਾਂ ਭਾਈ ਸਾਹਿਬ ਚੰਦ ਵੀ ਭਾਈ ਸਾਹਿਬ ਸਿੰਘ ਬਣ ਗਿਆ। ਗੁਰੂ ਗੋਬਿੰਦ ਰਾਏ ਵੀ ਇਨ੍ਹਾਂ ਪੰਜ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਗੁਰੂ ਗੋਬਿੰਦ ਰਾਏ ਤੋਂ ਗੁਰੂ ਗੋਬਿੰਦ ਸਿੰਘ ਬਣ ਗਏ। ਭਾਈ ਸਾਹਿਬ ਸਿੰਘ ਨੇ ਆਨੰਦਪੁਰ ਸਾਹਿਬ ਦੀਆਂ ਲੜਾਈਆਂ ਵਿੱਚ ਵੀ ਆਪਣੀ ਬਹਾਦਰੀ ਦਾ ਸਬੂਤ ਦਿੱਤਾ। ਦਸੰਬਰ 1704 ਈ. ਨੂੰ ਗੁਰੂ ਗੋਬਿੰਦ ਸਿੰਘ ਨੂੰ ਆਨੰਦਪੁਰ ਸਾਹਿਬ ਛੱਡਣਾ ਪਿਆ। ਮੁਗਲ ਤੇ ਪਹਾੜੀ ਰਾਜਿਆਂ ਨੇ ਵਿਸ਼ਵਾਸਘਾਤ ਕਰਦਿਆਂ ਗੁਰੂ ਸਾਹਿਬ ਦਾ ਕਿਸੇ ਕਿਸਮ ਦਾ ਨੁਕਸਾਨ ਨਾ ਕਰਨ ਦੀਆਂ ਖਾਧੀਆਂ ਆਪਣੀਆਂ ਝੂਠੀਆਂ ਸੋਹਾਂ ਨੂੰ ਤੋੜਦਿਆਂ ਗੁਰੂ ਸਾਹਿਬ ਦਾ ਪਿੱਛਾ ਕੀਤਾ। ਗੁਰੂ ਸਾਹਿਬ ਅਤੇ ਉਨ੍ਹਾਂ ਦੇ ਸੀਮਤ ਜਿਹੇ ਸਿੰਘਾਂ ਨੂੰ ਚਮਕੌਰ ਦੀ ਕੱਚੀ ਗੜ੍ਹੀ ਵਿੱਚ ਘੇਰਾ ਪੈ ਗਿਆ। ਇਸ ਲੜਾਈ ਵਿੱਚ ਗੁਰੂ ਗੋਬਿੰਦ ਸਿੰਘ ਦੇ ਕਈ ਸਿੰਘਾਂ, ਦੋਨੋਂ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਅਤੇ ਪੰਜ ਪਿਆਰਿਆਂ ਵਿੱਚੋਂ ਭਾਈ ਹਿੰਮਤ ਸਿੰਘ , ਭਾਈ ਮੋਹਕਮ ਸਿੰਘ ਨਾਲ ਭਾਈ ਸਾਹਿਬ ਸਿੰਘ ਨੇ ਵੀ ਸ਼ਹੀਦੀ ਪ੍ਰਾਪਤ ਕੀਤੀ।

# ਸਨਅਤੀਕਰਨ ਦੇ ਰਾਹ ਕਿਉਂ ਨਾ ਪੈ ਸਕਿਆ ਪੰਜਾਬ ?

**ਨਿਰਮਲ ਸਿੰਘ ਸੰਧੂ**
(ਲੇਖਕ ਸੀਨੀਅਰ ਪੱਤਰਕਾਰ ਹੈ)।



ਸਰਲ ਤੇ ਸੌਖੇ ਕਾਰੋਬਾਰ ਦੇ ਕੋਣ ਤੋਂ ਪੰਜਾਬ ਦਾ 20ਵੇਂ ਦਰਜੇ ਉੱਤੇ ਜਾ ਡਿੱਗਣ ਬਾਰੇ ਪੁੱਛਣ 'ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਯਕੀਨ ਨਹੀਂ ਕੀਤਾ। ਉਂਜ, ਮੁੱਖ ਮੰਤਰੀ ਭਾਵੇਂ ਪਸੰਦ ਕਰਨ ਜਾਂ ਨਾ, ਸਨਅਤ ਦਾ ਸਮੁੱਚਾ ਦਾਰੋਮਦਾਰ ਬਾਹਰੀ ਮਾਪਦੰਡਾਂ ਮੁਤਾਬਿਕ ਹੁੰਦਾ ਹੈ ਜਿਸ ਵਿੱਚ ਨਿਵੇਸ਼ ਮਹਾਂਸੰਮੇਲਨਾਂ ਜਾਂ ਸਿਆਸਤਦਾਨਾਂ ਨਾਲ ਸਿੱਧੀਆਂ ਬੈਠਕਾਂ ਤੋਂ ਕਿਤੇ ਅਗਾਂਹ ਦਾ ਸਿਲਸਿਲਾ ਵੀ ਜੁੜਿਆ ਹੁੰਦਾ ਹੈ। ਜੇ ਕਿਤੇ ਇਸ ਸਰਵੇਖਣ ਵਿੱਚ ਭਾਜਪਾ ਦੀ ਸੱਤਾ ਵਾਲੇ ਸੂਬੇ ਉਪਰਲੀਆਂ ਪੁਜ਼ੀਸ਼ਨਾਂ 'ਤੇ ਰਹਿੰਦੇ ਤਾਂ ਇਸ ਬਾਰੇ ਸ਼ੱਕ ਜਾਂ ਸਿਆਸੀ ਜੋੜ-ਤੋੜ ਦੇ ਖ਼ਦਸ਼ੇ ਖੜ੍ਹੇ ਹੋ ਸਕਦੇ ਸਨ; ਪਰ ਸਰਵੇਖਣ ਵਿੱਚ ਆਂਧਰਾ ਪ੍ਰਦੇਸ਼ ਸਭ ਤੋਂ ਅੱਗੇ ਹੈ, ਉਸ ਤੋਂ ਬਾਅਦ ਤਿਲੰਗਾਨਾ ਦਾ ਨੰਬਰ ਹੈ ਅਤੇ ਤੀਜਾ ਨੰਬਰ ਹਰਿਆਣਾ ਦਾ ਹੈ। ਇਸ ਦਰਜਾਬੰਦੀ ਨੇ ਸਰਵੇਖਣ ਦੀ ਨਿਰਪੱਖਤਾ ਬਾਰੇ ਹਰ ਖ਼ਦਸ਼ਾ ਨਿਰਮੂਲ ਬਣਾ ਦਿੱਤਾ ਹੈ।

ਪੰਜਾਬ ਵਿੱਚ ਕਿਸੇ ਨੇ ਵੀ ਨਾਕਾਮੀ ਨੂੰ ਕਬੂਲਣ ਦਾ ਹੌਸਲਾ ਨਹੀਂ ਕੀਤਾ ਅਤੇ ਨਾ ਹੀ ਅਗਲੀ ਵਾਰ ਤੱਕ ਕਾਰਕਰਦਗੀ ਸੁਧਾਰਨ ਦਾ ਕੋਈ ਵਾਅਦਾ ਕੀਤਾ ਹੈ। ਲੀਡਰਸ਼ਿਪ ਨੇ ਹਕੀਕਤ ਤੋਂ ਅੱਖਾਂ ਮੁੰਦ ਲਈਆਂ ਹਨ; ਤੇ ਹਕੀਕਤ ਇਹ ਹੈ ਕਿ ਕਈ ਕਾਰਨਾਂ ਕਰਕੇ ਪੰਜਾਬ ਵਿੱਚ ਨਵੀਂ ਸਨਅਤ ਨਹੀਂ ਆ ਰਹੀ। ਇਸ ਤੋਂ ਮਾੜੇ ਇੰਤਜ਼ਾਮ ਅਤੇ ਸਿਆਸੀ ਤੇ ਅਫ਼ਸਰਸ਼ਾਹੀ ਦੇ ਅੜਿੱਕਿਆਂ ਦੀ ਕਨਸੋਅ ਹੀ ਮਿਲਦੀ ਹੈ। ਸੂਬੇ ਦੀ ਕਮਾਨ ਸੰਭਾਲਦਿਆਂ ਹੀ ਸਨਅਤਕਾਰਾਂ ਨੂੰ ਪ੍ਰੇਰਨ ਲਈ ਮੁੰਬਈ ਜਾਣ ਦੀ ਥਾਂ ਮੁੱਖ ਮੰਤਰੀ ਨੂੰ ਬੁਰੀ ਤਰ੍ਹਾਂ ਹਿੱਲ ਚੁੱਕੀਆਂ ਸੰਸਥਾਵਾਂ ਨੂੰ ਥਾਂ ਸਿਰ ਕਰਨ ਅਤੇ ਨੇਮ ਆਧਾਰਿਤ ਪ੍ਰਸ਼ਾਸਨ ਲਈ ਸਿਰ ਜੋੜ ਕੇ ਬੈਠਣਾ ਚਾਹੀਦਾ ਸੀ; ਪਰ ਅੰਬਾਨੀ ਜਾਂ ਅਡਾਨੀ ਨਾਲ ਪੰਜ-ਸਿਤਾਰਾ ਸੁੱਖ-ਆਰਾਮ ਅੰਦਰ ਬੈਠ ਕੇ ਸਲਾਹਾਂ ਜੋੜਨੀਆਂ ਸ਼ਾਇਦ ਜ਼ਿਆਦਾ ਆਕਰਸ਼ਕ ਅਤੇ ਸੁਰਖ਼ੀਆਂ ਬਟੋਰਨ ਵਾਲੀਆਂ ਜਾਪਦੀਆਂ ਹਨ।

ਸਨਅਤਕਾਰਾਂ ਨਾਲ ਫੋਟੋ-ਸੈਸ਼ਨ ਸਨਅਤੀਕਰਨ ਦੇ ਰਾਹ ਵਿੱਚ ਪਏ ਇਹ ਟੋਏ ਨਹੀਂ ਲੁਕੋ ਸਕਦੇ: ਲਾਲ ਫੀਤਾਸ਼ਾਹੀ ਅਤੇ ਭ੍ਰਿਸ਼ਟਾਚਾਰ ਤੋਂ ਇਲਾਵਾ ਸ਼ਹਿਰਾਂ ਵਿੱਚ ਭੀੜ-ਭੜੱਕਾ, ਆਵਾਜਾਈ ਦਾ ਘੜਮੱਸ, ਨਾਕਾਫ਼ੀ ਬੁਨਿਆਦੀ ਢਾਂਚਾ, ਪੌਣ ਤੇ ਪਾਣੀ ਪ੍ਰਦੂਸ਼ਣ, ਮਹਿੰਗੀਆਂ ਜ਼ਮੀਨਾਂ, ਜਾਨ-ਮਾਲ ਲਈ ਜੋਖ਼ਿਮ ਆਦਿ। ਇਹ ਸਾਰੇ ਸਨਅਤ ਦੇ ਰਾਹ ਦਾ ਰੋੜਾ ਹਨ ਜਿਨ੍ਹਾਂ ਨੂੰ ਦੂਰ ਕਰਨ ਲਈ ਕਿਸੇ ਵੀ ਸਰਕਾਰ ਨੇ ਕਦੀ ਕੋਸ਼ਿਸ਼ ਵੀ ਨਹੀਂ ਕੀਤੀ।

ਜਿਸ ਸੂਬੇ ਅੰਦਰ ਸਿਆਸੀ ਲੀਡਰਾਂ ਨੂੰ ਆਉਣ-ਜਾਣ ਲਈ ਕਰੜੀ ਸੁਰੱਖਿਆ ਦੀ ਲੋੜ ਪਵੇ, ਜਿਹੜੇ ਸਦਾ ਆਕੜ ਦਿਖਾਉਣ ਅਤੇ ਪਹੁੰਚ ਤੋਂ ਵੀ ਦੂਰ ਹੀ ਰਹਿਣ, ਖ਼ਾਲਿਸਤਾਨੀ ਵੱਖਵਾਦੀਆਂ ਤੋਂ ਖ਼ਤਰੇ ਨੂੰ ਵਧਾ-ਚੜ੍ਹਾ ਕੇ ਦੱਸੀ ਜਾਣ, ਗੈਂਗਸਟਰਾਂ ਦੀ ਸਰਪ੍ਰਸਤੀ ਕਰਨ ਅਤੇ ਦੌਰਿਆਂ ਲਈ ਹੈਲੀਕੌਪਟਰ ਵਰਤਣ, ਉੱਥੇ ਕੋਈ ਸਨਅਤਕਾਰ ਆਪਣਾ ਪੈਸਾ ਕਿਸ ਤਰ੍ਹਾਂ ਸੁਰੱਖਿਅਤ ਮੰਨ ਸਕਦਾ ਹੈ। ਅਜਿਹੇ ਸੂਬੇ ਵਿੱਚ ਕੋਈ ਨਿਵੇਸ਼ ਲਈ ਕਿਉਂ ਸੋਚੇਗਾ ? ਸਿਆਸਤਦਾਨ ਬੱਸ ਪੰਜਾਬ ਲਈ ਕੁਝ ਕਰਦੇ ਦਿਸਣ ਦਾ ਦਿਖਾਵਾ ਹੀ ਕਰਦੇ ਹਨ ਜਿਸ ਨਾਲ ਉਹ ਸੁਰਖੀਆਂ ਵਿਚ ਰਹਿੰਦੇ ਹਨ।

ਸਰਕਾਰ ਨੂੰ ਖ਼ਬਰ ਜਾਂ ਖਿਆਲ ਹੀ ਨਹੀਂ ਹੈ ਕਿ ਪੰਜਾਬ ਨੂੰ ਕਿਸ ਤਰ੍ਹਾਂ ਦੀ ਸਨਅਤ ਦੀ ਲੋੜ ਹੈ। ਕਿਸੇ ਵੀ ਜਾਂ ਹਰ ਤਰ੍ਹਾਂ ਦੀ ਸਨਅਤ ਨਾਲ ਗੱਲ ਨਹੀਂ ਬਣਨੀ। ਵਾਤਾਵਰਨ ਪੱਖੀ ਇਕਾਈਆਂ ਦੇ ਤਰਜੀਹੀ ਬੰਦੋਬਸਤ ਦੀ ਜ਼ਰੂਰਤ ਹੈ। ਜਦੋਂ ਟਾਟਾ ਗਰੁੱਪ ਨੇ ਆਪਣਾ ਨੈਨੋ ਪ੍ਰਾਜੈਕਟ ਪੱਛਮੀ ਬੰਗਾਲ ਤੋਂ ਬਾਹਰ ਲਿਜਾਣ ਦਾ ਫ਼ੈਸਲਾ ਕੀਤਾ ਤਾਂ ਤਤਕਾਲੀ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਬਿਨਾਂ ਕੁਝ ਸੋਚੇ ਵਿਚਾਰੇ ਕਿ ਪੰਜਾਬ ਵਿੱਚ ਕਾਰ ਕਾਰਖਾਨਾ ਲਾਉਣਾ ਨਫ਼ੇ ਵਾਲਾ ਸੌਦਾ ਹੈ ਜਾਂ ਨਹੀਂ, ਤੇ ਸਾਡਾ ਸੂਬਾ ਗੁਜਰਾਤ ਜਿੰਨੀਆਂ ਸਹੂਲਤਾਂ ਤੇ ਛੋਟਾਂ ਦੇ ਵੀ ਸਕਦਾ ਹੈ ਜਾਂ ਨਹੀਂ, ਪ੍ਰਾਜੈਕਟ ਲਿਆਉਣ ਦੀ ਦੌੜ ਵਿੱਚ ਸ਼ਾਮਲ ਹੋ ਗਏ। ਉਦੋਂ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੇ ਵਿਸ਼ਾਲ ਜ਼ਮੀਨ ਪੂਲ ਬਣਾ ਲਿਆ ਹੋਇਆ ਸੀ ਅਤੇ ਉਨ੍ਹਾਂ ਝੱਟ ਅਗਲਿਆਂ ਨੂੰ ਜ਼ਮੀਨ ਮੁਹੱਈਆ ਕਰਵਾ ਦਿੱਤੀ।

ਪੰਜਾਬ ਅਜਿਹੀ ਪਹਿਲ ਲਈ ਤਿਆਰ ਨਹੀਂ ਸੀ। ਉਂਜ, ਨੈਨੋ ਪ੍ਰਾਜੈਕਟ ਹਾਸਲ ਕਰਨ ਵਿੱਚ ਸੁਖਬੀਰ ਦੀ ਨਾਕਾਮੀ ਪੰਜਾਬ ਲਈ ਇੱਕ ਤਰ੍ਹਾਂ ਨਾਲ ਅਸੀਸ ਹੀ ਸਾਬਤ ਹੋਈ। ਇਹ ਕਾਰ ਹੁਣ ਕੋਈ ਨਹੀਂ ਖਰੀਦ ਰਿਹਾ। ਪਿਛਲੇ ਮਹੀਨੇ ਕੰਪਨੀ ਨੇ ਸਿਰਫ਼ ਇੱਕ ਕਾਰ ਬਣਾਈ ਹੈ। ਨਾਕਾਮ ਪ੍ਰਾਜੈਕਟ ਉਤੇ ਪਹਿਲਾਂ ਹੀ ਸੀਮਤ ਜਿਹੇ ਵਸੀਲੇ ਰੋੜ੍ਹਨ ਤੋਂ ਪੰਜਾਬ ਬਚ ਗਿਆ। ਉਨ੍ਹਾਂ ਨੇ ਇਸ ਤਰ੍ਹਾਂ ਦੀ ਊਰਜਾ ਜਾਂ ਉਤਸੁਕਤਾ ਫੂਡ ਪ੍ਰੋਸੈਸਿੰਗ ਇਕਾਈਆਂ ਲਿਆਉਣ ਲਈ ਨਹੀਂ ਦਿਖਾਈ ਹਾਲਾਂਕਿ ਇਸ ਕੇਂਦਰੀ ਮੰਤਰਾਲੇ ਦੀ ਕਮਾਨ ਉਨ੍ਹਾਂ ਦੀ ਪਤਨੀ ਦੇ ਹੱਥ ਸੀ।

ਪੰਜਾਬ ਦੀ ਸਿਆਸੀ ਲੀਡਰਸ਼ਿਪ, ਇਹ ਭਾਵੇਂ ਕਾਂਗਰਸੀ ਹਨ ਜਾਂ ਅਕਾਲੀ, ਪੰਜਾਬ ਵਿੱਚ ਸਨਅਤੀ ਇਕਾਈਆਂ ਹਾਸਲ ਕਰਨ ਲਈ ਇੰਨੇ ਬੇਕਰਾਰ ਹਨ ਕਿ ਨਤੀਜਾ ਮਾੜੇ ਕਰਾਰਾਂ ਵਿੱਚ ਨਿੱਕਲਿਆ। ਬਠਿੰਡਾ ਤੇਲ ਸੋਧਕ ਕਾਰਖਾਨਾ ਅਤੇ ਪ੍ਰਾਈਵੇਟ ਬਿਜਲੀ ਪ੍ਰਾਜੈਕਟ ਇਸ ਦੀਆਂ ਉਮਦਾ ਮਿਸਾਲਾਂ ਹਨ। ਇਨ੍ਹਾਂ ਪ੍ਰਾਜੈਕਟਾਂ ਬਾਰੇ ਨਿਰਪੱਖ ਪੁਣਛਾਣ ਹੋਣੀ ਚਾਹੀਦੀ ਹੈ ਕਿ ਪੰਜਾਬ ਨੇ ਇਨ੍ਹਾਂ ਪ੍ਰਾਜੈਕਟਾਂ ਤੋਂ ਕੁੱਝ ਖੱਟਿਆ ਵੀ ਹੈ। ਜੇ ਕੁਝ ਖੱਟਿਆ ਹੈ ਤਾਂ ਦਿੱਤੀਆਂ ਛੋਟਾਂ ਦੇ ਮੁਤਾਬਿਕ ਵੀ ਹੈ ਜਾਂ ਨਹੀਂ।

ਇਹ ਪੁਣਛਾਣ ਕਰਨ ਦੀ ਵੀ ਲੋੜ ਹੈ ਕਿ ਕੇਂਦਰੀ ਕਰਾਂ ਵਿੱਚ ਛੋਟ ਕਾਰਨ ਪੰਜਾਬ ਤੋਂ ਕੋਈ ਸਨਅਤ ਹਿਮਾਚਲ ਪ੍ਰਦੇਸ਼ ਗਈ ਹੈ ਕਿਉਂਕਿ ਬੱਦੀ ਵਿੱਚ ਅਜਿਹੀਆਂ ਬਹੁਤ ਘੱਟ ਫਰਮਾਸਿਊਟੀਕਲ ਇਕਾਈਆਂ ਹਨ ਜਿਹੜੀਆਂ ਪਹਿਲਾਂ ਪੰਜਾਬ ਵਿੱਚ ਸਨ। ਸਨਅਤੀ ਵਿਕਾਸ ਵਿੱਚ ਪਛੜ ਰਹੇ ਪੰਜਾਬ ਲਈ ਇੱਕ ਹੋਰ ਪ੍ਰਚੱਲਿਤ ਸਿਆਸੀ ਬਹਾਨਾ ਸਰਹੱਦੀ ਸੂਬੇ ਦਾ ਹੈ। ਪੰਜਾਬ ਵਿੱਚ ਸਨਅਤ ਨਾ ਆਉਣ ਦਾ ਅਸਲ ਕਾਰਨ ਮਾੜਾ ਪ੍ਰਬੰਧ ਹੈ ਅਤੇ ਇਹ ਹੁਣ ਸਰਲ ਤੇ ਸੌਖੇ ਕਾਰੋਬਾਰ ਦੇ ਕੋਣ ਤੋਂ ਕਰਵਾਏ ਸਰਵੇਖਣ ਰਾਹੀਂ ਸਾਬਤ ਹੋ ਗਿਆ ਹੈ। ਮੁਕਾਮੀ ਸਨਅਤਕਾਰ ਮੀਡੀਆ ਵਿੱਚ ਮਿਥ ਕੇ ਅਜਿਹੀਆਂ ਰਿਪੋਰਟਾਂ ਲਗਵਾ ਕੇ ਇਹ ਜਚਾਉਣ ਦੀ ਕੋਸ਼ਿਸ਼ ਕਰਦੇ ਹਨ ਕਿ ਸਨਅਤ ਡੁੱਬ ਰਹੀ ਹੈ ਜਾਂ ਸੂਬੇ ਵਿੱਚੋਂ ਬਾਹਰ ਜਾ ਰਹੀ ਹੈ। ਅਜਿਹਾ ਸਰਕਾਰੀ ਛੋਟਾਂ ਲੈਣ ਲਈ ਕੀਤਾ ਜਾਂਦਾ ਹੈ।

ਇਸ ਸਭ ਕਾਸੇ ਦਾ ਨਤੀਜਾ ਇਹ ਹੈ ਕਿ ਪੰਜਾਬ ਵਿੱਚ ਵਿੱਤੀ ਘੜਮੱਸ ਹੈ। ਜਿਹੜੀਆਂ ਇਕਾਈਆਂ ਮੁਨਾਫ਼ਾ ਨਹੀਂ ਦੇ ਰਹੀਆਂ, ਉਹ ਚਿਰ ਪਹਿਲਾਂ ਹੀ ਬੰਦ ਹੋ ਜਾਣੀਆਂ ਚਾਹੀਦੀਆਂ ਸਨ। ਸਾਲ-ਦਰ-ਸਾਲ ਸਰਕਾਰ ਅਜਿਹੀਆਂ ਇਕਾਈਆਂ 'ਤੇ ਪੈਸਾ ਰੋੜ੍ਹ ਰਹੀ ਹੈ। ਹੁਣ ਹਾਲ ਇਹ ਹੈ ਕਿ ਸਨਅਤ ਖ਼ਾਤਰ ਕਰ ਚੋਰੀ ਅਤੇ ਸਨਅਤੀ ਪ੍ਰਦੂਸ਼ਣ ਦੇ ਮਾਮਲਿਆਂ ਵਿੱਚ ਨਰਮੀ ਵਰਤੀ ਜਾਂਦੀ ਹੈ। ਕਰਾਂ, ਸਹੂਲਤਾਂ ਅਤੇ ਹੋਰ ਛੋਟਾਂ ਦੇ ਮਾਮਲੇ ਵਿੱਚ ਹੋਰ ਸੂਬਿਆਂ ਨਾਲ ਬਰ ਮੇਚਣ ਲਈ ਤਿਆਰੀ ਕੱਸਣ ਦੀ ਥਾਂ ਖ਼ਾਸ ਹਿਤਾਂ ਦੀ ਪੂਰਤੀ ਲਈ ਬੱਜਟ ਅਤੇ ਸਨਅਤੀ ਨੀਤੀਆਂ ਬਣਾਈਆਂ ਜਾਂਦੀਆਂ ਹਨ। ਕਿਸੇ ਖ਼ਾਸ ਵਜ੍ਹਾ ਤੋਂ ਬਗ਼ੈਰ ਹੀ ਬਿਲਡਰ ਕਰ ਛੋਟਾਂ ਲੈ ਰਹੇ ਹਨ। ਮੰਡੀ ਮੁਖੀ ਅਰਥਚਾਰੇ ਵਿੱਚ ਜਿਹੜੇ ਕਾਰੋਬਾਰ ਮੁਕਾਬਲਾ ਨਹੀਂ ਕਰ ਸਕਦੇ, ਉਨ੍ਹਾਂ ਦੀ ਹੋਣੀ ਨਾਕਾਮੀ ਹੀ ਹੁੰਦੀ ਹੈ। ਪੰਜਾਬ ਅਜਿਹੇ ਨਕਾਰਾ ਕਾਰੋਬਾਰਾਂ ਨੂੰ ਲਗਾਤਾਰ ਚਲਾ ਰਿਹਾ ਹੈ ਅਤੇ ਖ਼ਜ਼ਾਨੇ ਸਿਰ ਬੋਝ ਚਾੜ੍ਹ ਰਿਹਾ ਹੈ।

ਜਿਨ੍ਹਾਂ ਸੂਬਿਆਂ ਵਿੱਚ ਸਿਆਸਤਦਾਨਾਂ ਦੇ ਆਪਣੇ ਕਾਰੋਬਾਰੀ ਹਿਤ ਜੁੜੇ ਹੋਏ ਨਹੀਂ ਹੁੰਦੇ, ਉਹ ਪ੍ਰਦੂਸ਼ਣ ਫੈਲਾਉਣ ਵਾਲੀਆਂ ਇਕਾਈਆਂ ਨੂੰ ਰੋਕਣ ਲਈ

**ਬਾਕੀ ਸਫ਼ਾ 30 'ਤੇ**

# ਟਕਸਾਲਾਂ ਅਤੇ ਹੋਰ ਸੰਸਥਾਵਾਂ ਦੀ ਗੁਰਮਤਿ ਸੰਗੀਤ ਨੂੰ ਦੇਣ

**ਤੀਰਥ ਸਿੰਘ ਢਿੱਲੋਂ**
ਮੈਂਬਰ , ਕੀਰਤਨ ਸਬ ਕਮੇਟੀ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ
(ਸੰਪਰਕ: 98154-61710)

ਗੁਰਮਤਿ ਸੰਗੀਤ ਦੇ ਵਿਕਾਸ, ਪ੍ਰਚਾਰ ਅਤੇ ਪ੍ਰਸਾਰ ਲਈ ਕਈ ਟਕਸਾਲਾਂ ਅਤੇ ਸੰਪ੍ਰਦਾਵਾਂ ਹੋਂਦ ਵਿੱਚ ਆਈਆਂ ਜਨ੍ਹਿਾਂ ਨੇ ਕੀਰਤਨ ਦੇ ਟਕਸਾਲੀ ਰੂਪ ਨੂੰ ਹੂ-ਬ-ਹੂ ਸੰਜੀਵ ਰੱਖਣ ਅਤੇ ਅੱਗੇ ਤੋਰਨ ਲਈ ਵਡਮੁੱਲਾ ਯੋਗਦਾਨ ਪਾਇਆ। ਅੱਜ ਦੇ ਲੇਖ ਵਿੱਚ ਇਨ੍ਹਾਂ ਟਕਸਾਲਾਂ, ਸੰਪ੍ਰਦਾਵਾਂ ਅਤੇ ਸੰਸਥਾਵਾਂ ਦਾ ਜ਼ਿਕਰ ਕਰ ਰਹੇ ਹਾਂ।



1. ਟਕਸਾਲ ਦਮਦਮਾ ਸਾਹਿਬ: ਸਭ ਤੋਂ ਪੁਰਾਣੀ ਅਤੇ ਇਤਿਹਾਸਕ ਤੌਰ 'ਤੇ ਅਹਿਮ ਟਕਸਾਲ ਦਮਦਮਾ ਸਾਹਿਬ ਦੀ ਟਕਸਾਲ ਹੈ, ਜਿਸ ਦਾ ਆਰੰਭ ਗੁਰੂ ਗੋਬਿੰਦ ਸਿੰਘ ਤੋਂ ਮੰਨਿਆ ਜਾਂਦਾ ਹੈ। ਮਗਰੋਂ ਇਸ ਦੀ ਸਰਪ੍ਰਸਤੀ ਅਮਰ ਸ਼ਹੀਦ ਬਾਬਾ ਦੀਪ ਸਿੰਘ ਨੇ ਕੀਤੀ। ਦਮਦਮਾ ਸਾਹਿਬ ਤਲਵੰਡੀ ਸਾਬੋ ਵਿੱਚ ਅੱਜ-ਕੱਲ੍ਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਗੁਰਮਤਿ ਇੰਸਟੀਚਿਊਟ ਵੱਲੋਂ ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ ਦੀ ਪਰੰਪਰਾਗਤ ਸਿਖਲਾਈ ਦਿੱਤੀ ਜਾ ਰਹੀ ਹੈ।

2. ਬੁੱਢਾ ਜੌਹੜ ਟਕਸਾਲ: ਰਾਜਸਥਾਨ ਵਿੱਚ ਸਥਿਤ ਇਹ ਟਕਸਾਲ ਗੁਰਮਤਿ ਸੰਗੀਤ ਵਿੱਦਿਆ ਦਾ ਪੁਰਾਤਨ ਅਤੇ ਪ੍ਰਸਿੱਧ ਮਰਕਜ਼ ਹੈ, ਜਿਸ ਦੀ ਸਥਾਪਨਾ ਭਾਈ ਸੁੱਖਾ ਸਿੰਘ ਤੇ ਭਾਈ ਮਹਿਤਾਬ ਸਿੰਘ ਨੇ ਕੀਤੀ। ਇਸ ਟਕਸਾਲ ਨੇ ਭਾਈ ਗੁਰਮੇਲ ਸਿੰਘ ਅਤੇ ਭਾਈ ਪ੍ਰੀਤਮ ਸਿੰਘ ਵਰਗੇ ਨਿਰਧਾਰਤ ਰਾਗਾਂ ਅਨੁਸਾਰ ਗੁਰਬਾਣੀ ਕੀਰਤਨ ਕਰਨ ਵਾਲੇ ਉੱਚ ਕੋਟੀ ਦੇ ਕੀਰਤਨਕਾਰ ਪੈਦਾ ਕੀਤੇ।

3. ਤਰਨਤਾਰਨ ਟਕਸਾਲ : ਇਸ ਦੀ ਸਥਾਪਨਾ ਸੰਨ 1904 ਵਿੱਚ ਸ੍ਰੀ ਦਰਬਾਰ ਸਾਹਿਬ ਤਰਨਤਾਰਨ ਵਿਖੇ ਬਾਬਾ ਈਸ਼ਰ ਸਿੰਘ ਨੇ ਕੀਤੀ। ਪੰਥ ਦੇ ਪ੍ਰਸਿੱਧ ਸ਼੍ਰੋਮਣੀ ਰਾਗੀ ਭਾਈ ਬਖਸ਼ੀਸ਼ ਸਿੰਘ ਜੀ ਪਟਿਆਲੇ ਵਾਲੇ ਇਸੇ ਟਕਸਾਲ ਦੇ ਵਿਦਿਆਰਥੀ ਸਨ। ਸ਼੍ਰੋਮਣੀ ਰਾਗੀ ਭਾਈ ਬਲਬੀਰ ਸਿੰਘ ਦੇ ਪਿਤਾ ਭਾਈ ਸੰਤਾ ਸਿੰਘ, ਰਾਗੀ ਭਾਈ ਪੂਰਨ ਸਿੰਘ, ਰਾਗੀ ਭਾਈ ਸਮੁੰਦ ਸਿੰਘ ਅਤੇ ਭਾਈ ਪ੍ਰੇਮ ਸਿੰਘ ਨੇ ਵੀ ਇੱਥੋਂ ਹੀ ਵਿੱਦਿਆ ਪ੍ਰਾਪਤ ਕੀਤੀ। ਪ੍ਰਸਿੱਧ ਸੰਗੀਤਕਾਰ ਮਾਸਟਰ ਨੱਥੂ ਰਾਮ ਨੇ ਇੱਥੇ ਤਕਰੀਬਨ ਤੀਹ ਸਾਲ ਕੀਰਤਨ ਦੀ ਤਾਲੀਮ ਦਿੱਤੀ।

4. ਦੌਧਰ ਟਕਸਾਲ: ਜ਼ਲ੍ਹਿਾ ਲੁਧਿਆਣਾ ਵਿੱਚ ਸਥਿਤ ਜਗਤ ਪ੍ਰਸਿੱਧ ਦੌਧਰ ਟਕਸਾਲ ਦੀ ਸਥਾਪਨਾ ਅਠਾਰਵੀਂ ਸਦੀ ਵਿੱਚ ਹੋਈ। ਇਹ ਟਕਸਾਲ ਨੇਤਰਹੀਣਾਂ ਨੂੰ ਕੀਰਤਨ ਦੀ ਸਿਖਲਾਈ ਦੇਣ ਦਾ ਉੱਚ ਕੋਟੀ ਦਾ ਕੇਂਦਰ ਰਿਹਾ ਹੈ। ਇਸ ਦੀ ਸਥਾਪਨਾ ਨਿਰਮਲੇ ਸੰਤ ਸੁੱਚਾ ਸਿੰਘ ਨੇ ਕੀਤੀ ਅਤੇ ਬਾਅਦ ਵਿੱਚ ਬਾਬਾ ਮੰਗਲ ਸਿੰਘ ਨਿਰਮਲੇ ਅਤੇ ਬਾਬਾ ਖ਼ੁਸ਼ਹਾਲ ਸਿੰਘ ਨੇ ਇੱਥੇ ਗੁਰਮਤਿ ਸੰਗੀਤ ਦੀ ਸਿੱਖਿਆ ਦਿੱਤੀ। ਗੁਰੂ ਚੇਲੇ ਦੀ ਰਿਵਾਇਤ ਅਨੁਸਾਰ ਇਥੇ ਭਾਈ ਭੋਲਾ ਸਿੰਘ, ਭਾਈ ਸੁੱਚਾ ਸਿੰਘ, ਭਾਈ ਪ੍ਰੇਮ ਸਿੰਘ, ਭਾਈ ਰਜਿੰਦਰ ਸਿੰਘ, ਭਾਈ ਅਮਰੀਕ ਸਿੰਘ, ਭਾਈ ਜਸਵੰਤ ਸਿੰਘ ਕੁਲਾਰ, ਸੰਤ ਸਰਵਣ ਸਿੰਘ ਗੰਧਰਬ ਡੁਮੇਲੀ ਵਾਲੇ, ਭਾਈ ਜਸਵੰਤ ਸਿੰਘ ਅਤੇ 1984 ਵਿੱਚ ਸਾਕਾ ਨੀਲਾ ਤਾਰਾ ਦੌਰਾਨ ਸ਼ਹੀਦੀ ਪ੍ਰਾਪਤ ਕਰ ਗਏ ਹਜ਼ੂਰੀ ਰਾਗੀ ਭਾਈ ਅਮਰੀਕ ਸਿੰਘ (ਨੇਤਰਹੀਣ) ਨੇ ਵੀ ਇਸੇ ਟਕਸਾਲ ਤੋਂ ਵਿੱਦਿਆ ਪ੍ਰਾਪਤ ਕੀਤੀ।

5. ਸਿੰਘਾਂਵਾਲਾ ਟਕਸਾਲ: ਭਾਈ ਸੁੰਦਰ ਸਿੰਘ ਤੇ ਭਾਈ ਗੁਰਬਚਨ ਸਿੰਘ ਜੀ ਵੱਲੋਂ ਸਥਾਪਤ ਇਹ ਟਕਸਾਲ ਮੋਗਾ ਕੋਟਕਪੂਰਾ ਮੁੱਖ ਸੜਕ ਉੱਤੇ ਪਿੰਡ ਸਿੰਘਾਂਵਾਲਾ ਵਿੱਚ ਸਥਿਤ ਹੈ। ਪ੍ਰਸਿੱਧ ਰਾਗੀ ਭਾਈ ਪ੍ਰੀਤਮ ਸਿੰਘ ਸੰਨ 1900 ਤੋਂ 1932 ਤੱਕ ਇਥੇ ਨਿਸ਼ਕਾਮ ਤੌਰ 'ਤੇ ਗੁਰਮਤਿ ਸੰਗੀਤ ਦੀ ਦਾਤ ਵੰਡਦੇ ਰਹੇ। ਇਸ ਟਕਸਾਲ ਦੇ ਪ੍ਰਸਿੱਧ ਰਾਗੀ ਇਹ ਇਹ ਹੋਏ ਹਨ- ਭਾਈ ਧਰਮ ਸਿੰਘ, ਭਾਈ ਰਤਨ ਸਿੰਘ, ਭਾਈ ਹਰਨੇਕ ਸਿੰਘ, ਕੌਮੀ ਪੱਧਰ ਦੇ ਤਬਲਾਵਾਦਕ ਤਰਲੋਕ ਸਿੰਘ (ਆਲ ਇੰਡੀਆ ਰੇਡੀਓ, ਸ਼ਿਮਲਾ), ਭਾਈ ਸਰੂ ਸਿੰਘ ਕਲਕੱਤਾ, ਭਾਈ ਦਲੀਪ

**ਬਾਕੀ ਸਫ਼ਾ 32 'ਤੇ**

# ਕੁਦਰਤ ਨਾਲ ਇਕਮਿਕਤਾ ਤੋਂ ਤੋੜ ਵਿਛੋੜਾ

**ਗੁਰਚਰਨ ਸਿੰਘ ਨੂਰਪੁਰ**
ਸੰਪਰਕ: 98550-51099

ਖਲੀਲ ਜਿਬਰਾਨ ਦਾ ਕਥਨ ਹੈ 'ਮਿਹਨਤ ਰਾਹੀਂ ਅਸੀਂ ਜੀਵਨ ਨੂੰ ਪਿਆਰ ਕਰਦੇ ਹਾਂ ਅਤੇ ਜੀਵਨ ਦੇ ਧੁਰ ਅੰਦਰਲੇ ਨਾਲ ਇੱਕਮਿਕ ਹੁੰਦੇ ਹਾਂ।' ਮਸ਼ੀਨਾਂ ਅਤੇ ਪਦਾਰਥਕ ਵਸਤਾਂ ਦੀ ਬਹੁਤਾਦ ਨੇ ਕੁਦਰਤ ਨਾਲ ਸਾਡੀ ਇਕਮਿਕਤਾ ਲਗਪਗ ਖ਼ਤਮ ਕਰ ਦਿੱਤੀ ਹੈ। ਕੋਈ ਸਮਾਂ ਸੀ ਜਦੋਂ ਮਨੁੱਖ ਨੂੰ ਆਪਣੀਆਂ ਲੋੜਾਂ ਦੀ ਪੂਰਤੀ ਲਈ ਰੁੱਖਾਂ 'ਤੇ ਚੜ੍ਹਨਾ; ਦਰਿਆਵਾਂ, ਨਹਿਰਾਂ, ਛੱਪੜਾਂ ਵਿੱਚ ਤੈਰਨਾ ਅਤੇ ਕਈ ਕਈ ਮੀਲ ਤੁਰਨਾ ਪੈਂਦਾ ਸੀ। ਉਦੋਂ ਘਰ ਦੇ ਪਾਲਤੂ ਜਾਨਵਰ ਅਤੇ ਘਰਾਂ, ਖੇਤਾਂ ਵਿੱਚ ਖੜ੍ਹੇ ਦਰੱਖਤਾਂ ਨਾਲ ਵੀ ਮਨੁੱਖ ਦਾ ਪਰਿਵਾਰ ਦੇ ਜੀਆਂ ਵਰਗਾ ਮੋਹ ਸੀ। ਅੱਜ ਬਹੁਤੀਆਂ ਬਿਮਾਰੀਆਂ ਅਤੇ ਪ੍ਰੇਸ਼ਾਨੀਆਂ ਦਾ ਕਾਰਨ ਮਨੁੱਖ ਵੱਲੋਂ ਪੈਦਾ ਕੀਤੀਆਂ ਸੁੱਖ ਸਹੂਲਤਾਂ ਹਨ। ਬਦਲੀ ਹੋਈ ਜੀਵਨ ਸ਼ੈਲੀ ਨਾਲ ਬਹੁਤ ਕੁਝ ਬਦਲ ਗਿਆ ਹੈ। ਉਹ ਕੰਮ ਜਿਨ੍ਹਾਂ 'ਤੇ ਬਹੁਤ ਸਾਰੀ ਮਨੁੱਖੀ ਮਿਹਨਤ ਖਰਚ ਹੁੰਦੀ ਸੀ, ਮਸ਼ੀਨਾਂ ਨੇ ਸੰਭਾਲ ਲਏ ਹਨ। ਹੁਣ ਮਨੁੱਖ ਨੂੰ ਹੱਥ ਹਿਲਾਉਣ ਦੀ ਪਹਿਲਾਂ ਜਿਹੀ ਲੋੜ ਨਹੀਂ ਰਹੀ। ਤਾਕਤ ਅਤੇ ਸਖ਼ਤ ਮਿਹਨਤ ਦੀ ਥਾਂ ਹੁਣ ਅਕਲ ਤੇ ਜੁਗਤ ਨੇ ਲੈ ਲਈ ਹੈ। ਕੁਝ ਸਮਾਂ ਪਹਿਲਾਂ ਡਾਕਟਰ, ਮਰੀਜ਼ ਨੂੰ ਸਲਾਹ ਦਿੰਦੇ ਸਨ ਕਿ 'ਕੁਝ ਖਾਇਆ ਪੀਆ ਕਰੋ ਅਤੇ ਆਰਾਮ ਕਰੋ';ਹੁਣ ਡਾਕਟਰ ਸਲਾਹ ਦਿੰਦਾ ਹੈ 'ਕੰਮ ਕਰਿਆ ਕਰੋ, ਆਪਣੇ ਖਾਣ ਪੀਣ 'ਤੇ ਵੀ ਕੰਟਰੋਲ ਕਰੋ।'

ਕੋਈ ਸਮਾਂ ਸੀ ਜਦੋਂ ਪਿੰਡਾਂ ਦੇ ਲੋਕ ਪਹਿਰ ਦੇ ਤੜਕੇ ਜਾਗ ਕੇ ਹਲ ਵਾਹੁੰਦੇ ਕਈ ਮੀਲਾਂ ਦਾ ਸਫ਼ਰ ਕਰ ਲੈਂਦੇ ਸਨ। ਲੋਕ ਮੱਝਾਂ, ਗਾਵਾਂ, ਭੇਡਾਂ ਬੱਕਰੀਆਂ ਚਾਰਨ ਲਈ ਬਾਹਰ ਦੂਰ ਚਰਾਂਦਾਂ ਤਕ ਲੈ ਕੇ ਜਾਂਦੇ, ਸ਼ਾਮ ਨੂੰ ਪੱਠਿਆਂ ਦਾ ਕੁਤਰਾ ਕਰਦੇ, ਖੇਤਾਂ ਨੂੰ ਪਾਣੀ ਲਾਉਂਦੇ। ਜੇਕਰ ਫਿਰ ਵੀ ਕਦੇ ਉਨ੍ਹਾਂ ਕੋਲ ਸਮਾਂ ਬਚਦਾ ਤਾਂ ਉਹ ਇਹ ਸਮਾਂ ਸਣ ਕੱਢ ਕੇ ਜਾਂ ਸਣ ਦੇ ਰੱਸੇ, ਵਾਣ ਆਦਿ ਵੱਟ ਕੇ ਬਤੀਤ ਕਰਦੇ। ਸਿਆਲਾਂ ਵਿੱਚ ਕਣਕ ਦੀਆਂ ਭਰੀਆਂ ਬੰਨ੍ਹਣ ਲਈ ਖੱਬੜ ਵੱਟਣਾ ਇੱਕ ਰੌਚਿਕ ਕੰਮ ਹੁੰਦਾ ਸੀ ਜੋ ਸਮੇਂ ਦੇ ਨਾਲ ਖ਼ਤਮ ਹੋ ਗਿਆ। ਨੌਜਵਾਨ ਮੁੰਡੇ ਖੇਤਾਂ ਵਿੱਚ ਕੰਮ ਕਰਵਾਉਂਦੇ, ਕਬੱਡੀ ਖੇਡਦੇ, ਬੋਰੀਆਂ ਚੁੱਕਦੇ। ਨਸ਼ਿਆਂ ਵਰਗੀਆਂ ਅਲਾਮਤਾਂ ਦਾ ਉਨ੍ਹਾਂ ਨੂੰ ਚਿੱਤ ਚੇਤਾ ਵੀ ਨਹੀਂ ਸੀ। ਘਰਾਂ ਦਾ ਕੰਮ ਕਰਨ ਵਾਲੀਆਂ ਸੁਆਣੀਆਂ ਤੜਕੇ ਉੱਠ ਕੇ ਹੱਥ ਚੱਕੀ 'ਤੇ ਆਟਾ ਪੀਸਦੀਆਂ, ਦੁੱਧ ਰਿੜਕਦੀਆਂ, ਮਾਲ ਡੰਗਰ ਦੀ ਸੰਭਾਲ ਕਰਦੀਆਂ, ਰੋਟੀ ਵੇਲੇ ਰੋਟੀਆਂ ਪਕਾ ਕੇ ਖੇਤੀਂ ਲੈ ਜਾਂਦੀਆਂ, ਵਿਹਲੇ ਸਮੇਂ ਉਹ ਮੂੰਗਲੀਆਂ ਨਾਲ ਉੱਖਲੀ ਵਿੱਚ ਚੌਲ ਛੜਦੀਆਂ, ਚਰਖੇ ਕੱਤਦੀਆਂ, ਕਢਾਈ ਸਿਲਾਈ ਦੇ ਕੰਮ ਕਰਦੀਆਂ ਅਤੇ ਪੱਖੀਆਂ, ਮੰਜੇ, ਦਰੀਆਂ, ਖੇਸ ਆਦਿ ਉਣਦੀਆਂ ਸਨ। ਦੂਰੋਂ ਛੱਪੜਾਂ ਤੇ ਟੋਭਿਆਂ ਤੋਂ ਮਿੱਟੀ ਲਿਆ ਕੇ ਕੋਠੇ ਲਿੱਪਣਾ ਵੀ ਜ਼ਰੂਰੀ ਕੰਮ ਹੁੰਦਾ ਸੀ। ਇਹ ਸਾਰੇ ਕੰਮ ਹੁਣ ਇਤਿਹਾਸ ਬਣ ਗਏ ਹਨ। ਸਮੇਂ ਦੇ ਨਾਲ ਨਾਲ ਸਾਡਾ ਰਹਿਣ ਸਹਿਣ ਤੇ ਸਾਡੇ ਕੰਮ ਵੀ ਬਦਲ ਗਏ ਹਨ। ਅਨੇਕਾਂ ਉਹ ਸਿਰਦਰਦੀਆਂ ਅਸਾਂ ਬੇਵਜ੍ਹਾ ਹੀ ਸਹੇੜ ਲਈਆਂ ਹਨ ਜਿਨ੍ਹਾਂ ਦੇ ਬਗ਼ੈਰ ਵੀ ਸਰ ਸਕਦਾ ਸੀ। ਦਰਅਸਲ, ਜੋ ਕੰਮ ਹੱਥੀਂ ਕੀਤੇ ਜਾਂਦੇ ਸਨ, ਉਹ ਹੁਣ ਮਸ਼ੀਨਾਂ ਰਾਹੀਂ ਘੰਟਿਆਂ ਵਿੱਚ ਹੋ ਜਾਂਦੇ ਹਨ। ਸਰੀਰਿਕ ਮਿਹਨਤ ਅਤੇ ਲੋਕਾਂ ਦਾ ਇਨ੍ਹਾਂ ਕੰਮਾਂ ਨੂੰ ਰਲ-ਮਿਲ ਕਰਨ ਦਾ ਸੰਕਲਪ ਹੁਣ ਸਮੇਂ ਦੀ ਧੂੜ ਵਿੱਚ ਕਿਧਰੇ ਅਲੋਪ ਹੋ ਗਿਆ ਹੈ।

ਕੁਦਰਤ ਦੇ ਪਸਾਰੇ ਵਿੱਚ ਹਰ ਸ਼ੈਅ ਲਗਾਤਾਰ ਬਦਲਦੀ ਰਹਿੰਦੀ ਹੈ। ਇਹ ਬਦਲਾਅ ਸਦਾ ਜਾਰੀ ਰਹਿੰਦਾ ਹੈ ਅਤੇ ਜਾਰੀ ਰਹੇਗਾ, ਪਰ ਹਕੀਕਤ ਇਹ ਹੈ ਕਿ ਕੁਦਰਤ ਅਤੇ ਕੁਦਰਤੀ ਵਸੀਲਿਆਂ ਤੋਂ ਟੁੱਟ ਕੇ ਮਨੁੱਖ ਦਾ ਗੁਜ਼ਾਰਾ ਅਸੰਭਵ ਹੈ। ਜਿਉਂ ਜਿਉਂ ਸਰੀਰਿਕ ਕੰਮ ਘੱਟ ਹੋ ਰਹੇ ਹਨ, ਸਮਾਜ ਵਿੱਚ ਮਾਨਸਿਕ ਵਿਗਾੜ ਓਨੀ ਤੇਜ਼ੀ ਨਾਲ ਵਧ ਰਹੇ ਹਨ। ਅੱਜ ਮਨੁੱਖ ਨੂੰ ਸਰੀਰਿਕ ਬਿਮਾਰੀਆਂ ਹੀ ਨਹੀਂ ਸਗੋਂ ਬਹੁਤ ਸਾਰੀਆਂ ਅਜਿਹੀਆਂ ਮਾਨਸਿਕ ਬਿਮਾਰੀਆਂ ਵੀ ਚਿੰਬੜ ਰਹੀਆਂ ਹਨ ਜਿਨ੍ਹਾਂ ਤੋਂ ਸਾਡੇ ਸਮਾਜ ਦੇ ਬਹੁਤ ਘੱਟ ਭਾਵ ਸਿਰਫ਼ 5-6 ਫ਼ੀਸਦੀ ਲੋਕ ਹੀ ਵਾਕਫ਼ ਸਨ। ਇਸ ਸਬੰਧੀ ਯਾਂ ਯਾਕ ਰੂਸੋ ਨੇ ਦੋ ਸਦੀਆਂ ਪਹਿਲਾਂ ਹੀ ਕਹਿ ਦਿੱਤਾ ਸੀ ਕਿ 'ਮਿਹਨਤ ਅਤੇ ਸੰਜਮ ਦੋਵੇਂ ਮਨੁੱਖ ਦੇ ਡਾਕਟਰ ਹਨ।' ਅੱਜ ਦੁਨੀਆਂ ਭਰ ਵਿੱਚ ਮਾਨਸਿਕ ਬਿਮਾਰੀਆਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਇਨ੍ਹਾਂ ਦਾ ਕਾਰਨ ਵੀ ਸਾਡੀ ਤੇਜ਼ ਰਫ਼ਤਾਰ ਜ਼ਿੰਦਗੀ ਹੈ। ਵਿਕਸਿਤ ਮੁਲਕਾਂ ਵਿੱਚ ਇਹ ਬਿਮਾਰੀਆਂ ਵਿਕਾਸਸ਼ੀਲ ਦੇਸ਼ਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਹਨ। ਭਾਵ ਜਿੱਥੇ ਜਿੰਨੇ ਵੱਧ ਸਾਧਨ ਵਿਕਸਿਤ ਹੋਏ ਹਨ, ਜਿੱਥੇ ਲੋਕਾਂ ਦੀ ਜਿਊਣ ਹਾਲਤਾਂ ਭਾਵੇਂ ਸੁਧਰੀਆਂ, ਪਰ ਮਾਨਸਿਕ ਤੌਰ 'ਤੇ ਲੋਕ ਕੰਗਾਲ ਹੋ ਰਹੇ ਹਨ। ਦੂਜਿਆਂ ਦੇ ਮੁਕਾਬਲੇ ਵੱਧ ਪ੍ਰੇਸ਼ਾਨ ਹੋ ਰਹੇ ਹਨ। ਜ਼ਿੰਦਗੀ ਵਿੱਚ ਵਧੀ ਨੱਠ-ਭੱਜ ਅਤੇ ਜ਼ਿਆਦਾ ਤੋਂ ਜ਼ਿਆਦਾ ਸਾਧਨ ਜੁਟਾਉਣ ਦੀ ਹਵਸ ਨੇ ਇੱਕ ਨਾ ਮੁੱਕਣ ਵਾਲੀ ਬੇਚੈਨੀ ਨੂੰ ਜਨਮ ਦਿੱਤਾ ਹੈ। ਇਸ ਦੇ ਸਿੱਟੇ ਵਜੋਂ ਮਨੁੱਖ ਲਗਾਤਾਰ ਪ੍ਰੇਸ਼ਾਨ, ਥੱਕਿਆ, ਉਦਾਸ, ਨਿਰਾਸ਼ਾਵਾਦੀ ਹੋਣ ਲੱਗਦਾ ਹੈ। ਲਗਾਤਾਰ ਅਜਿਹੀ ਸਥਿਤੀ ਵਿੱਚ ਰਹਿਣ ਉਪਰੰਤ ਸਾਡਾ ਦਿਮਾਗ਼ ਇਨ੍ਹਾਂ ਹਾਲਤਾਂ ਦੀ ਆਦਤ ਬਣਾ ਲੈਂਦਾ ਹੈ ਜਿਸ ਦੇ ਨਤੀਜੇ ਵਜੋਂ ਮਨੁੱਖ ਉਦਾਸੀ ਦੇ ਰੋਗ ਦਾ ਸ਼ਿਕਾਰ ਹੋ ਜਾਂਦਾ ਹੈ।



ਦੁਨੀਆਂ ਭਰ ਦੇ ਚਕਿਤਸਕ ਹੁਣ ਇਹ ਮੰਨਣ ਲੱਗੇ ਹਨ ਕਿ ਸਰੀਰਕ ਬਿਮਾਰੀਆਂ ਦੇ ਨਾਲ ਨਾਲ ਮਾਨਸਿਕ ਵਿਕਾਰ ਬੜੀ ਤੇਜ਼ੀ ਨਾਲ ਵਧ ਰਹੇ ਹਨ। ਜਿੱਥੇ ਵਧੀ ਤਕਨਾਲੋਜੀ ਨਾਲ ਕਈ ਤਰ੍ਹਾਂ ਦੀਆਂ ਭਿਆਨਕ ਬਿਮਾਰੀਆਂ 'ਤੇ ਕਾਬੂ ਪਾਉਣ ਵਿੱਚ ਮਦਦ ਮਿਲੀ ਹੈ, ਉੱਥੇ ਇਸ ਦਾ ਦੂਜਾ ਪੱਖ ਇਹ ਹੈ ਕਿ ਬਿਮਾਰੀਆਂ 'ਤੇ ਕਾਬੂ ਪਾਉਣ ਨਾਲ ਮੌਤ ਦਰ ਘਟੀ ਹੈ। ਇਸ ਸਦਕਾ ਪਿਛਲੇ ਦੋ ਢਾਈ ਦਹਾਕਿਆਂ ਤੋਂ ਆਬਾਦੀ ਬੜੀ ਤੇਜ਼ੀ ਨਾਲ ਵਧਣੀ ਸ਼ੁਰੂ ਹੋਈ ਹੈ। ਇਸ ਦੇ ਸਿੱਟੇ ਵਜੋਂ ਸਾਨੂੰ ਖਾਣ ਪੀਣ ਦੀਆਂ ਵਸਤਾਂ, ਕੱਪੜਾ ਅਤੇ ਸਿਰ ਲੁਕਾਵਿਆਂ ਦੀ ਪਹਿਲਾਂ ਨਾਲੋਂ ਕਿਤੇ ਵੱਧ ਲੋੜ ਹੈ। ਇਨ੍ਹਾਂ ਦੀ ਪੂਰਤੀ ਲਈ ਜ਼ਿਆਦਾ ਕਾਰਖਾਨਿਆਂ, ਮਿੱਲਾਂ ਤੇ ਫੈਕਟਰੀਆਂ ਦੀ ਲੋੜ ਹੈ। ਇਨ੍ਹਾਂ ਤੋਂ ਪੈਦਾ ਹੁੰਦੇ ਹਵਾ, ਪਾਣੀ ਅਤੇ ਭੂਮੀ ਪ੍ਰਦੂਸ਼ਣ ਨੇ ਸਾਡੀ ਸਰੀਰਕ ਤੰਦਰੁਸਤੀ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਖੇਤੀ ਦੀ ਪੈਦਾਵਾਰ ਵਧਾਉਣ ਲਈ ਰਸਾਇਣਕ ਖਾਦਾਂ, ਨਦੀਨ ਨਾਸ਼ਕ ਅਤੇ ਕੀਟਨਾਸ਼ਕ ਦਵਾਈ ਨਾਲ ਵਾਤਾਵਰਨ ਪਲੀਤ ਹੋਣ ਲੱਗਾ ਹੈ ਅਤੇ ਇਨ੍ਹਾਂ ਦੇ ਮਾਰੂ ਅਸਰ ਨਾਲ ਅਸੀਂ ਕਈ ਤਰ੍ਹਾਂ ਦੀਆਂ ਬਿਮਾਰੀਆਂ ਦੇ ਸ਼ਿਕਾਰ ਬਣ ਰਹੇ ਹਾਂ।

ਵਿਹਲੇ ਰਹਿਣ ਕਰਕੇ ਅਸੀਂ ਅਨੇਕਾਂ ਬਿਮਾਰੀਆਂ ਲਗਾਤਾਰ ਸਹੇੜ ਰਹੇ ਹਾਂ। ਡਾਕਟਰੀ ਵਿਗਿਆਨ ਨੇ ਸਾਨੂੰ ਦੱਸਿਆ ਕਿ ਮਨੁੱਖ ਖਾਣੇ ਤੋਂ ਜਿੰਨੀ ਐਨਰਜੀ (ਕੈਲੋਰੀਜ਼) ਹਾਸਲ ਕਰਦਾ ਹੈ, ਸਰੀਰਕ ਮਿਹਨਤ ਕਰਕੇ ਉਸ ਨੂੰ ਇਹ ਐਨਰਜੀ ਖਰਚ ਵੀ ਕਰਨੀ ਚਾਹੀਦੀ ਹੈ। ਅੱਜ ਹਾਈ ਬਲੱਡ ਪ੍ਰੈਸ਼ਰ, ਸ਼ੂਗਰ, ਕੋਲੈਸਟਰੋਲ, ਹਾਰਟ ਅਟੈਕ, ਬਰੇਨ ਸਟ੍ਰੋਕ ਆਦਿ ਬਿਮਾਰੀਆਂ ਵੱਡੀ ਗਿਣਤੀ ਲੋਕਾਂ ਨੂੰ ਆਪਣੀ ਗ੍ਰਿਫ਼ਤ ਵਿੱਚ ਲੈ ਰਹੀਆਂ ਹਨ। ਇਸ ਦੇ ਮੁੱਖ ਕਾਰਨ ਮਾਨਸਿਕ ਤਣਾਅ, ਗੰਦਾ ਵਾਤਾਵਰਣ ਹੋਣ ਦੇ ਨਾਲ ਨਾਲ ਸਰੀਰਕ ਮਿਹਨਤ ਦਾ ਘਟਣਾ ਹੈ। ਜ਼ਿਆਦਾ ਚਰਬੀ ਵਾਲੇ ਭੋਜਨ ਪਦਾਰਥ ਖਾਣੇ ਅਤੇ ਵਿਹਲੇ ਰਹਿਣਾ ਮਨੁੱਖ ਦੀ ਆਦਤ ਬਣ ਰਿਹਾ ਹੈ। ਜਿਸ ਕਾਰਨ ਵਾਧੂ ਚਰਬੀ ਸਰੀਰ ਵਿੱਚ ਜਮ੍ਹਾਂ ਹੁੰਦੀ ਰਹਿੰਦੀ ਹੈ ਜੋ ਕਈ ਬਿਮਾਰੀਆਂ ਨੂੰ ਜਨਮ ਦਿੰਦੀ ਹੈ। ਅਸੀਂ ਪੰਜਾਬੀ ਢੰਗ ਦੇ ਸਾਰੇ ਖਾਣਿਆਂ ਨੂੰ ਹੌਲੀ ਹੌਲੀ ਤਿਆਗ ਰਹੇ ਹਾਂ। ਗੁੜ ਦਾ ਸ਼ਰਬਤ, ਸ਼ਕੰਜਵੀ, ਸੱਤੂ, ਚਾਟੀ ਦੀ ਲੱਸੀ, ਅੱਧਰਿੜਕਿਆ ਦਹੀਂ ਆਦਿ ਨੂੰ ਹੁਣ ਕੋਲਡ ਡਰਿੰਕਸ ਬੁਰੀ ਤਰ੍ਹਾਂ ਮਾਤ ਪਾ ਗਏ ਹਨ। ਭੱਠੀ ਦੇ ਦਾਣੇ ਮੱਕੀ ਦੇ ਫੁੱਲੇ, ਮੁਰਮਰੇ, ਹੋਲਾਂ ਖਾਣ ਅਤੇ ਗੰਨੇ ਚੂਪਣ ਨਾਲ ਦੰਦਾਂ ਦੀ ਜੰਮ ਕੇ ਕਸਰਤ ਹੁੰਦੀ ਸੀ। ਇਸ ਸਭ ਕੁਝ ਨੂੰ ਅਸੀਂ ਲਗਪਗ ਤਿਆਗ ਹੀ ਦਿੱਤਾ ਹੈ। ਅਸੀਂ ਆਪਣੇ ਇਤਿਹਾਸ ਸੱਭਿਆਚਾਰ ਦੇ ਨਰੋਏ ਅਤੇ ਅਨੋਖੇ ਹੋਣ ਦੀਆਂ ਲੱਖ ਡੀਂਗਾਂ ਮਾਰੀਏ, ਪਰ ਅਸੀਂ ਕਿਰਤ ਸੱਭਿਆਚਾਰ ਅਤੇ ਕਿਰਤ ਕਰਨ ਵਾਲਿਆਂ ਦਾ ਸਤਿਕਾਰ ਕਰਨ ਵਾਲਾ ਸੱਭਿਆਚਾਰ ਨਹੀਂ ਉਸਾਰ ਸਕੇ ਜੋ ਹਰ ਸਮਾਜ ਦੀ ਮੁੱਢਲੀ ਬੁਨਿਆਦ ਹੈ। ਸਾਡੀ ਨਵੀਂ ਪੀੜ੍ਹੀ ਹੱਥੀਂ ਕੰਮ ਕਰਨ ਨੂੰ ਆਪਣੀ ਹੱਤਕ ਸਮਝਦੀ ਹੈ। ਟੀ.ਵੀ., ਮੋਬਾਈਲ ਅਤੇ ਆਵਾਜਾਈ ਦੇ ਸਾਧਨਾਂ ਦੀ ਭਰਮਾਰ ਨੇ ਵੀ ਉਨ੍ਹਾਂ ਦੇ ਪੈਰ ਜ਼ਮੀਨ ਤੋਂ ਉਤਾਂਹ ਚੁੱਕਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਇਹ ਵੀ ਸਾਡੇ ਸਮੇਂ ਦਾ ਸੰਤਾਪ ਹੀ ਹੈ ਕਿ ਸਹੀ ਮਾਅਨਿਆਂ ਵਿੱਚ ਮਿਹਨਤ ਦੀ ਥਾਂ ਬਣਾਉਟੀ ਮਿਹਨਤ ਕੇਂਦਰ ਖੁੱਲ੍ਹ ਰਹੇ ਹਨ। ਲੋਕਾਂ ਦੀਆਂ ਬਿਮਾਰੀਆਂ ਪ੍ਰੇਸ਼ਾਨੀਆਂ ਨੂੰ ਦੂਰ ਕਰਨ ਦੇ ਦਾਅਵੇ ਕਰਨ ਵਾਲੇ ਵਪਾਰੀ ਆਮ ਮਨੁੱਖ ਦੀ ਇਸ ਨਬਜ਼ ਨੂੰ ਪਛਾਣਦੇ ਹਨ। ਉਨ੍ਹਾਂ ਨੇ ਵੱਡੇ ਪੱਧਰ 'ਤੇ ਦੇਸੀ ਜੜੀਆਂ ਬੂਟੀਆਂ ਦੇ ਅਖੌਤੀ ਚਮਤਕਾਰੀ ਨੁਸਖੇ ਪੇਟੈਂਟ ਕਰਕੇ ਬੜੇ ਮਹਿੰਗੇ ਮੁੱਲ ਵੇਚਣੇ ਸ਼ੁਰੂ ਕਰ ਦਿੱਤੇ ਹਨ। ਹੱਥੀਂ ਮਿਹਨਤ ਕਰਨ ਵਾਲਾ ਮਨੁੱਖ ਸਰੀਰਿਕ ਅਤੇ ਮਾਨਸਿਕ ਤੌਰ 'ਤੇ ਵਿਹਲੇ ਰਹਿਣ ਵਾਲੇ ਮਨੁੱਖ ਨਾਲੋਂ ਤੰਦਰੁਸਤ ਹੁੰਦਾ ਹੈ। ਇਸ ਨਾਲ ਸਾਡੇ ਪੈਸੇ ਦੀ ਬੱਚਤ ਵੀ ਹੁੰਦੀ ਹੈ। ਜ਼ਿੰਦਗੀ ਵਿੱਚ ਤਣਾਅ ਕਿਉਂ ਪੈਦਾ ਹੋਇਆ ? ਇਸ ਗੱਲ ਨੂੰ ਸਮਝਣ ਦੀ ਬਜਾਏ ਇਸ ਨੂੰ ਦੂਰ ਕਰਨ ਲਈ ਧਰਮ ਅਸਥਾਨਾਂ 'ਤੇ ਮੱਥੇ ਰਗੜੇ ਜਾਂਦੇ ਹਨ। ਸਾਈਕਲ ਚਲਾਉਣ ਵਿੱਚ ਆਪਣੀ ਹੱਤਕ ਸਮਝਣ ਲੱਗੇ ਹਾਂ, ਪਰ ਹੈਲਥ ਕਲੱਬ ਵਿੱਚ ਜਾ ਕੇ ਖੜ੍ਹੇ ਸਾਈਕਲ ਦੇ ਪੈਡਲ ਮਾਰਨਾ ਸ਼ਾਨ ਦੀ ਗੱਲ ਸਮਝਿਆ ਜਾਣ ਲੱਗਿਆ ਹੈ। ਪੜ੍ਹੀ ਲਿਖੀ ਤਹਿਜ਼ੀਬਯਾਫ਼ਤਾ ਜਮਾਤ ਵਿੱਚ ਉੱਚੀ ਹੱਸਣ ਨੂੰ ਮੂਰਖਤਾ ਸਮਝਿਆ ਜਾਂਦਾ ਹੈ, ਪਰ ਟੋਲੀਆਂ ਬਣਾ ਕੇ ਉੱਚੀ ਉੱਚੀ ਬਣਾਉਟੀ ਹਾਸੇ ਹੱਸਣਾ ਰੁਤਬੇਦਾਰੀ ਸਮਝਿਆ ਜਾਂਦਾ ਹੈ।

ਅੱਜ ਲੋੜ ਹੈ ਕਿ ਅਸੀਂ ਆਪਣੇ ਆਪੇ ਨਾਲ ਜੁੜੀਏ, ਕੁਦਰਤ ਨਾਲ ਇਕਮਿਕਤਾ ਪੈਦਾ ਕਰੀਏ ਅਤੇ ਸਾਡੀਆਂ ਸੋਚਾਂ ਵਿੱਚ ਅੰਬਰ ਦੀਆਂ ਉਡਾਰੀਆਂ ਹੋਣ, ਪਰ ਸਾਡੇ ਪੈਰ ਧਰਤੀ 'ਤੇ ਰਹਿਣ। ਕਿਤੇ ਅਜਿਹਾ ਨਾ ਹੋਵੇ ਕਿ ਇੱਕ ਵਾਰ ਉਖੜੇ ਸਾਡੇ ਪੈਰ ਮੁੜ ਧਰਤੀ ਉੱਤੇ ਨਾ ਲੱਗਣ।

# ਸੋਸ਼ਲ ਮੀਡੀਆ ਦੀ ਭਰੋਸੇਯੋਗਤਾ 'ਤੇ ਸਵਾਲੀਆ ਨਿਸ਼ਾਨ

**ਡਾ. ਸੀਪੀ ਕੰਬੋਜ**
ਸੰਪਰਕ : 9417455614

ਸੋਸ਼ਲ ਮੀਡੀਆ ਇਕ ਅਜਿਹਾ ਮੰਚ ਹੈ ਜਿਸ ਦੀ ਵਰਤੋਂ ਪੂਰੀ ਦੁਨੀਆ ਵਿਚ ਵੱਡੇ ਪੱਧਰ 'ਤੇ ਕੀਤੀ ਜਾਂਦੀ ਹੈ। ਭਾਰਤ ਵਿਚ ਫੇਸਬੁੱਕ, ਵੱਟਸਐਪ, ਟਵਿਟਰ ਦੀ ਵਰਤੋਂ ਰਿਕਾਰਡ ਤੋੜ ਅੰਕੜਿਆਂ ਨੂੰ ਪਾਰ ਕਰ ਚੁੱਕੀ ਹੈ। ਇਸ ਦਾ ਸਭ ਤੋਂ ਵੱਡਾ ਲਾਭ ਇਹ ਹੈ ਕਿ ਇਸ ਉੱਤੇ ਮੁਫ਼ਤ ਵਿੱਚ ਮੈਸਿਜ਼, ਫ਼ੋਟੋਆਂ ਤੇ ਵੀਡੀਓਜ਼ ਆਦਿ ਭੇਜੇ ਜਾ ਸਕਦੇ ਹਨ। ਇਸ ਰਾਹੀਂ ਸਮਾਜ ਦੇ ਮਹੱਤਵਪੂਰਨ ਮੁੱਦਿਆਂ ਉੱਤੇ ਵਿਚਾਰ ਚਰਚਾ ਕੀਤੀ ਜਾਂਦੀ ਹੈ। ਫੇਸਬੁੱਕ ਪੇਜਾਂ ਅਤੇ ਵੱਟਸਐਪ ਗਰੁੱਪਾਂ ਵਿੱਚ ਪਾਈਆਂ ਜਾਣ ਵਾਲੀਆਂ ਟਿੱਪਣੀਆਂ ਤੋਂ ਸਾਡੀ ਨੌਜਵਾਨ ਪੀੜ੍ਹੀ ਦਾ ਅਸਲ ਰੁਝਾਨ ਪਤਾ ਲਗਦਾ ਹੈ। ਕਈ ਲੋਕ ਸੋਸ਼ਲ ਮੀਡੀਆ ਮਾਰਕੀਟਿੰਗ ਰਾਹੀਂ ਘਰ ਬੈਠਿਆਂ ਕਮਾਈ ਕਰ ਰਹੇ ਹਨ।

ਪਿਛਲੇ ਕੁਝ ਸਮੇਂ ਤੋਂ ਸੋਸ਼ਲ ਮੀਡੀਆ ਉੱਤੇ ਅੰਧ ਵਿਸ਼ਵਾਸ ਫੈਲਾਉਣ ਵਾਲੀਆਂ ਤੇ ਝੂਠੀਆਂ ਖ਼ਬਰਾਂ ਛਾਇਆ ਹੋ ਰਹੀਆਂ ਹਨ। ਇਸ ਨਵੇਂ ਮੀਡੀਆ ਰਾਹੀਂ ਫੈਲਣ ਵਾਲੀਆਂ ਅਫ਼ਵਾਹਾਂ ਕਾਰਨ ਕਈ ਥਾਈਂ ਦੰਗੇ ਵੀ ਹੋ ਚੁੱਕੇ ਹਨ। ਗ਼ੈਰ-ਵਿਗਿਆਨਿਕ ਦੇਸੀ ਇਲਾਜ ਨਾਲ ਸਬੰਧਤ ਕਰਾਮਾਤੀ ਨੁਕਤਿਆਂ ਨੂੰ ਸਾਂਝਾ ਕਰਨ ਦੀਆਂ ਖ਼ਬਰਾਂ ਦਾ ਬਾਜ਼ਾਰ ਵੀ ਗਰਮ ਹੈ। ਝੂਠੀਆਂ ਖ਼ਬਰਾਂ, ਵੀਡੀਓ ਆਦਿ ਪਾਉਣ ਵਾਲੇ ਲੋਕਾਂ ਦਾ ਇਕ ਖ਼ਾਸ ਸਮੂਹ ਸਰਗਰਮ ਹੈ ਜੋ ਸਿਆਸੀ ਪਾਰਟੀਆਂ 'ਤੇ ਧਰਮ ਦੇ ਠੇਕੇਦਾਰਾਂ ਦਾ ਹੱਥਕੰਡਾ ਬਣ ਕੇ ਸਮਾਜ ਵਿੱਚ ਦੰਗੇ ਭੜਕਾਉਣ, ਜਾਤ-ਪਾਤ ਤੇ ਧਰਮ ਦੇ ਨਾਂ 'ਤੇ ਨਫ਼ਰਤ ਦਾ ਭਾਂਬੜ ਬਾਲਣ ਦਾ ਕੰਮ ਕਰ ਰਿਹਾ ਹੈ

* ਸੋਸ਼ਲ ਮੀਡੀਆ ਰਾਹੀਂ ਵਾਪਰੀਆਂ ਘਟਨਾਵਾਂ: ਇਸੇ ਵਰ੍ਹੇ ਮਈ ਤੋਂ ਹੁਣ ਤੱਕ 14 ਲੋਕਾਂ ਦੀਆਂ ਮੌਤਾਂ ਦਾ ਜ਼ਿੰਮੇਵਾਰ ਸੋਸ਼ਲ ਮੀਡੀਆ ਹੀ ਹੈ। ਅਸਾਮ ਅਤੇ ਕਸ਼ਮੀਰ ਵਿਚ ਦੰਗੇ ਕਰਵਾਉਣ ਵਿੱਚ ਟਵਿੱਟਰ ਦੀ ਗ਼ਲਤ ਵਰਤੋਂ ਦਾ ਵੱਡਾ ਹੱਥ ਹੈ। ਪਾਕਿਸਤਾਨ ਵੱਲੋਂ ਕਸ਼ਮੀਰ ਮਸਲੇ ਬਾਰੇ ਜਾਅਲੀ ਖਾਤਿਆਂ ਰਾਹੀਂ ਸੋਸ਼ਲ ਮੀਡੀਆ ਉੱਤੇ ਧੜੱਲੇ ਨਾਲ ਅਫ਼ਵਾਹਾਂ ਫੈਲਾਈਆਂ ਜਾ ਰਹੀਆਂ ਹਨ। ਸੋਸ਼ਲ ਮੀਡੀਆ ਦੀ ਕਮਜ਼ੋਰੀ ਦਾ ਸਾਡਾ ਗੁਆਂਢੀ ਮੁਲਕ ਫ਼ਾਇਦਾ ਲੈ ਕੇ ਇਸ ਨੂੰ 'ਟੈੱਕ-ਵਾਰ' ਦਾ ਰੂਪ ਦੇ ਰਿਹਾ ਹੈ। ਉੱਤਰ ਪ੍ਰਦੇਸ਼ ਦੇ 40 ਵਿਧਾਇਕਾਂ ਨੂੰ ਵੱਟਸਐਪ ਰਾਹੀਂ ਧਮਕੀ ਮਿਲਣੀ ਵੱਡੀ ਚਿੰਤਾ ਦਾ ਵਿਸ਼ਾ ਹੈ। ਅਜਿਹੇ ਬੁਰੇ ਕਾਰਨਾਮਿਆਂ ਦੀ ਸਿਆਸੀ ਪਾਰਟੀਆਂ, ਵੱਡੇ ਕੱਦ ਵਾਲੇ ਸਿਆਸੀ ਆਗੂ, ਸਮਾਜਕ ਜਥੇਬੰਦੀਆਂ ਦੇ ਕਾਰਕੁਨਾਂ ਵੱਲੋਂ ਖੁੱਲ੍ਹ ਕੇ ਨਿੰਦਾ ਕੀਤੀ ਜਾਣੀ ਚਾਹੀਦੀ ਹੈ।

* ਕੀ ਅਫ਼ਵਾਹ ਵਾਲੀ ਪੋਸਟ ਦਾ ਪਤਾ ਲਾਉਣਾ ਸੰਭਵ ਹੈ ?: ਸੋਸ਼ਲ ਮੀਡੀਆ ਉੱਤੇ ਪੋਸਟ ਕੀਤਾ ਸੁਨੇਹਾ, ਫ਼ੋਟੋ ਜਾਂ ਵੀਡੀਓ ਆਦਿ ਬਾਰੇ ਜਾਣਕਾਰੀ ਲੈਣੀ ਸੰਭਵ ਹੈ। ਪਰ ਸੋਸ਼ਲ ਮੀਡੀਆ ਚਲਾਉਣ ਵਾਲੀਆਂ ਕੰਪਨੀਆਂ ਇਸ ਵਿੱਚ ਆਪਣੀ ਬੇਵਸੀ ਪੇਸ਼ ਕਰ ਰਹੀਆਂ ਹਨ। ਦੱਸਣਯੋਗ ਹੈ ਕਿ ਯੂ-ਟਿਊਬ ਉੱਤੇ ਕੋਈ ਵੀ ਪੁਰਾਣੀ ਵੀਡੀਓ ਜਾਂ ਉਸ ਦਾ ਕੁਝ ਹਿੱਸਾ ਤੋੜ-ਮਰੋੜ ਕੇ ਪਾ ਦਿੱਤਾ ਜਾਵੇ ਤਾਂ ਕੰਪਨੀ ਉਸ ਦਾ ਪਤਾ ਲਗਾ ਕੇ ਉਸ ਨੂੰ ਹਟਾ ਦਿੰਦੀ ਹੈ। ਜੇ ਗੂਗਲ ਕੰਪਨੀ ਯੂ-ਟਿਊਬ ਲਈ ਅਜਿਹੀ ਤਕਨਾਲੋਜੀ ਵਿਕਸਿਤ ਕਰ ਸਕਦੀ ਹੈ ਤਾਂ ਬਾਕੀ ਸੋਸ਼ਲ ਮੀਡੀਆ ਕੰਪਨੀਆਂ ਨੂੰ ਅਜਿਹਾ ਕਰਨ ਵਿੱਚ ਕੋਈ ਮੁਸ਼ਕਿਲ ਨਹੀਂ ਆਉਣੀ ਚਾਹੀਦੀ। ਸੋਸ਼ਲ ਮੀਡੀਆ 'ਤੇ ਨਫ਼ਰਤ ਦੀ ਅੱਗ ਭੜਕਾਉਣ ਵਾਲੀਆਂ ਪੋਸਟਾਂ ਲੋਕ ਬਿਨਾਂ ਵਿਚਾਰੇ ਫਾਰਵਰਡ ਕਰ ਦਿੰਦੇ ਹਨ। ਇਸ ਹਾਲਤ ਵਿੱਚ ਅਜਿਹੀ ਮੂਲ ਪੋਸਟ ਸਭ ਤੋਂ ਪਹਿਲਾਂ ਪਾਉਣ ਵਾਲੇ ਵਰਤੋਂਕਾਰ ਨੂੰ ਲੱਭਣਾ ਔਖਾ ਹੋ ਜਾਂਦਾ ਹੈ। ਇਸ ਸਮੱਸਿਆ ਦੇ ਹੱਲ ਲਈ ਆਈਟੀ ਕੰਪਨੀਆਂ ਪਹਿਲੀ ਵਾਰ ਪੋਸਟ ਕੀਤੀ ਜਾਣ ਵਾਲੀ ਕਿਸੇ ਤਸਵੀਰ ਜਾਂ ਵੀਡੀਓ ਨਾਲ ਇਕ ਗੁਪਤ ਕੋਡ ਨਿਰਧਾਰਿਤ ਕਰ ਸਕਦੀਆਂ ਹਨ। ਅਜਿਹਾ ਕਰਨ ਨਾਲ ਸਭ ਤੋਂ ਪਹਿਲੀ ਸ਼ਰਾਰਤੀ ਪੋਸਟ ਪਾਉਣ ਵਾਲੇ ਨੂੰ ਪਕੜਿਆ ਜਾ ਸਕਦਾ ਹੈ।

* ਪੁਲੀਸ ਕੀ ਕਰੇ ?: ਸੋਸ਼ਲ ਮੀਡੀਆ ਦੀਆਂ ਸ਼ਿਕਾਇਤਾਂ ਦਾ ਨਿਬੇੜਾ ਕਰਨ ਲਈ ਪੁਲੀਸ ਨੂੰ ਸਮਰੱਥ ਬਣਾਇਆ ਜਾ ਰਿਹਾ ਹੈ। ਸਾਈਬਰ ਪੁਲੀਸ ਥਾਣੇ ਖੋਲ੍ਹੇ ਜਾ ਚੁੱਕੇ ਹਨ। ਸੋਸ਼ਲ ਮੀਡੀਆ ਸੈੱਲ ਸਥਾਪਿਤ ਕਰਨ ਦੀ ਗੱਲ ਵੀ ਚੱਲ ਰਹੀ ਹੈ। ਪੁਲੀਸ ਨੂੰ ਰੋਜ਼ਾਨਾ ਸੋਸ਼ਲ ਮੀਡੀਆ ਨਾਲ ਸਬੰਧਤ ਹਜ਼ਾਰਾਂ ਸ਼ਿਕਾਇਤਾਂ ਮਿਲਦੀਆਂ ਹਨ ਜਿਨ੍ਹਾਂ ਦੀ ਜਾਂਚ ਕਰਨਾ ਸੰਭਵ ਨਹੀਂ। 'ਪੁਲੀਸ ਦਾ ਡੰਡਾ' ਵਿਗੜੇ ਸਾਈਬਰ ਨਾਗਰਿਕਾਂ ਨੂੰ ਸਿੱਧਾ ਨਹੀਂ ਕਰ ਸਕਦਾ। ਇਸ ਕੰਮ ਲਈ ਵੱਡੇ ਪੱਧਰ 'ਤੇ ਜਾਗਰੂਕਤਾ ਲਹਿਰ ਚਲਾਉਣ ਦੀ ਲੋੜ ਹੈ। ਸਮਾਜ ਸੇਵੀ ਜਥੇਬੰਦੀਆਂ, ਲੇਖਕ ਸਭਾਵਾਂ 'ਤੇ ਬਾਕੀ ਸੰਸਥਾਵਾਂ ਜਾਗਰੂਕ ਕਰਨ ਵਿੱਚ ਵੱਡਾ ਯੋਗਦਾਨ ਪਾ ਸਕਦੀਆਂ ਹਨ।

* ਸਰਕਾਰ ਦੀ ਕਰੇ ?: ਸੋਸ਼ਲ ਮੀਡੀਆ ਰਾਹੀਂ ਦਿਨੋਂ-ਦਿਨ ਵੱਧ ਰਹੇ ਅਪਰਾਧਾਂ ਨੂੰ ਨੱਥ ਪਾਉਣ ਲਈ ਸਰਕਾਰ ਦੋ ਤਰ੍ਹਾਂ ਦੇ ਕੰਮ ਕਰ ਸਕਦੀ ਹੈ। ਪਹਿਲਾ ਸੋਸ਼ਲ ਮੀਡੀਆ ਕੰਪਨੀਆਂ ਦੀ ਜ਼ਿੰਮੇਵਾਰੀ ਤੈਅ ਕਰਨਾ ਤੇ ਦੂਜਾ ਵਰਤੋਂਕਾਰਾਂ ਦੀਆਂ ਸਾਈਬਰ ਗਤੀਵਿਧੀਆਂ ਨੂੰ ਨਿਯਮਤ ਜਾਂ ਰੈਗੂਲੇਟ ਕਰਨਾ। ਸਾਈਬਰ ਮੀਡੀਆ ਉੱਤੇ ਲੋਕਾਂ ਦੀਆਂ ਪੋਸਟਾਂ ਨੂੰ ਕਾਬੂ ਕਰਨ ਸਬੰਧੀ ਕਾਨੂੰਨ ਬਣਾਉਣ ਲਈ ਕੇਂਦਰ ਸਰਕਾਰ ਕਈ ਵਾਰ ਕੋਸ਼ਿਸ਼ ਕਰ ਚੁੱਕੀ ਹੈ ਪਰ ਇਹ ਕੰਮ ਪੂਰੀ ਤਰ੍ਹਾਂ ਸਿਰੇ ਨਹੀਂ ਚੜ੍ਹਿਆ। ਦੇਖਿਆ ਜਾਵੇ ਤਾਂ ਅਜਿਹਾ ਕਰਨਾ ਆਮ ਲੋਕਾਂ ਦੀ ਆਜ਼ਾਦੀ ਉੱਤੇ ਪਾਬੰਦੀ ਲਾਉਣ ਦੇ ਬਰਾਬਰ ਹੈ, ਜਿਸ ਕਾਰਨ ਸਰਕਾਰ ਦੀਆਂ ਅਜਿਹੀਆਂ ਕੋਸ਼ਿਸ਼ਾਂ ਨੂੰ ਨਾਕਾਮ ਬਣਾਉਣ ਲਈ ਸਾਡੇ ਮੁਲਕ ਵਿਚ ਵੱਡੇ ਅੰਦੋਲਨ ਹੋ ਚੁੱਕੇ ਹਨ। ਸੋਸ਼ਲ ਮੀਡੀਆ ਕੰਪਨੀਆਂ ਦੀ ਜ਼ਿੰਮੇਵਾਰੀ ਤੈਅ ਕਰਨਾ ਹੀ ਸਰਕਾਰ ਦਾ ਇੱਕੋ-ਇਕ ਤੇ ਅਸਰਦਾਰ ਪਹਿਲੂ ਹੈ। ਸਰਕਾਰ ਅਜਿਹਾ ਕਾਨੂੰਨ ਹੋਂਦ ਵਿੱਚ ਲਿਆਏ ਜਿਸ ਨਾਲ ਸੋਸ਼ਲ ਮੀਡੀਆ ਰਾਹੀਂ ਅਪਰਾਧ ਜਾਂ ਹੋਰ ਖ਼ਤਰਨਾਕ ਕੰਮਾਂ ਨੂੰ ਅੰਜਾਮ ਦੇਣ ਵਾਲੇ ਅਸਲ ਅਪਰਾਧੀਆਂ ਨੂੰ ਲੱਭਣਾ ਆਸਾਨ ਹੋਵੇ ਤੇ ਕੰਪਨੀਆਂ ਪੁਲੀਸ ਵੱਲੋ ਮੰਗੀ ਗਈ ਜਾਣਕਾਰੀ ਸਮੇਂ ਬੇਵਸੀ ਪ੍ਰਗਟ ਨਾ ਕਰਨ।



* ਕੰਪਨੀਆਂ ਕੀ ਕਰਨ ?: ਕੰਪਨੀਆਂ ਨੂੰ ਲਾਜ਼ਮੀ ਤੌਰ 'ਤੇ ਨਵੀਂ ਤਕਨੀਕ ਵਿਕਸਿਤ ਕਰਨੀ ਪਵੇਗੀ ਜੋ ਸਮਾਜ ਵਿਚ ਕੁੜੱਤਣ ਫੈਲਾਉਣ ਵਾਲੀਆਂ, ਮੁਲਕ ਦੀ ਇਕਜੁੱਟਤਾ 'ਤੇ ਧਾਵਾ ਬੋਲਣ ਵਾਲੀਆਂ, ਵੋਟਾਂ ਦੌਰਾਨ ਰਾਜਸੀ ਲਾਹਾ ਲੈਣ ਵਾਲੀਆਂ ਪੋਸਟਾਂ ਨੂੰ ਲੱਭ ਕੇ ਹਟਾਉਣ 'ਚ ਕਾਰਗਰ ਹੋਵੇ। ਨਵੀਂ ਤਕਨੀਕ ਸ਼ਰਾਰਤੀ ਅਨਸਰਾਂ ਨੂੰ ਬੜੀ ਸਫ਼ਾਈ ਨਾਲ ਫੜਨ 'ਚ ਸਮਰੱਥ ਹੋਵੇ। ਕਿਧਰੇ ਅਜਿਹਾ ਨਾ ਹੋਵੇ ਕਿ ਲੋਕਾਂ ਨੂੰ ਆਪਸ ਵਿੱਚ ਜੋੜਨ ਵਾਲਾ ਮੀਡੀਆ ਅਪਰਾਧੀਆਂ ਦਾ ਗੜ੍ਹ ਬਣ ਜਾਵੇ ਤੇ ਚੰਗੇ ਲੋਕਾਂ ਨੂੰ ਸੋਸ਼ਲ ਮੀਡੀਆ ਦੇ ਫ਼ਾਨੀ ਸੰਸਾਰ ਨੂੰ ਛੱਡ ਕੇ ਵਾਪਸ ਆਉਣਾ ਪਵੇ।

* ਕੁਝ ਨੁਕਤੇ : ਭਾਰਤ ਵਿੱਚ ਇੱਕ ਫ਼ੀਸਦੀ ਤੋਂ ਵੀ ਘੱਟ ਸੋਸ਼ਲ ਮੀਡੀਆ ਖਾਤੇ ਅਜਿਹੇ ਹਨ ਜੋ ਸਹੀ ਤਰੀਕੇ ਰਾਹੀਂ ਵੈਰੀਫਾਈ ਜਾਂ ਤਸਦੀਕ ਕੀਤੇ ਹੋਏ ਹਨ। ਵੱਟਸਐਪ, ਫੇਸਬੁੱਕ, ਟਵਿੱਟਰ ਆਦਿ ਉੱਤੇ ਖਾਤਾ ਖੋਲ੍ਹਣ ਸਮੇਂ ਓਟੀਪੀ ਸਹੀ ਮੋਬਾਈਲ ਨੰਬਰ, ਈ-ਮੇਲ ਰਾਹੀ ਸ਼ਨਾਖ਼ਤ ਕਰਵਾਈ ਜਾਵੇ ਤਾਂ ਜੋ ਲੋੜ ਪੈਣ 'ਤੇ ਉਸ ਦੀ ਸਹੀ ਜਾਂਚ ਕੀਤੀ ਜਾ ਸਕੇ।

* ਫੇਸਬੁੱਕ 'ਤੇ ਆਪਣਾ ਮੋਬਾਈਲ ਨੰਬਰ ਜ਼ਰੂਰ

**ਬਾਕੀ ਸਫ਼ਾ 32 'ਤੇ**

# ਫਿੱਕੇ ਪੈ ਰਹੇ ਤੀਆਂ ਦੇ ਰੰਗ

**ਕੰਵਲਜੀਤ ਕੌਰ ਢਿੱਲੋਂ**
(ਸੰਪਰਕ : 94787-93231)

ਤੀਆਂ ਤੀਜ ਦੀਆਂ ਵਰ੍ਹੇ ਪਿੱਛੋਂ ਆਈਆਂ
ਇਹ ਇੱਕ ਬੋਲੀ ਹੀ ਨਹੀਂ ਸਗੋਂ ਮਨ ਦੇ ਵਲਵਲੇ ਅਤੇ ਚਾਵਾਂ ਦਾ ਪ੍ਰਗਟਾਵਾ ਹੈ, ਜੋ ਸੌਣ ਦਾ ਮਹੀਨਾ ਆਉਣ 'ਤੇ ਹਰ ਕੁੜੀ ਦੇ ਮਨ ਵਿੱਚ ਉੱਠਦੇ ਹਨ। ਸੌਣ ਦੇ ਮਹੀਨੇ ਦਾ ਸਬੰਧ ਜਿੱਥੇ ਵਰਖਾ ਰੁੱਤ ਨਾਲ ਹੈ, ਉੱਥੇ ਤੀਆਂ ਦੇ ਤਿਓਹਾਰ ਦਾ ਸਬੰਧ ਵੀ ਇਸ ਮਹੀਨੇ ਨਾਲ ਜੁੜਿਆ ਹੋਇਆ ਹੈ। ਸੌਣ ਮਹੀਨੇ ਆਉਣ ਵਾਲੇ ਹਰ ਐਤਵਾਰ ਤੀਆਂ ਦਾ ਤਿਓਹਾਰ ਮਨਾਇਆ ਜਾਂਦਾ ਹੈ। ਪਰ ਹੁਣ ਇਸ ਤਿਓਹਾਰ ਵਿੱਚ ਪਹਿਲਾਂ ਵਾਲੀ ਰੰਗਤ ਨਹੀਂ ਰਹੀ। ਹੁਣ ਪੀਂਘਾਂ ਝੂਟਣ ਲਈ ਨਾ ਉਹ ਪਿੱਪਲ ਤੇ ਬੋਹੜ ਰਹੇ ਤੇ ਨਾ ਹੀ ਕੁੜੀਆਂ ਕੋਲ ਇੰਨਾ ਸਮਾਂ ਕਿ ਇਸ ਤਿਓਹਾਰ ਨੂੰ ਅਸਲੀ ਰੂਪ ਵਿੱਚ ਮਨਾਇਆ ਜਾ ਸਕੇ।

ਜੇਕਰ ਪੁਰਾਣੇ ਸਮੇਂ ਦੀਆਂ ਤੀਆਂ ਦੀ ਗੱਲ ਕੀਤੀ ਜਾਵੇ ਤਾਂ ਸੌਣ ਮਹੀਨਾ ਚੜ੍ਹਨ ਤੋਂ ਕੁਝ ਦਿਨ ਪਹਿਲਾਂ ਭਰਾ ਆਪਣੀਆਂ ਸਹੁਰੇ ਗਈਆਂ ਭੈਣਾਂ ਖ਼ਾਸ ਕਰ ਸੱਜ ਵਿਆਹੀਆਂ ਨੂੰ ਪੇਕੇ ਘਰ ਲੈ ਆਉਂਦੇ ਸਨ। ਸੱਜ-ਵਿਆਹੀਆਂ ਮੁਟਿਆਰਾਂ ਸੌਣ ਦੇ ਮਹੀਨੇ ਦਾ ਬੜੀ ਬੇਸਬਰੀ ਨਾਲ ਇੰਤਜ਼ਾਰ ਕਰਦੀਆਂ। ਤੀਆਂ ਵਾਲੇ ਦਿਨ ਮੁਟਿਆਰਾਂ ਗਹਿਣਿਆਂ ਨਾਲ ਲੱਦੀਆਂ ਰੰਗ ਬਿਰੰਗੀਆਂ ਪੁਸ਼ਾਕਾਂ ਪਹਿਨ ਕੇ ਪਿੰਡ ਦੇ ਬਾਹਰ ਕਿਸੇ ਖੁੱਲ੍ਹੀ ਥਾਂ ਜਿੱਥੇ ਹਰ ਸਾਲ ਤੀਆਂ ਲੱਗਦੀਆਂ, ਉੱਥੇ ਤੀਆਂ ਖੇਡਣ ਜਾਂਦੀਆਂ। ਤੀਆਂ ਅਕਸਰ ਪਿੰਡ ਦੇ ਬਾਹਰ ਵਾਰ ਪਿੱਪਲਾਂ ਤੇ ਬੋਹੜਾਂ ਦੀ ਛਾਵੇਂ ਲਾਈਆਂ ਜਾਂਦੀਆਂ ਸਨ। ਕੁੜੀਆਂ ਇਨ੍ਹਾਂ ਦਰੱਖਤਾਂ ਨਾਲ ਪੀਘਾਂ ਪਾ ਕੇ ਝੂਟਦੀਆਂ ਸਨ। ਅਕਸਰ ਕੁੜੀਆਂ ਵਿੱਚ ਇੱਕ ਦੂਜੇ ਨਾਲ ਸਭ ਤੋਂ ਉੱਚੀ ਪੀਂਘ ਚੜ੍ਹਾਉਣ ਦਾ ਮੁਕਾਬਲਾ ਹੁੰਦਾ। ਇੱਥੇ ਉਹ ਚਿਰ ਤੋਂ ਵਿੱਛੜੀਆਂ ਸਹੇਲੀਆਂ ਨੂੰ ਮਿਲਦੀਆਂ ਅਤੇ ਦੁਖ-ਸੁਖ ਸਾਂਝੇ ਕਰਕੇ ਬਚਪਨ ਦੀਆਂ ਯਾਦਾਂ ਨੂੰ ਤਾਜ਼ਾ ਕਰਦੀਆਂ। ਮਾਹੌਲ ਉਸ ਸਮੇਂ ਬਦਲ ਜਾਂਦਾ ਜਦੋਂ ਗਿੱਧਾ ਸ਼ੁਰੂ ਹੁੰਦਾ ਅਤੇ ਬੋਲੀਆਂ ਪੈਣ ਲੱਗਦੀਆਂ। ਕੁੜੀਆਂ ਬੋਲੀਆਂ ਵਿੱਚ ਵੀ ਸਹੁਰੇ ਪਰਿਵਾਰ ਨਾਲ ਗਿਲੇ ਸ਼ਿਕਵੇ ਅਤੇ ਪੇਕੇ ਘਰ ਦੀ ਵਡਿਆਈ ਕਰਦੀਆਂ। ਕੁੜੀ ਦੇ ਸਹੁਰੇ ਪਰਿਵਾਰ ਨਾਲ ਗਿਲੇ ਸ਼ਿਕਵੇ ਉਦੋਂ ਨਜ਼ਰ ਆਉਂਦੇ ਜਦੋਂ ਉਹ ਬੋਲੀ ਪਾਉਂਦੀ:

ਸੱਸੇ ਨੀ ਤੇਰੀ ਮੱਝ ਮਰ ਜਾਵੇ,
ਮੇਰੇ ਵੀਰ ਨੂੰ ਸੁੱਕੀ ਖੰਡ ਪਾਈ।

ਕੁੜੀ ਆਪਣੇ ਸਹੁਰੇ ਪਰਿਵਾਰ ਵੱਲੋਂ ਪਾਏ ਗਏ ਘੱਟ ਗਹਿਣਿਆਂ ਦਾ ਜ਼ਿਕਰ ਅਤੇ ਪੇਕੇ ਘਰ ਦੀ ਵਡਿਆਈ ਬੋਲੀ ਰਾਹੀਂ ਇਸ ਤਰ੍ਹਾਂ ਕਰਦੀ:

ਸਾਰੇ ਤਾਂ ਗਹਿਣੇ ਮੇਰੇ ਮਾਪਿਆਂ ਨੇ ਪਾਏ,
ਇੱਕੋ ਤਵੀਤ ਉਹਦੇ ਘਰ ਦਾ ਨੀਂ,
ਜਦੋਂ ਲੜਦਾ ਤਾਂ ਲਾਹਦੇ ਲਾਹਦੇ ਕਰਦਾ ਨੀਂ।

ਹਰ ਬੋਲੀ 'ਤੇ ਦੋ-ਦੋ ਕੁੜੀਆਂ ਵਾਰੀ-ਵਾਰੀ ਪਿੜ ਵਿੱਚ ਆਣ ਨੱਚਦੀਆਂ ਅਤੇ ਕਿਕਲੀ ਪਾਉਂਦੀਆਂ। ਸੂਰਜ ਛਿਪਣ ਤੋਂ ਪਿੱਛੋਂ ਅਗਲੀ ਤੀਜ 'ਤੇ ਫਿਰ ਮਿਲਣ ਦੇ ਵਾਅਦੇ ਨਾਲ ਪਿੜ ਖਿੰਡ ਜਾਂਦਾ। ਜਿੱਥੇ ਕੁੜੀਆਂ ਤੀਆਂ ਖੇਡਦੀਆਂ ਸਨ, ਉੱਥੇ ਮੁੰਡੇ ਇਸ ਦਿਨ ਕਬੱਡੀ ਖੇਡ ਕੇ ਤੀਆਂ ਮਨਾਉਂਦੇ ਸਨ। ਵੱਡਿਆਂ ਪਿੰਡਾਂ ਵਿੱਚ ਜਿੱਥੇ ਛਿੰਝਾਂ ਪੈਂਦੀਆਂ ਉੱਥੇ ਕੁਸ਼ਤੀਆਂ ਕਰਵਾਈਆਂ ਜਾਂਦੀਆਂ।

ਜਦੋਂ ਤੀਆਂ ਖੇਡ ਕੁੜੀਆਂ ਮੁੰਡੇ ਵਾਪਸ ਆਪਣੇ ਘਰ ਪਰਤਦੇ ਸਨ ਤਾਂ ਘਰ ਵਿੱਚ ਮਾਂ ਨੇ ਖੀਰ ਪੂੜੇ ਬਣਾਏ ਹੁੰਦੇ ਸਨ, ਜਿਸ ਨੂੰ ਸਾਰੇ ਬੜੀ ਰੀਝ ਨਾਲ ਖਾਂਦੇ। ਖੀਰ ਬਾਰੇ ਇੱਕ ਪੁਰਾਣੀ ਕਹਾਵਤ ਹੈ:

ਸਾਵਣ ਖੀਰ ਨਾ ਖਾਧੀਆ,
ਕਿਉਂ ਆਈਓ ਉਪਾਧੀਆ।

ਸੌਣ ਦੇ ਮਹੀਨੇ ਕੁੜੀਆਂ ਪਿਪਲੀ ਪਾਈਆਂ ਪੀਘਾਂ ਝੂਟਦੀਆਂ ਅਤੇ ਨਵ-ਵਿਆਹੀਆਂ ਪੀਂਘ ਦੇ ਹਰ ਹੁਲਾਰੇ ਨਾਲ ਆਪਣੇ ਮਾਹੀ ਨੂੰ ਯਾਦ ਕਰਦੀਆਂ, ਪਰ ਜੇਕਰ ਮਾਹੀ ਸੌਣ ਮਹੀਨੇ ਲੈਣ ਆ ਜਾਂਦਾ ਤਾਂ ਅੱਗੋਂ ਉਸ ਨੂੰ ਕਿਹਾ ਜਾਂਦਾ:

ਸਾਵਣ ਦਾ ਮਹੀਨਾ, ਵੇ ਤੂੰ ਆਇਓ ਗੱਡੀ ਜੋੜ ਕੇ।
ਜਾ ਮੈਂ ਨਹੀਂ ਸਹੁਰੇ ਜਾਣਾ, ਲੈ ਜਾ ਖਾਲੀ ਗੱਡੀ ਮੋੜ ਕੇ।

ਪੁਰਾਣੇ ਸਮੇਂ ਵਿੱਚ ਜਦੋਂ ਗੱਭਰੂ ਸਿਰ 'ਤੇ ਫਰਲੇ ਵਾਲਾ ਚੀਰਾ ਬੰਨ੍ਹ, ਗਲ ਵਿੱਚ ਕੈਠਾਂ ਪਾ, ਚਾਦਰਾ ਲਾ, ਸੁਨਹਿਰੀ ਤਿੱਲੇ ਵਾਲੀ ਜੁੱਤੀ ਪਾ ਅਤੇ ਹੱਥ ਸੰਮਾਂ ਵਾਲੀ ਡਾਂਗ ਫੜਕੇ ਪਹਿਰ ਦਿਨ ਰਹਿੰਦਿਆਂ ਆਪਣੀ ਸੱਜ ਵਿਆਹੀ ਨੂੰ ਲੈਣ ਸਹੁਰੇ ਘਰ ਆ ਜਾਂਦਾ ਤਾਂ ਸਹੁਰੇ ਪਰਿਵਾਰ ਵੱਲੋਂ ਉਸਦੀ ਪੂਰੀ ਆਓ-ਭਗਤ ਕੀਤੀ ਜਾਂਦੀ। ਸਾਲੇਹਾਰਾਂ ਅਤੇ ਸਾਲੀਆਂ ਵੱਲੋਂ ਉਸ ਨੂੰ ਸੌਣ ਰਹਿੰਦਿਆਂ ਲੈਣ ਆਉਣ 'ਤੇ ਮਜ਼ਾਕ ਕੀਤੇ ਜਾਂਦੇ। ਤੀਆਂ ਵਾਲੇ ਦਿਨ ਉਹ ਆਪਣੇ ਸਾਲਿਆਂ ਦੇ ਨਾਲ ਕਬੱਡੀ ਵੇਖਣ ਜਾਂਦਾ ਅਤੇ ਕੁੜੀ ਆਪਣੀਆਂ ਸਹੇਲੀਆਂ ਨਾਲ ਤੀਆਂ ਖੇਡਣ ਜਾਂਦੀ। ਸੂਰਜ ਢਲਣ ਉਪਰੰਤ ਵੀ ਗਿੱਧੇ ਦੀ ਗੂੰਜ ਬੰਦ ਨਾ ਹੁੰਦੀ,ਅਖੀਰ ਹਨੇਰਾ ਹੁੰਦਾ ਵੇਖ ਕੁੜੀਆਂ ਤੀਆਂ ਵਿਚਲੇ ਗਿੱਧੇ ਦੇ ਪਿੜ ਨੂੰ ਇੱਕ ਸਾਲ ਲਈ ਅਲਵਿਦਾ ਕਹਿ ਅਗਲੇ ਸਾਲ ਫਿਰ ਮਿਲਣ ਦਾ ਵਾਅਦਾ ਕਰ ਵਾਪਸ ਘਰ ਪਰਤ ਆਉਂਦੀਆਂ ।

ਸਮੇਂ ਨੇ ਬਾਕੀ ਤਿਓਹਾਰਾਂ ਦੀ ਤਰ੍ਹਾਂ ਤੀਆਂ ਦੇ ਤਿਓਹਾਰ ਦਾ ਰੂਪ ਵੀ ਬਦਲ ਦਿੱਤਾ ਹੈ। ਹੁਣ ਨਾ ਉਹ ਬੋਹੜ ਤੇ ਪਿੱਪਲ ਰਹੇ ਜਿੱਥੇ ਕੁੜੀਆਂ ਪੀਂਘਾਂ ਪਾ ਸਕਣ ਤੇ ਨਾ ਹੀ ਕੁੜੀਆਂ ਕੋਲ ਪਹਿਲਾਂ ਜਿੰਨਾ ਸਮਾਂ ਹੀ। ਹੁਣ ਤਾਂ ਤੀਆਂ ਪੈਲੇਸਾਂ ਤੇ ਹੋਟਲਾਂ ਵਿੱਚ ਕੁਝ ਘੰਟਿਆਂ ਵਿੱਚ ਹੀ ਸਮੇਟ ਕੇ ਖਾਨਾਪੂਰਤੀ ਕਰ ਦਿੱਤੀ ਜਾਂਦੀ ਹੈ। ਕੁਝ ਘੰਟਿਆਂ ਵਿੱਚ ਪੂਰੇ ਸੌਣ ਦੇ ਨਜ਼ਾਰਿਆਂ ਨੂੰ ਮਾਣਨਾ ਮੁਸ਼ਕਲ ਹੈ। ਹੁਣ ਸੌਣ ਮਹੀਨੇ ਪਿੰਡਾਂ ਦੇ ਘਰਾਂ ਵਿੱਚ ਖੀਰ ਪੂੜੇ ਵੀ ਨਹੀਂ ਬਣਦੇ ਨਾ ਹੀ ਪਹਿਲਾਂ ਦੀ ਤਰ੍ਹਾਂ ਮੀਂਹ ਦੀ ਝੜੀ ਹੀ ਲੱਗਦੀ ਹੈ। ਪੰਜਾਬੀਆਂ ਦੇ ਬਦਲਦੇ ਰੁਝਾਨਾਂ ਅਤੇ ਵਾਤਾਵਰਣ ਵਿੱਚ ਆਈ ਤਬਦੀਲੀ ਨੇ ਪੰਜਾਬਣਾਂ ਦੇ ਇਸ ਖ਼ੂਬਸੂਰਤ ਤਿਓਹਾਰ ਨੂੰ ਸਮੁੱਚੇ ਤੌਰ 'ਤੇ ਹੀ ਬਦਲ ਦਿੱਤਾ ਹੈ। ਹੁਣ ਇਹ ਇੱਕ ਤਿਓਹਾਰ ਨਾ ਰਹਿ ਕੇ ਇੱਕ ਫੰਕਸ਼ਨ ਦਾ ਰੂਪ ਧਾਰਨ ਕਰ ਚੁੱਕਾ।

*ਸਮੇਂ ਨੇ ਬਾਕੀ ਤਿਓਹਾਰਾਂ ਦੀ ਤਰ੍ਹਾਂ ਤੀਆਂ ਦੇ ਤਿਓਹਾਰ ਦਾ ਰੂਪ ਵੀ ਬਦਲ ਦਿੱਤਾ ਹੈ। ਹੁਣ ਨਾ ਉਹ ਬੋਹੜ ਤੇ ਪਿੱਪਲ ਰਹੇ ਜਿੱਥੇ ਕੁੜੀਆਂ ਪੀਂਘਾਂ ਪਾ ਸਕਣ ਤੇ ਨਾ ਹੀ ਕੁੜੀਆਂ ਕੋਲ ਪਹਿਲਾਂ ਜਿੰਨਾ ਸਮਾਂ ਹੀ। ਹੁਣ ਤਾਂ ਤੀਆਂ ਪੈਲੇਸਾਂ ਤੇ ਹੋਟਲਾਂ ਵਿੱਚ ਕੁਝ ਘੰਟਿਆਂ ਵਿੱਚ ਹੀ ਸਮੇਟ ਕੇ ਖਾਨਾਪੂਰਤੀ ਕਰ ਦਿੱਤੀ ਜਾਂਦੀ ਹੈ। ਕੁਝ ਘੰਟਿਆਂ ਵਿੱਚ ਪੂਰੇ ਸੌਣ ਦੇ ਨਜ਼ਾਰਿਆਂ ਨੂੰ ਮਾਣਨਾ ਮੁਸ਼ਕਲ ਹੈ।*



# ਪਹਿਲੀ ਬੋਲਦੀ ਪੰਜਾਬੀ ਫ਼ਿਲਮ

**ਮਨਦੀਪ ਸਿੰਘ ਸਿੱਧੂ**
(ਸੰਪਰਕ: 97805-09545)

ਬਹੁਤੇ ਫ਼ਿਲਮ ਲਿਖਾਰੀ ਕੇ. ਡੀ. ਮਹਿਰਾ ਨਿਰਦੇਸ਼ਤ 'ਸ਼ੀਲਾ' ਉਰਫ਼ 'ਪਿੰਡ ਦੀ ਕੁੜੀ' ਨੂੰ ਹੀ ਪੰਜਾਬੀ ਫ਼ਿਲਮ ਇਤਿਹਾਸ ਦੀ ਪਹਿਲੀ ਫ਼ਿਲਮ ਮੰਨਦੇ ਹਨ। ਉਨ੍ਹਾਂ ਲਿਖਾਰੀਆਂ, ਖੋਜਾਰਥੀਆਂ ਅਤੇ ਸਿਨੇ-ਦਰਸ਼ਕਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ 'ਸ਼ੀਲਾ' ਉਰਫ਼ 'ਪਿੰਡ ਦੀ ਕੁੜੀ' ਪੰਜਾਬੀ ਫ਼ਿਲਮ ਇਤਿਹਾਸ ਦੀ ਪਹਿਲੀ ਨਹੀਂ ਬਲਕਿ ਦੂਜੀ ਕਾਮਯਾਬਤਰੀਨ ਫ਼ਿਲਮ ਸੀ। ਇਹ ਫ਼ਿਲਮ ਮਾਦਨ ਥੀਏਟਰ ਕਲਕੱਤਾ ਦੇ ਬੈਨਰ ਹੇਠ ਕੇ. ਡੀ. ਮਹਿਰਾ ਦੀ ਫ਼ਿਲਮਸਾਜ਼ੀ ਅਤੇ ਨਿਰਦੇਸ਼ਨਾ ਵਿੱਚ 26 ਮਾਰਚ 1937 ਨੂੰ ਪੈਲੇਸ ਸਿਨਮਾ, ਲਾਹੌਰ ਵਿਖੇ ਪਰਦਾ-ਪੇਸ਼ ਹੋਈ ਸੀ। ਕੇ. ਡੀ. ਮਹਿਰਾ ਨੇ ਵੀ ਪਹਿਲੀ ਪੰਜਾਬੀ ਫ਼ਿਲਮ ਤੋਂ ਮੁਤਾਸਿਰ ਹੋ ਕਿ ਹੀ ਇਹ ਦੂਜੀ ਫ਼ਿਲਮ ਬਣਾਈ ਸੀ, ਜਿਹੜੀ ਕਿ ਸਫਲ ਵੀ ਰਹੀ।




ਪੰਜਾਬੀ ਫ਼ਿਲਮ ਪ੍ਰੇਮੀਆਂ ਨੂੰ ਗੂਗਲ 'ਤੇ ਪਹਿਲੀ ਫ਼ਿਲਮ ਦੇ ਤੌਰ 'ਤੇ 'ਸ਼ੀਲਾ' ਉਰਫ਼ 'ਪਿੰਡ ਦੀ ਕੁੜੀ' ਦਾ ਹਵਾਲਾ ਮਿਲਦਾ ਹੈ। ਇਸ ਤੋਂ ਇਲਾਵਾ ਕਈ ਹੋਰ ਸਰੋਤਾਂ-ਹਵਾਲਿਆਂ ਤੋਂ ਵੀ 'ਸ਼ੀਲਾ' ਉਰਫ਼ 'ਪਿੰਡ ਦੀ ਕੁੜੀ' ਨੂੰ ਹੀ ਪਹਿਲੀ ਪੰਜਾਬੀ ਫ਼ਿਲਮ ਵਜੋਂ ਲਿਖਿਆ ਪੜ੍ਹਨ ਨੂੰ ਮਿਲਦਾ ਹੈ। ਪੰਜਾਬੀ ਸਿਨਮਾ ਨੂੰ ਮੇਰੇ ਵਾਂਗ ਜਨੂੰਨ ਦੀ ਹੱਦ ਤਕ ਪਿਆਰ ਕਰਨ ਵਾਲੇ ਇਨ੍ਹਾਂ ਤਮਾਮ ਸੁਹਿਰਦ ਲੋਕਾਂ ਦੀ ਉਤਸੁਕਤਾ ਦਾ ਮੇਰੇ ਕੋਲ ਪੁਖ਼ਤਾ ਜਵਾਬ ਹੈ। ਇਸ ਲਈ ਮੈਂ ਆਪਣੀ ਪੰਜਾਬੀ ਸਿਨਮਾ ਦੇ ਇਤਿਹਾਸ 'ਤੇ ਕਈ ਸਾਲਾਂ ਤੋਂ ਕੀਤੀ ਡੂੰਘੀ ਖੋਜ (ਤੱਥਾਂ ਸਮੇਤ) ਮੁਤਾਬਿਕ ਇਸ ਦਾ ਤਫ਼ਸੀਲੀ ਉੱਤਰ ਦੇ ਰਿਹਾ ਹਾਂ।

ਸਰਜ਼ਮੀਨ ਪੰਜਾਬ ਦੇ ਮਸ਼ਹੂਰ ਇਸ਼ਕੀਆ ਅਫ਼ਸਾਨੇ 'ਮਿਰਜ਼ਾ ਸਾਹਿਬਾਂ' 'ਤੇ ਬਣੀ ਮਹਾਂ-ਪੰਜਾਬ (ਭਾਰਤ) ਦੀ ਪਹਿਲੀ ਬੋਲਦੀ ਪੰਜਾਬੀ ਫੀਚਰ ਫ਼ਿਲਮ 'ਇਸ਼ਕ-ਏ-ਪੰਜਾਬ' ਉਰਫ਼ 'ਮਿਰਜ਼ਾ-ਸਾਹਿਬਾਂ' ਨੂੰ ਪੰਜਾਬੀ ਸਿਨਮਾ ਇਤਿਹਾਸ ਦੀ ਪ੍ਰਥਮ ਪੰਜਾਬੀ ਫ਼ਿਲਮ ਹੋਣ ਦਾ ਫ਼ਖ਼ਰ ਹਾਸਲ ਹੈ। 1932 ਦੇ ਆਖ਼ਰੀ ਹਿੱਸੇ ਵਿੱਚ ਹਿੰਦਮਾਤਾ ਸਿਨੇਟੋਨ ਕੰਪਨੀ, ਬੰਬਈ ਨੇ ਪੰਜਾਬੀ ਜ਼ੁਬਾਨ ਵਿੱਚ ਫ਼ਿਲਮ ਨਿਰਮਾਣ ਕਰਨ ਦਾ ਫ਼ੈਸਲਾ ਕੀਤਾ। ਇਸ ਸੁਪਨੇ ਨੂੰ ਸਾਕਾਰ ਕਰਨ ਲਈ ਉਹ ਬੰਬੇ ਤੋਂ ਪੰਜਾਬ ਦੀ ਰਾਜਧਾਨੀ ਲਾਹੌਰ ਆ ਗਏ। ਇੱਥੇ ਉਨ੍ਹਾਂ ਸਿੰਧੀ ਨੌਜਵਾਨ ਐੱਨ ਬੁਲਚੰਦਾਨੀ ਦੀ ਨਿਰਦੇਸ਼ਨਾ ਵਿੱਚ 'ਮਿਰਜ਼ਾ-ਸਾਹਿਬਾਂ' ਦੇ ਨਾਂ ਨਾਲ ਇਸ ਫ਼ਿਲਮ ਦਾ ਨਿਰਮਾਣ ਸ਼ੁਰੂ ਕੀਤਾ। ਬੁਲਚੰਦਾਨੀ ਨੇ ਫ਼ਿਲਮ ਦੀ ਕਮਾਂਡ ਸੰਭਾਲ ਤਾਂ ਲਈ, ਪਰ ਉਹ ਇਸਨੂੰ ਪੂਰਾ ਕਰਨ ਵਿੱਚ ਕਾਮਯਾਬ ਨਾ ਹੋ ਸਕਿਆ (ਹਵਾਲਾ ਅੰਗਰੇਜ਼ੀ ਫ਼ਿਲਮ ਰਸਾਲਾ 'ਮੂਵੀ ਕਰੀਟਿਕ'

**ਬਾਕੀ ਸਫ਼ਾ 32 'ਤੇ**

# ਦੁਨੀਆ ਦਾ ਇੱਕੋ-ਇੱਕ ਹੱਥ ਲਿਖਤ ਅਖ਼ਬਾਰ

**ਗੁਰਪ੍ਰਵੇਸ਼ ਸਿੰਘ ਢਿੱਲੋਂ**
ਸੰਪਰਕ : 97812-12311

ਇਸ ਤਕਨੀਕੀ ਯੁੱਗ ਵਿੱਚ ਅਸੀਂ ਕਿਸੇ ਅਜਿਹੇ ਅਖ਼ਬਾਰ ਦੇ ਦਫ਼ਤਰ ਦੀ ਕਲਪਨਾ ਵੀ ਨਹੀਂ ਕਰ ਸਕਦੇ ਜਿੱਥੇ ਕੰਪਿਊਟਰ ਨਾ ਹੋਵੇ। ਪਰ ਹਾਲੇ ਵੀ ਇੱਕ ਅਖ਼ਬਾਰ ਅਜਿਹਾ ਹੈ ਜਿਸ 'ਤੇ ਅੱਜ ਵੀ ਇਬਾਰਤ ਕੀਅ-ਬੋਰਡ ਦੀ ਟਿਕ-ਟਿਕ ਨਾਲ ਨਹੀਂ ਸਗੋਂ ਕਲਮ ਦੀ ਸਿਆਹੀ ਨਾਲ ਪੈਂਦੀ ਹੈ। ਚੇਨੱਈ ਤੋਂ ਛਪਦਾ 'ਦਿ ਮੁਸਲਮਾਨ' ਦੁਨੀਆਂ ਦਾ ਇੱਕੋ-ਇੱਕ ਅਜਿਹਾ ਰੋਜ਼ਾਨਾ ਅਖ਼ਬਾਰ ਹੈ ਜੋ ਅੱਜ ਵੀ ਹੱਥ ਨਾਲ ਲਿਖ ਕੇ ਤਿਆਰ ਕੀਤਾ ਜਾਂਦਾ ਹੈ। ਇਹ ਭਾਰਤ ਵਿੱਚ ਉਰਦੂ ਜ਼ੁਬਾਨ ਦਾ ਸਭ ਤੋਂ ਪੁਰਾਣਾ ਅਖ਼ਬਾਰ ਹੈ। ਦੋ ਕਮਰਿਆਂ ਦੇ ਦਫ਼ਤਰ 'ਚੋਂ ਨਿਕਲਦੇ ਇਸ ਅਖ਼ਬਾਰ ਦਾ ਸੰਚਾਲਨ ਦੋ ਅਨੁਵਾਦਕਾਂ, ਤਿੰਨ ਕਤੀਬਾਂ ਅਤੇ ਇੱਕ ਸੰਪਾਦਕ ਦੇ ਹੱਥਾਂ ਵਿੱਚ ਹੈ। ਅਖ਼ਬਾਰ 'ਦਿ ਮੁਸਲਮਾਨ' 1927 'ਚ ਸਈਦ ਅਜ਼ਮਤਉੱਲਾ ਦੁਆਰਾ ਸ਼ੁਰੂ ਕੀਤਾ ਗਿਆ ਸੀ। ਇਸ ਵੇਲੇ ਉਨ੍ਹਾਂ ਦਾ ਪੋਤਾ ਸੱਯਦ ਆਰਿਫ਼ਉੱਲਾ ਅਖ਼ਬਾਰ ਦੀ ਵਾਗਡੋਰ ਸੰਭਾਲ ਰਿਹਾ ਹੈ। ਸੱਯਦ ਅਜ਼ਮਤਉੱਲਾ ਦਾ ਮੰਨਣਾ ਸੀ ਕਿ ਮੁਸਲਿਮ ਭਾਈਚਾਰੇ ਕੋਲ ਉਸ ਦੇ ਹੱਕ 'ਚ ਹਾਮੀ ਭਾਰਦੀ ਕੋਈ ਆਵਾਜ਼ ਨਹੀਂ ਹੈ ਅਤੇ ਇਸੇ ਲਈ ਉਨ੍ਹਾਂ ਕੋਲ ਆਪਣਾ ਕੋਈ ਅਖ਼ਬਾਰ ਹੋਣਾ ਜ਼ਰੂਰੀ ਹੈ।



75 ਪੈਸੇ ਦੀ ਕੀਮਤ ਵਾਲੇ ਇਸ ਅਖ਼ਬਾਰ ਦੀਆਂ ਰੋਜ਼ਾਨਾ ਤਕਰੀਬਨ 21 ਹਜ਼ਾਰ ਕਾਪੀਆਂ ਛਪਦੀਆਂ ਹਨ, ਪਰ ਸਈਦ ਆਰਿਫ਼ਉੱਲਾ ਨੂੰ ਇਸ ਅਖ਼ਬਾਰ 'ਚੋਂ ਕਮਾਈ ਦੇ ਨਾਂ 'ਤੇ ਰੁੰਘਾ ਵੀ ਨਹੀਂ ਬਚਦਾ, ਪਰ ਉਹ ਇਸ ਨੂੰ ਆਪਣੇ ਦਾਦੇ ਦੀ ਵਿਰਾਸਤ ਸਮਝ ਕੇ ਸੰਭਾਲ ਰਿਹਾ ਹੈ। 'ਦਿ ਮੁਸਲਮਾਨ' ਦੇ ਦੋ ਕਮਰਿਆਂ ਵਾਲੇ ਦਫ਼ਤਰ ਵਿੱਚੋਂ ਇੱਕ 'ਚ ਲੱਗੀ ਪ੍ਰੈੱਸ ਹੀ ਆਰਿਫ਼ਉੱਲ੍ਹਾ ਦੀ ਕਮਾਈ ਦਾ ਅਸਲ ਸਾਧਨ ਹੈ। ਇਸ ਅਖ਼ਬਾਰ ਦੇ ਪਾਠਕ ਪੂਰੇ ਭਾਰਤ 'ਚ ਹਨ ਅਤੇ ਲੋਕ ਪੁਸ਼ਤਾਂ ਤੋਂ ਇਸ ਨਾਲ ਜੁੜੇ ਹੋਏ ਹਨ। ਦੂਜੇ ਪਾਸੇ ਦੇਸ਼ 'ਚ ਉਰਦੂ ਪੜ੍ਹਨ ਵਾਲਿਆਂ ਦੀ ਗਿਣਤੀ ਵੀ ਮੁੱਠੀ ਭਰ ਹੀ ਰਹਿ ਗਈ ਹੈ ਜਿਸ ਕਾਰਨ ਉਰਦੂ ਅਖ਼ਬਾਰਾਂ 'ਤੇ ਆਰਥਿਕ ਸੰਕਟ ਦੇ ਬੱਦਲ ਲਗਾਤਾਰ ਗਹਿਰੇ ਹੋ ਰਹੇ ਹਨ। ਆਰਥਿਕ ਵਸੀਲਿਆਂ ਦੀ ਕਮੀ ਕਾਰਨ ਹੀ ਚਾਰ ਪੰਨਿਆਂ ਦਾ 'ਦਿ ਮੁਸਲਮਾਨ' ਤਾਜ਼ਾ ਖ਼ਬਰਾਂ ਛਾਪਣ ਦੇ ਮਾਮਲੇ ਵਿੱਚ ਹਮੇਸ਼ਾਂ ਫਾਡੀ ਹੀ ਰਹਿੰਦਾ ਹੈ। ਇਸੇ ਕਾਰਨ ਖ਼ਬਰਾਂ ਦੀ ਜਗ੍ਹਾ ਵਿਚਾਰ ਛਾਪਣ ਨੂੰ ਵਧੇਰੇ ਤਰਜੀਹ ਦਿੱਤੀ ਜਾਂਦੀ ਹੈ। ਇਸ ਦੇ ਦੋ ਪੰਨੇ ਵਿਚਾਰਾਂ ਅਤੇ ਬਾਕੀ ਦੋ ਪੰਨੇ ਸਥਾਨਕ ਖ਼ਬਰਾਂ ਜਾਂ ਇਸ਼ਤਿਹਾਰਾਂ ਲਈ ਰਾਖਵੇਂ ਹੁੰਦੇ ਹਨ। ਸੋਮਵਾਰ ਨੂੰ ਛਪਣ ਵਾਲਾ ਐਡੀਸ਼ਨ ਖ਼ਾਸ ਹੁੰਦਾ ਹੈ ਕਿਉਂਕਿ ਇਸ ਦਿਨ ਕੁਰਾਨ ਸ਼ਰੀਫ ਸਬੰਧੀ ਲੇਖਾਂ ਅਤੇ ਇਸਲਾਮ ਦੇ ਇਤਿਹਾਸ ਨੂੰ ਵਿਸ਼ੇਸ਼ ਜਗ੍ਹਾ ਦਿੱਤੀ ਜਾਂਦੀ ਹੈ।

ਆਜ਼ਾਦੀ ਤੋਂ ਪਹਿਲਾਂ ਉੱਤਰ ਭਾਰਤ 'ਚ ਉਰਦੂ ਭਾਸ਼ਾ ਦੇ ਅਖ਼ਬਾਰਾਂ ਦੀ ਚੜ੍ਹਤ ਸੀ, ਪਰ ਦੇਸ਼ ਵੰਡ ਦੀ ਅੱਗ ਨੇ ਲੋਕਾਂ ਦੀਆਂ ਭਾਸ਼ਾਈ ਤਰਜੀਹਾਂ ਨੂੰ ਧਰਮਾਂ ਨਾਲ ਜੋੜ ਦਿੱਤਾ। ਇਸੇ ਕਾਰਨ ਆਜ਼ਾਦੀ ਤੋਂ ਬਾਅਦ ਕਈ ਵੱਡੇ ਉਰਦੂ ਅਖ਼ਬਾਰਾਂ ਨੂੰ ਬੰਦ ਕਰਨਾ ਪਿਆ ਅਤੇ ਕਈ ਅਖ਼ਬਾਰਾਂ ਨੂੰ ਆਪਣੀ ਭਾਸ਼ਾ ਬਦਲਣ ਲਈ ਮਜਬੂਰ ਹੋਣਾ ਪਿਆ।

ਇਸ ਸਭ ਦੇ ਬਾਵਜੂਦ 'ਦਿ ਮੁਸਲਮਾਨ' ਆਪਣੀ ਸ਼ੁਰੂਆਤ ਤੋਂ ਲੈ ਕੇ ਹੁਣ ਤਕ ਬਿਨਾਂ ਨਾਗਾ ਛਪਦਾ ਆਇਆ ਹੈ। ਇੱਥੋਂ ਤਕ ਕਿ ਦੇਸ਼ ਦੀ ਵੰਡ ਦੌਰਾਨ ਵੀ ਇਹ ਅਖ਼ਬਾਰ ਕਦੇ ਅਣਛਪਿਆ ਨਹੀਂ ਰਿਹਾ। ਅਖ਼ਬਾਰ 'ਚ ਕੰਮ ਕਰਦੇ ਦੋ ਅਨੁਵਾਦਕਾਂ ਵੱਲੋਂ ਸਵੇਰੇ ਖ਼ਬਰਾਂ ਤਿਆਰ ਕਰ ਲਈਆਂ ਜਾਂਦੀਆਂ ਹਨ ਅਤੇ ਬਾਅਦ ਵਿੱਚ ਕਤੀਬ ਇਨ੍ਹਾਂ ਖ਼ਬਰਾਂ ਨੂੰ ਪੰਨਿਆਂ 'ਤੇ ਮੋਤੀਆਂ ਵਾਂਗ ਪਰੋਂਦੇ ਹਨ। ਇੱਕ ਪੰਨੇ ਨੂੰ ਤਿਆਰ ਕਰਨ ਵਿੱਚ ਕਤੀਬ ਨੂੰ ਤਕਰੀਬਨ ਦੋ ਘੰਟੇ ਲੱਗਦੇ ਹਨ।

# ਮਾਈਗ੍ਰੇਨ ਦਾ ਇਲਾਜ

ਜੇਕਰ ਤੁਸੀਂ ਮਾਈਗ੍ਰੇਨ ਕਾਰਨ ਸਿਰ ਦਰਦ ਦੀ ਸਮੱਸਿਆ ਦਾ ਸਾਹਮਣਾ ਕਰ ਰਹੇ ਹੋ ਤਾਂ ਤੁਸੀਂ ਜ਼ਰੂਰ ਕਿਸੇ ਅਸਰਦਾਰ ਇਲਾਜ ਦੀ ਭਾਲ 'ਚ ਹੋਵੋਗੇ। ਦਵਾਈਆਂ ਇਨਸਾਨ ਨੂੰ ਕਮਜ਼ੋਰ ਬਣਾ ਦੇਣ ਵਾਲੇ ਮਾਈਗ੍ਰੇਨ ਦੇ ਦਰਦ ਤੋਂ ਬਹੁਤੀ ਰਾਹਤ ਨਹੀਂ ਦੇ ਸਕਦੀਆਂ ਜਾਂ ਮਾਈਗ੍ਰੇਨ ਦੇ ਨਵੇਂ ਹਮਲਿਆਂ ਨੂੰ ਰੋਕ ਨਹੀਂ ਸਕਦੀਆਂ। ਇਹੀ ਕਾਰਨ ਹੈ ਕਿ ਲੋਕ ਹੋਰ ਇਲਾਜਾਂ ਪ੍ਰਤੀ ਆਕਰਸ਼ਿਤ ਹੁੰਦੇ ਹਨ ਜਿਨ੍ਹਾਂ 'ਚ ਹਰਬਲ ਇਲਾਜ ਵੀ ਸ਼ਾਮਲ ਹੁੰਦੇ ਹਨ। ਇਕ ਬੂਟੀ ਬਟਰਬਰ ਰੂਟ (ਪੇਟਸਾਇਟਸ ਹਾਰਡਬਰਾਈਡਸ) ਦੇ ਮਾਈਗ੍ਰੇਨ 'ਚ ਰਾਹਤ ਪ੍ਰਦਾਨ ਕਰਨ ਬਾਰੇ ਕਾਫੀ ਖੋਜ ਕੀਤੀ ਗਈ ਹੈ। ਇਹ ਇਕ ਝਾੜੀਨੁਮਾ ਪੌਦਾ ਹੈ



ਜੋ ਡੇਜ਼ੀ ਭਾਵ ਗੁਲਬਹਾਰ ਫੁੱਲ ਦੇ ਪਰਿਵਾਰ ਨਾਲ ਸੰਬੰਧ ਰੱਖਦਾ ਹੈ। ਬਟਰਬਰ ਮੂਲ ਰੂਪ 'ਚ ਯੂਰਪ, ਉੱਤਰੀ ਅਫਰੀਕਾ ਅਤੇ ਦੱਖਣ-ਪੱਛਮੀ ਏਸ਼ੀਆ ਦਾ ਪੌਦਾ ਹੈ। ਪਰਪਲ ਬਟਰਬਰ ਦੇ ਨਾਂ ਨਾਲ ਬੁਲਾਏ ਜਾਣ ਵਾਲੇ ਇਸ ਪੌਦੇ ਦੇ ਤੱਤਾਂ ਦੀ ਵਰਤੋਂ ਯੂਰਪ 'ਚ ਮਾਈਗ੍ਰੇਨ ਦੇ ਇਲਾਜ 'ਚ ਕਈ ਦਹਾਕਿਆਂ ਤੋਂ ਕੀਤੀ ਜਾ ਰਹੀ ਹੈ। ਬਟਰਬਰ ਦੇ ਵਾਕਈ ਹੀ ਕੁਝ ਫਾਇਦੇ ਹਨ ਪਰ ਕਮੀਆਂ ਵੀ ਹਨ ਜਿਸ ਕਾਰਨ ਇਸ ਦੀ ਵਰਤੋਂ ਕਰਨ ਤੋਂ ਪਹਿਲਾਂ ਕੁਝ ਸਾਵਧਾਨੀਆਂ ਵਰਤਣ ਦੀ ਲੋੜ ਹੈ।

**ਕੀ ਪਤਾ ਲੱਗੈ ਖੋਜ 'ਚ ?**

ਕੁਝ ਕਲੀਨਿਕਲ ਟ੍ਰਾਇਲਜ਼ 'ਚ ਪਤਾ ਲੱਗਾ ਹੈ ਕਿ ਬਟਰਬਰ ਦੀ ਵਰਤੋਂ ਮਾਈਗ੍ਰੇਨ ਦੀ ਪ੍ਰਕ੍ਰਿਤੀ, ਸਮੇਂ ਤੇ ਤੀਬਰਤਾ 'ਚ ਕਮੀ ਕਰ ਸਕਦੀ ਹੈ। ਉਦਾਹਰਣ ਲਈ ਮਾਈਗ੍ਰੇਨ ਤੋਂ ਪੀੜਤ 200 ਮਰੀਜ਼ਾਂ 'ਤੇ ਕੀਤੀ ਗਈ ਇਕ ਖੋਜ, ਜੋ ਇਕ ਰਸਾਲੇ 'ਨਿਊਰੋਲੌਜੀ' 'ਚ ਛਪੀ ਸੀ, 'ਚ ਦੇਖਿਆ ਗਿਆ ਸੀ ਕਿ ਚਾਰ ਮਹੀਨਿਆਂ ਤਕ ਰੋਜ਼ਾਨਾ 150 ਮਿਲੀਗ੍ਰਾਮ ਬਟਰਬਰ ਦੇ ਤੱਤਾਂ ਦਾ ਦੋ ਖੁਰਾਕਾਂ ਦੇ ਰੂਪ 'ਚ ਸੇਵਨ ਕਰਨ ਨਾਲ ਰੋਗੀਆਂ ਦੇ ਸਿਰ ਦਰਦ 'ਚ 48 ਫੀਸਦੀ ਕਮੀ ਆਈ। ਯੂਰਪੀਅਨ ਨਿਊਰੋਲੌਜੀ ਦੀ ਇਕ ਹੋਰ ਖੋਜ 'ਚ ਦੇਖਿਆ ਗਿਆ ਸੀ ਕਿ ਬਟਰਬਰ ਦੇ ਤੱਤਾਂ ਦੀ ਤਿੰਨ ਮਹੀਨਿਆਂ ਤਕ ਕੁਝ ਘੱਟ ਖੁਰਾਕ (100 ਮਿਲੀਗ੍ਰਾਮ) ਲੈਣ 'ਤੇ ਵੀ ਰੋਗੀਆਂ ਨੂੰ ਮਾਈਗ੍ਰੇਨ ਦਾ ਘੱਟ ਸਾਹਮਣਾ ਕਰਨਾ ਪਿਆ। ਸਾਲ 2007 'ਚ ਯੂਰਪੀਅਨ ਜਨਰਲ ਆਫ ਪੇਨ 'ਚ ਹੋਈ ਇਕ ਖੋਜ 'ਚ ਦੇਖਿਆ ਗਿਆ ਸੀ ਕਿ ਬਟਰਬਰ ਬੱਚਿਆਂ 'ਚ ਮਾਈਗ੍ਰੇਨ ਲਈ ਵੀ ਲਾਭਦਾਇਕ ਸਿੱਧ ਹੋ ਸਕਦਾ ਹੈ।

ਦਿ ਅਮੇਰਿਕਨ ਅਕੈਡਮੀ ਆਫ ਨਿਊਰੋਲੌਜੀ ਇਸ ਨੂੰ ਮਾਈਗ੍ਰੇਨ ਦੇ ਇਲਾਜ ਲਈ ਇਕ ਅਸਰਦਾਰ ਡਰੱਗ ਦੇ ਰੂਪ 'ਚ ਪ੍ਰਭਾਸ਼ਿਤ ਕਰਦੀ ਹੈ। ਉਥੇ ਹੀ ਨੈਚੂਰਲ ਸਟੈਂਡਰਡ ਜੋ ਕੰਪਲੀਮੈਂਟਰੀ ਅਤੇ ਅਲਟਰਨੇਟਿਵ ਥੈਰੇਪੀਜ਼ ਦਾ ਮੁਲਾਂਕਣ ਕਰਦਾ ਹੈ, ਬਟਰਬਰ ਨੂੰ 'ਬੀ' ਗ੍ਰੇਡਿੰਗ ਦਿੰਦਾ ਹੈ। ਇਸ ਦਾ ਕਹਿਣਾ ਹੈ ਕਿ ਇਸ ਪਿੱਛੇ ਵਿਗਿਆਨਕ ਸਬੂਤ ਮੌਜੂਦ ਹਨ। ਇਸ ਦੇ ਬਾਵਜੂਦ ਕਈ ਮਾਹਿਰ ਇਸ ਬੂਟੀ 'ਤੇ ਵਧੇਰੇ ਖੋਜ ਕੀਤੇ ਜਾਣ ਦੀ ਲੋੜ 'ਤੇ ਜ਼ੋਰ ਦਿੰਦਿਆਂ ਲੰਬੇ ਸਮੇਂ ਦੇ ਅੰਕੜੇ ਨਾ ਹੋਣ ਕਾਰਨ ਇਸ ਦੇ ਸੁਰੱਖਿਅਤ ਹੋਣ 'ਤੇ ਵੀ ਚਿੰਤਾ ਜ਼ਾਹਿਰ ਕਰਦੇ ਹਨ। ਮੰਨਿਆ ਜਾਂਦਾ ਹੈ ਕਿ ਰੁਟੀਨ 'ਚ ਲੈਣ ਨਾਲ ਇਹ ਬੂਟੀ ਸਰੀਰ 'ਚ ਇਨਫਲਾਮੇਟਰੀ ਤੱਤਾਂ ਨੂੰ ਰੋਕ ਕੇ ਅਤੇ ਦਿਮਾਗ ਦੀਆਂ ਖੂਨ ਦੀਆਂ ਨਾੜੀਆਂ ਦੀ ਦੀਵਾਰ ਦੀਆਂ ਮਾਸਪੇਸ਼ੀਆਂ ਦੀ ਜਕੜਣ 'ਚ ਕਮੀ ਲਿਆਉਂਦੀ ਹੈ। ਇਸ ਗੱਲ ਦੇ ਕੋਈ ਸਬੂਤ ਨਹੀਂ ਹਨ ਕਿ ਇਹ ਮਾਈਗ੍ਰੇਨ ਦੇ ਵਿਕਸਿਤ ਹੋ ਜਾਣ ਜਾਂ ਪਿੱਛੋਂ ਹੋਰ ਤਰ੍ਹਾਂ ਦੇ ਸਿਰ ਦਰਦ 'ਚ ਲਾਭ ਦਿੰਦੀ ਹੋਵੇ।

**ਸਾਵਧਾਨੀਆਂ :** ਯਾਦ ਰੱਖੋ ਕਿ ਬਟਰਬਰ ਕੁਝ ਤਰ੍ਹਾਂ ਦੀਆਂ ਐਲਰਜਿਕ ਪ੍ਰਤੀਕਿਰਿਆਵਾਂ ਅਤੇ ਪੇਟ ਦੀਆਂ ਪ੍ਰੇਸ਼ਾਨੀਆਂ (ਖਾਸ ਕਰ ਡਕਾਰ ਆਉਣਾ ਪਰ ਕਦੇ-ਕਦੇ ਚੱਕਰ ਜਾਂ ਪੇਟ 'ਚ ਦਰਦ ਵੀ ਹੋ ਸਕਦਾ ਹੈ) ਦਾ ਕਾਰਨ ਬਣ ਸਕਦਾ ਹੈ। ਸਭ ਤੋਂ ਵਧੇਰੇ ਚਿੰਤਾ ਦਾ ਕਾਰਨ ਹੈ ਬਟਰਬਰ 'ਚ ਕੁਦਰਤੀ ਰੂਪ 'ਚ ਪਾਏ ਜਾਣ ਵਾਲੇਪਾਇਰੋਲਿਜੀਡਾਇਨ ਐਲਕਾਲਾਇਡਸ ਜੋ ਲੀਵਰ ਲਈ ਜ਼ਹਿਰੀਲੇ ਹੋ ਸਕਦੇ ਹਨ। ਲੈਬਾਰਟਰੀ 'ਚ ਪਸ਼ੂਆਂ 'ਤੇ ਕੀਤੀ ਗਏ ਤਜਰਬੇ 'ਚ ਦੇਖਿਆ ਗਿਆ ਹੈ ਕਿ ਇਸ ਨਾਲ ਪਸ਼ੂਆਂ 'ਚ ਕੈਂਸਰ ਹੋ ਗਿਆ ਸੀ, ਇਸ ਲਈ ਬਟਰਬਰ 'ਚੋਂ ਅਜਿਹੇ ਤੱਤ ਨੂੰ ਕੱਢ ਕੇ ਵੀ ਵਰਤਣਾ ਚਾਹੀਦੈ।

# ਫੈਸ਼ਨ ਦੀ ਵਧ ਰਹੀ ਹੋੜ



ਫੈਸ਼ਨ ਅੰਗਰੇਜ਼ੀ ਭਾਸ਼ਾ ਦਾ ਸ਼ਬਦ ਹੈ। ਇਸ ਦਾ ਪੰਜਾਬੀ ਵਿੱਚ ਮਤਲਬ ਹੈ ਆਪਣੇ-ਆਪ ਨੂੰ ਸੁੰਦਰ ਬਣਾਉਣਾ। ਹਰ ਵਿਅਕਤੀ ਚਾਹੁੰਦਾ ਹੈ ਕਿ ਦੂਜਿਆਂ ਦੇ ਮੁਕਾਬਲੇ ਲੋਕਾਂ ਦੀਆਂ ਨਜ਼ਰਾਂ ਵਿੱਚ ਉਹ ਚੰਗਾ ਜਾਂ ਸੋਹਣਾ ਲੱਗੇ, ਜਦਕਿ ਇਸ ਦਾ ਸਬੰਧ ਸਿਰਫ਼ ਬਾਹਰਲੀ ਦੁਨੀਆਂ ਨਾਲ ਹੀ ਹੁੰਦਾ ਹੈ। ਇਸ ਲਈ ਇਨਸਾਨ ਚੰਗੇ-ਚੰਗੇ ਕੱਪੜੇ ਪਾਉਂਦਾ ਹੈ ਜਾਂ ਫਿਰ ਆਪਣੇ ਵੱਲੋਂ ਪੂਰੀ ਤਿਆਰੀ ਕਰਦਾ ਹੈ ਪਰ ਅੱਜ ਫੈਸ਼ਨ ਘੱਟ ਕੱਪੜਿਆਂ ਤਕ ਸੀਮਤ ਹੁੰਦਾ ਜਾ ਰਿਹਾ ਹੈ। ਅੱਜ ਦੇ ਅਦਾਕਾਰ, ਲੋਕਾਂ ਨੂੰ ਆਪਣੇ ਵੱਲ ਖਿੱਚਣ ਲਈ ਭੜਕੀਲੇ ਕੱਪੜੇ ਪਾਉਂਦੇ ਹਨ ਤੇ ਨੌਜਵਾਨ ਮੁੰਡੇ-ਕੁੜੀਆਂ ਇਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਉਹੀ ਫੈਸ਼ਨ ਕਰਦੇ ਹਨ।

ਚਾਹੇ ਕਿੰਨੇ ਵੀ ਪੈਸੇ ਖਰਚ ਹੋ ਜਾਣ, ਉਹ ਆਪਣੀ ਇੱਛਾ ਪੂਰੀ ਕਰਨ ਲਈ ਹਰ ਸੰਭਵ ਯਤਨ ਕਰਦੇ ਹਨ। ਉਨ੍ਹਾਂ ਦੇ ਪਿੱਛੇ ਲੱਗ ਕੇ ਗ਼ਰੀਬ ਮੁੰਡੇ-ਕੁੜੀਆਂ ਜਾਂ ਦਰਮਿਆਨੇ ਦਰਜੇ ਦੇ ਘਰਾਂ ਦੇ ਮੁੰਡੇ-ਕੁੜੀਆਂ ਵੀ ਉਹੀ ਫੈਸ਼ਨ ਕਰਦੇ ਹਨ, ਉਨ੍ਹਾਂ ਨੂੰ ਇਹ ਪ੍ਰਵਾਹ ਨਹੀਂ ਹੁੰਦੀ ਕਿ ਉਨ੍ਹਾਂ ਦੇ ਘਰ ਕੀ ਮੁਸ਼ਕਲ ਹੈ। ਪਹਿਲਾਂ ਔਰਤਾਂ ਆਪਣੇ ਸਰੀਰ ਨੂੰ ਵੱਧ ਤੋਂ ਵੱਧ ਢੱਕ ਕੇ ਰੱਖਦੀਆਂ ਸਨ ਪਰ ਹੁਣ ਫੈਸ਼ਨ ਦੀ ਦੁਨੀਆਂ ਵਿੱਚ ਹੌਲੀ-ਹੌਲੀ ਪੰਜਾਬਣ ਦੀ ਚੁੰਨੀ ਵੀ ਸਿਰ ਤੋਂ ਉੱਤਰ ਰਹੀ ਹੈ। ਜੇ ਗੱਲ ਕੀਤੀ ਜਾਵੇ ਅੱਜ ਦੀ ਨੌਜਵਾਨ ਪੀੜ੍ਹੀ ਦੀ ਤਾਂ ਕੁਝ ਨੌਜਵਾਨ ਅੱਜ-ਕੱਲ੍ਹ ਸਰਦੀਆਂ ਦੇ ਮੌਸਮ ਵਿੱਚ ਵੀ ਬਿਨਾਂ ਠੰਡ ਦੇ ਡਰੋਂ ਅੱਧੀਆਂ ਬਾਹਾਂ ਵਾਲੀ ਕਮੀਜ਼ ਪਾ, ਉਪਰੋਂ ਦੀ ਸਵਾਟਰ ਪਾ ਕੇ ਰੱਖਦੇ ਹਨ। ਜੇ ਉਨ੍ਹਾਂ ਨੂੰ ਪੁੱਛੀਏ ਕਿ ਤੁਹਾਨੂੰ ਠੰਡ ਨਹੀਂ ਲੱਗ ਰਹੀ ਤਾਂ ਕਹਿੰਦੇ ਹਨ ਕਿ ਇਹ ਤਾਂ ਫੈਸ਼ਨ ਦਾ ਜ਼ਮਾਨਾ ਹੈ। ਇਸ ਫੈਸ਼ਨ ਦੀ ਹੋੜ ਵਿੱਚ ਕੋਈ ਵੀ ਪਿੱਛੇ ਨਹੀਂ ਰਹਿਣਾ ਚਾਹੁੰਦੇ।

ਅਸਲ ਵਿੱਚ ਫੈਸ਼ਨ ਹੱਦ ਤਕ ਰਹਿ ਕੇ ਵੀ ਕੀਤਾ ਜਾ ਸਕਦਾ ਹੈ, ਜੋ ਕਿ ਤੁਹਾਡੇ ਮਾਂ-ਬਾਪ, ਭੈਣ, ਭਰਾ ਜਾਂ ਦੋਸਤ-ਮਿੱਤਰ ਨੂੰ ਚੰਗਾ ਲੱਗੇ ਅਤੇ ਉਸ ਨੂੰ ਦਿਲੋਂ ਸਲਾਹੁਣ। ਜੇ ਪੰਜਾਬੀ ਸੱਭਿਆਚਾਰ ਨੂੰ ਮੁੱਖ ਰੱਖ ਕੇ ਪੰਜਾਬੀ ਲੋਕ, ਖਾਸ ਕਰਕੇ ਨੌਜਵਾਨ ਮੁੰਡੇ-ਕੁੜੀਆਂ ਫੈਸ਼ਨ ਕਰਨ ਤਾਂ ਦੁਨੀਆਂ ਵਿੱਚ ਪੰਜਾਬੀ ਪਹਿਰਾਵੇ ਵਰਗਾ ਕੁਝ ਵੀ ਨਹੀਂ।

**-ਜਗਦੀਪ ਬੱਲ**

# ਅਨੇਕ ਰੋਗਾਂ ਦਾ ਇਲਾਜ ਹੈ ਤੁਲਸੀ

- ਤੁਲਸੀ ਦੇ ਪੱਤਿਆਂ ਨੂੰ ਚਾਹ ਵਾਂਗ ਉਬਾਲ ਕੇ ਪੀਣ ਨਾਲ ਦਸਤ ਬੰਦ ਹੋ ਜਾਂਦੇ ਹਨ।
- ਤੁਲਸੀ ਦਾ ਪਾਚਾਂਗ ਅਤੇ ਜਾਇਫਲ ਦਾ ਚੂਰਨ ਇਕੱਠੇ ਖਾਣ ਨਾਲ ਪੇਚਿਸ਼ ਦੀ ਤਕਲੀਫ ਦੂਰ ਹੁੰਦੀ ਹੈ।
- ਤੁਲਸੀ ਦੇ ਬੀਜਾਂ ਦਾ ਸ਼ਰਬਤ (ਮਿਸ਼ਰੀ ਵਾਲਾ) ਪੀਣ ਨਾਲ ਪੇਚਿਸ਼ ਤੋਂ ਲਾਭ ਮਿਲਦਾ ਹੈ।
- ਤੁਲਸੀ ਦਾ ਰੱਸ ਇਕ ਤੋਲਾ ਹਰ ਰੋਜ਼ ਪੀਣ ਨਾਲ ਬੁਖਾਰ ਦੂਰ ਹੋ ਜਾਂਦਾ ਹੈ।
- ਤੁਲਸੀ ਦੇ ਪੱਤੇ 10, ਬੇਲ ਦੇ ਪੱਤੇ 5, ਹਰਸਿੰਗਾਰ ਦੇ ਪੱਤੇ 2, ਕਾਲੀ ਮਿਰਚ 5, ਇਹ ਸਾਰੇ ਪਾਣੀ ਵਿਚ ਪੀਸ ਕੇ ਪੀਓ।
- ਸੁੱਕੇ ਤੁਲਸੀ ਦੇ ਪੱਤਿਆਂ ਦਾ ਚੂਰਨ ਚਿਲਮ ਦੇ ਤੰਬਾਕੂ ਦੀ ਤਰ੍ਹਾਂ ਪੀਣ ਨਾਲ ਜ਼ੁਕਾਮ ਤੋਂ ਰਾਹਤ ਮਿਲਦੀ ਹੈ।
- ਤੁਲਸੀ ਦੀਆਂ ਪੱਤੀਆਂ ਦਾ ਰਸ ਕੱਢ ਕੇ ਗੁੱਦੇ ਮੁੱਖ 'ਤੇ ਲਾਉਣ ਨਾਲ ਅਰਸ਼ ਰੋਗ ਤੋਂ ਲਾਭ ਮਿਲਦਾ ਹੈ ਅਤੇ ਮੱਸੇ ਮਿੱਟ ਜਾਂਦੇ ਹਨ।
- ਤੁਲਸੀ ਦੇ ਬੀਜ ਤਿੰਨ ਮਾਸਾ ਪੀਸ ਕੇ ਦਹੀਂ ਵਿਚ ਮਿਲਾ ਕੇ ਰੋਗੀ ਨੂੰ ਖਿਲਾਉਣ ਨਾਲ ਬਵਾਸੀਰ ਤੋਂ ਲਾਭ ਮਿਲਦਾ ਹੈ।
- ਤੁਲਸੀ ਦੇ ਪੱਤਿਆਂ ਨੂੰ ਪੀਸ ਕੇ ਮੱਠੇ ਵਿਚ ਮਿਲਾ ਕੇ ਪੀਣ ਨਾਲ ਬਵਾਸੀਰ ਮਿੱਟ ਜਾਂਦੀ ਹੈ।

-ਪਰਸ਼ੂਰਾਮ ਸੰਬਲ

# ਜਲੇਬੀਆਂ ਦੀ ਲਜੀਜ਼ ਡਿਸ਼





ਜਲੇਬੀ ਦੀ ਪੁਡਿੰਗ ਮਹਿਮਾਨਾਂ ਅਤੇ ਪਰਿਵਾਰਾਂ ਅੰਦਰ ਖਾਣ ਦਾ ਖਾਸ ਹੀ ਸ਼ੌਕ ਹੁੰਦਾ ਹੈ। ਪੰਜਾਬੀਆਂ ਦਾ ਲੱਡੂਆਂ ਅਤੇ ਜਲੇਬੀਆਂ ਖਾਣ ਦਾ ਆਪਣਾ ਹੀ ਸੁਭਾਅ ਹੈ ਪਰ ਜੇ ਜਲੇਬੀਆਂ ਨੂੰ ਖਾਸ ਢੰਗ ਨਾਲ ਖਾਣ ਲਈ ਪਰੋਸਿਆ ਜਾਵੇ ਤਾਂ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੈ। ਇਸ ਮੰਤਵ ਲਈ ਘਰ ਵਿੱਚ ਪਈਆਂ ਜਲੇਬੀਆਂ ਵੀ ਵਰਤੋਂ ਵਿੱਚ ਆ ਸਕਦੀਆਂ ਹਨ ਪਰ ਤਾਜ਼ਾ ਜਲੇਬੀਆਂ ਨੂੰ ਇਸਤੇਮਾਲ ਕਰਨ ਨਾਲ ਤਾਜ਼ਗੀ ਤੇ ਸਵਾਦ ਵਿੱਚ ਹੋਰ ਵਾਧਾ ਹੁੰਦਾ ਹੈ। ਉਂਜ ਇਸ ਨੂੰ ਤਿਆਰ ਕਰਨ ਦੀ ਵਿਧੀ ਸਧਾਰਨ ਹੈ।

**ਸਮੱਗਰੀ:** ਜਲੇਬੀ ਇੱਕ ਕਿਲੋ, ਰਬੜੀ 750 ਗ੍ਰਾਮ, ਕੱਟੇ ਹੋਏ ਬਦਾਮ, ਕਾਜੂ , ਕਿਸ਼ਮਿਸ਼ ਇੱਕ ਕਟੋਰੀ।

**ਵਿਧੀ:** ਇੱਕ ਓਵਨ ਪਰੂਫ ਸ਼ੀਸ਼ੇ ਦਾ ਡੌਂਗਾ ਲੈ ਕੇ ਅੰਦਰੋਂ ਤੇਲ ਨਾਲ ਚੋਪੜ ਲਉ। ਇਸ ਵਿੱਚ ਜਲੇਬੀਆਂ ਤੋੜ ਕੇ ਪਾਈਆਂ ਜਾਣ। ਜਲੇਬੀਆਂ ਦੀ ਇੱਕ ਤੈਅ ਬਿਠਾਉਣ ਬਾਅਦ ਬਾਅਦ ਕੱਟੇ ਹੋਏ ਮੇਵੇ ਪਾਏ ਜਾਣ। ਇਸ ਬਾਅਦ ਤੋੜੀਆਂ ਜਲੇਬੀਆਂ ਦੀ ਇੱਕ ਹੋਰ ਤੈਅ ਬਣਾਈ ਜਾਵੇ। ਇਸੇ ਤਰ੍ਹਾਂ ਇਨ੍ਹਾਂ ਜਲੇਬੀਆਂ 'ਤੇ ਮੇਵਿਆਂ ਦੀ ਤੈਅ ਬਣਾਈ ਜਾਵੇ। ਇਸ ਤਰ੍ਹਾਂ ਕਰਕੇ ਸਾਰੀ ਸਮੱਗਰੀ ਭਰ ਲਈ ਜਾਵੇ ਪਰ ਉਪਰ ਤੋਂ ਇੱਕ ਇੰਚ ਜਗ੍ਹਾ ਖਾਲੀ ਰੱਖੀ ਜਾਵੇ। ਇਸ ਉਪਰ ਰਬੜੀ ਪਾ ਦਿੱਤੀ ਜਾਵੇ ਜੋ ਕਿ ਆਪਣੇ ਆਪ ਹੇਠਾਂ ਤਕ ਚਲੀ ਜਾਵੇਗੀ। ਫਿਰ ਓਵਨ ਵਿੱਚ ਰੱਖ ਕੇ ਹਲਕੇ ਸੇਕ ਨਾਲ ਪਕਾਇਆ ਜਾਵੇ। ਤਕਰੀਬਨ 20 ਤੋਂ 30 ਮਿੰਟ ਤਕ ਇਸ ਨੂੰ ਸੇਕ ਦਿੱਤਾ ਜਾਵੇ। ਜਦੋਂ ਇਸ ਦਾ ਰੰਗ ਭੂਰਾ ਹੋ ਜਾਵੇ ਤਾਂ ਗਰਮ ਪੁਡਿੰਗ ਖਾਣ ਲਈ ਤਿਆਰ ਹੈ। ਇਸ ਨੂੰ ਪਰਿਵਾਰ ਦੇ ਮੈਂਬਰਾਂ ਅਤੇ ਆਏ ਮਹਿਮਾਨਾਂ ਨੂੰ ਪਰੋਸ ਕੇ ਖਾਣ ਦਾ ਮਜ਼ਾ ਲਿਆ ਜਾਵੇ।

**-ਜਤਿੰਦਰ ਸੋਹੀ**

## ਉਪਯੋਗੀ ਨੁਸਖੇ

- ਭੁੰਨੇ ਹੋਏ ਬੈਂਗਣ ਦੀ ਛਿੱਲ ਆਸਾਨੀ ਨਾਲ ਨਹੀਂ ਲੱਥਦੀ। ਇਸਦੇ ਲਈ ਭੁੰਨੇ ਬੈਂਗਣ ਨੂੰ ਤੁਰੰਤ ਢਕ ਕੇ ਰੱਖ ਦਿਓ, ਛਿੱਲ ਆਸਾਨੀ ਨਾਲ ਲੱਥ ਜਾਵੇਗੀ।
- ਬਰੈਡ ਦੇ ਕਿਨਾਰਿਆਂ ਦੇ ਚੂਰਾ ਪਕੌੜੇ ਬਣਾਉਣ ਵੇਲੇ ਵੇਸਣ ਦੇ ਘੋਲ ਵਿਚ ਪਾ ਦਿਓ, ਪਕੌੜੇ ਸਵਾਦ ਬਣਨਗੇ।
- ਚਾਵਲ ਪਕਾਉਣ ਵੇਲੇ ਉਨ੍ਹਾਂ ਵਿਚ ਇਕ ਚਮਚ ਘਿਓ ਦਾ ਪਾ ਦਿਓ। ਜਦੋਂ ਉਹ ਪਕ ਜਾਣ ਤਾਂ ਉਨ੍ਹਾਂ ਵਿਚ ਨਿੰਬੂ ਦਾ ਰਸ ਪਾ ਦਿਓ। ਇਸ ਨਾਲ ਚਾਵਲ ਖਿੜੇ ਹੋਏ ਤੇ ਚਿੱਟੇ ਬਣਨਗੇ।
- ਭਿੰਡੀਆਂ ਦੀ ਸਬਜ਼ੀ ਵਿਚ ਤਾਰ ਨਾ ਖਿੱਚੀ ਜਾਵੇ, ਇਸਦੇ ਲਈ ਉਸ ਵਿਚ ਨਿੰਬੂ ਦਾ ਰਸ ਪਾ ਦਿਓ।

## ਤੀਆਂ ਦਾ ਮੇਲਾ 'ਝਾਂਜਰ ਦੀ ਛਣਕਾਰ' ਪੰਜਾਬੀ ਸੱਭਿਆਚਾਰ ਦੀ ਤਸਵੀਰ ਪੇਸ਼ ਕਰ ਗਿਆ

ਦੀ ਤਸਵੀਰ ਸਿਰਜ ਦਿੱਤੀ ਗਈ। ਸੰਸਥਾ ਵਲੋਂ ਜੋ ਵੱਖਰਾ ਉਪਰਾਲਾ ਕੀਤਾ ਗਿਆ ਸੀ ਉਹ ਇਹ ਸੀ ਕਿ ਜਿਹੜੀਆਂ ਬੀਬੀਆਂ ਇਸ ਇੰਡੀਅਨ ਕਮਿਉਨਿਟੀ ਸੈਂਟਰ ਮਿਲਪੀਟਸ ਵਿਚ ਹੋਣ ਵਾਲੇ ਇਸ ਤੀਆਂ ਦੇ ਤਿਉਹਾਰ 'ਝਾਂਜਰ ਦੀ ਛਣਕਾਰ' ਲਈ 12 ਵਜੇ ਤੋਂ ਪਹਿਲਾਂ ਪਹੁੰਚਣਗੀਆਂ ਉਨ੍ਹਾਂ ਨੂੰ ਖੂਬਸੂਰਤ ਫੁਲਕਾਰੀਆਂ ਸਨਮਾਨ 'ਚ ਦਿੱਤੇ ਜਾਣ ਦੀ ਵਿਵਸਥਾ ਕੀਤੀ ਗਈ ਸੀ। ਕਮਾਲ ਇਹ ਹੋਈ ਕਿ ਡੇਢ ਸੌ ਦੇ ਕਰੀਬ ਫੁਲਕਾਰੀਆਂ ਹਾਸਲ ਕਰਨ ਲਈ ਬੀਬੀਆਂ 12 ਵਜੇ ਤੋਂ ਪਹਿਲਾਂ ਤਿਆਰ ਹੋ ਕੇ ਚਾਈਂ ਚਾਈਂ ਪਹੁੰਚੀਆਂ।

ਜਸਵਿੰਦਰ ਧਨੋਆ ਦੀ ਕਮੇਟੀ, ਸੋਨੀਆ ਚੇੜਾ, ਜੱਸੀ ਸਰ੍ਹਾਂ, ਰਾਣੋ, ਜੱਸੀ ਕੌਰ ਅਤੇ ਜਸਵਿੰਦਰ ਕੌਰ ਦੀ ਕੋਰੀਓਗ੍ਰਾਫੀ, ਭੂਆ ਗੁਰਮੀਤ ਕੌਰ ਛੀਨਾ ਅਤੇ ਜਸਵਿੰਦਰ ਧਨੋਆ ਦਾ 'ਯਮਰਾਜ ਦਾ ਫੋਨ' ਲਘੂ ਨਾਟਕ ਆਪਣੇ ਆਪ 'ਚ ਕਮਾਲ ਦੀ ਪੇਸ਼ਕਾਰੀ ਸੀ। ਖਾਸ ਗੱਲ ਇਹ ਸੀ ਕਿ 'ਛਣਕਾਟਾ ਵੰਗਾਂ ਦਾ' ਪ੍ਰੋਗਰਾਮ ਰਾਹੀਂ ਅਮਰੀਕਾ 'ਚ ਇੰਗਲੈਂਡ ਤੋਂ ਪਹੁੰਚ ਕੇ ਆਪਣੀ ਵੱਖਰੀ ਪਹਿਚਾਣ ਬਣਾਉਣ ਵਾਲੀ ਸੋਨਾ ਵਾਲੀਆ ਨੇ ਕਰੀਬ ਆਪਣੇ ਦੋ ਦਰਜਨ ਗੀਤਾਂ ਨਾਲ ਗੀਤ ਸੰਗੀਤ ਦੀ ਛਹਿਬਰ ਲਾ ਦਿੱਤੀ। 'ਪਿੰਡਾਂ ਵਾਲੇ ਜੱਟ' ਗੀਤ ਨੂੰ ਕਈ ਵਾਰ ਸੁਣਿਆ ਗਿਆ। ਯੁਵਾ ਵਰਗ ਵਿਚ ਬਹਚਰਚਿਤ ਗਾਇਕ ਰੇਸ਼ਮ ਅਨਮੋਲ ਨੇ 'ਝਾਂਜਰ ਦੀ ਛਣਕਾਰ' ਪ੍ਰੋਗਰਾਮ ਨੂੰ ਆਪਣੇ ਗੀਤਾਂ ਨਾਲ ਸੱਚੀਂ ਮੁੱਚੀਂ ਹੀ ਛਣਕਣ ਲਾ ਦਿੱਤਾ। ਮੰਚ ਸੰਚਾਲਨ ਦੀ ਭੂਮਿਕਾ ਨਿਭਾਉਣ ਵਾਲੀ ਸ਼ਕਤੀ ਮਾਣਕ ਦਾ ਇਸ ਪ੍ਰੋਗਰਾਮ ਦੀ ਸਫਲਤਾ ਪਿੱਛੇ ਵਿਸ਼ੇਸ਼ ਯੋਗਦਾਨ ਸੀ।

ਤਕਰੀਬਨ ਪੂਰੇ ਹਾਲ ਨੂੰ ਨੱਕੋ ਨੱਕ ਭਰਨ ਵਾਲੀਆਂ ਬੀਬੀਆਂ, ਮੁਟਿਆਰਾਂ ਅਤੇ ਬੱਚੀਆਂ ਨੇ ਆਪਣੇ ਖੂਬਸੂਰਤ ਪਹਿਰਾਵੇ ਨਾਲ 'ਝਾਂਜਰ ਦੀ ਛਣਕਾਰ' ਨੂੰ ਕਮਾਲ ਦਾ ਤੀਆਂ ਦਾ ਮੇਲਾ ਬਣਾ ਦਿੱਤਾ। ਮੇਲੇ ਵਿਚ ਮੁੱਖ ਮਹਿਮਾਨ ਵਜੋਂ ਕੁਲਵੰਤ ਕੌਰ ਸੰਘੇੜਾ, ਇੰਦਰਜੀਤ ਗਾਖਲ, ਸੁਖਵਿੰਦਰ ਗਾਖਲ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਵਿਸ਼ੇਸ਼ ਸਹਿਯੋਗ ਵਿਚ ਨੋਨੀ ਮੁਹਾਰ, ਸੈਨਹੋਜ਼ੇ ਗੁਰਦੁਆਰਾ ਕਮੇਟੀ, ਟੋਨੀ ਧਾਲੀਵਾਲ, ਸਹਾਇਤਾ ਤੋਂ ਲਵੀ ਸਰਾਂ, ਸੁਰਿੰਦਰ ਕੌਰ ਤੇ ਮੋਨੀ ਮਾਨ ਸ਼ਾਮਿਲ ਸਨ। ਮੁੱਖ ਪ੍ਰਬੰਧਕ ਗੁਰਮੀਤ ਕੌਰ ਛੀਨਾ ਨੇ ਕਿਹਾ ਕਿ 'ਪੰਜਾਬ ਲੋਕ ਰੰਗ' ਅਤੇ 'ਇੱਕੀ ਇੰਟਰਨੈਸ਼ਨਲ' ਦੇ ਸਹਿਯੋਗ ਨਾਲ ਇਸ 'ਝਾਂਜਰ ਦੀ ਛਣਕਾਰ' ਪ੍ਰੋਗਰਾਮ ਨੂੰ ਅਗਲੇ ਵਰ੍ਹਿਆਂ ਵਿਚ ਬੀਬੀਆਂ ਅਤੇ ਮਰਦਾਂ ਦੋਵਾਂ ਲਈ ਹੀ ਪੇਸ਼ ਕੀਤਾ ਜਾਇਆ ਕਰੇਗਾ।

## ਜੀਐਚਜੀ. ਅਕੈਡਮੀ ਵੱਲੋਂ ਸਲਾਨਾ ਅੰਤਰ-ਰਾਸ਼ਟਰੀ ਯੁਵਕ ਮੇਲੇ 'ਤੇ ਲੱਗੀਆਂ ਰੌਣਕਾਂ

ਇਨਾਮ ਦੀ ਜੇਤੂ ਟੀਮ 'ਭੰਗੜਾ ਐਵਨਿਊ' ਸਰੀ, ਕਨੇਡਾ ਰਹੀ।ਇਹ ਤਿੰਨੋਂ ਅੰਤਰ-ਰਾਸ਼ਟਰੀ ਪੱਧਰ ਦੇ ਇਨਾਮ ਸੁਖਦੇਵ ਸਿੰਘ 'ਸ਼ਾਨੇ ਪੰਜਾਬ', ਗੁਰਦੇਵ ਸਿੰਘ ਇੰਡੀਅਨ 'ਅਵਨ ਰੈਸਟੋਰੈਂਟ' ਅਤੇ ਜਗਦੀਪ ਸਿੰਘ 'ਇੰਸੋਰੈਂਸ਼ ਏਜੰਸੀ' ਵੱਲੋਂ ਸਪਾਂਸਰ ਸਨ, ਜਦਕਿ ਬਾਕੀ ਮੁੱਖ ਸਪਾਂਸਰਾਂ ਵਿਚ ਚਰਨਜੀਤ ਬਾਠ, ਗਿੱਲ ਇੰਸ਼ੋਰੈਂਸ ਏਜੰਸੀ ਕਰੰਦਰਜ਼ ਦੇ ਅਵਤਾਰ ਗਿੱਲ ਅਤੇ ਹੈਰੀ ਗਿੱਲ, ਜਸਪ੍ਰੀਤ ਸਿੰਘ ਵਕੀਲ, ਸੰਨੀ ਸਿੰਘ 'ਆਲਇਨਸ਼ੋਰੈਂਸ ਏਜੰਸੀ, ਲਖਵੀਰ ਸਿੰਘ ਮੱਲੀ, ਇਕਸਪੋ ਪਾਰਟੀ ਰੈਂਟਲ ਅਤੇ ਡਾ. ਅਜੀਤ ਸਿੰਘ ਖਹਿਰਾ ਦੇ ਨਾਂ ਸ਼ਾਮਲ ਹਨ।

ਸਭ ਹਿੱਸਾ ਲੈਣ ਵਾਲੇ ਬੱਚਿਆਂ ਨੂੰ ਟਰਾਫੀਆਂ ਨਾਲ ਸਨਮਾਨਿਤ ਕੀਤਾ ਗਿਆ। ਇਸੇ ਤਰ੍ਹਾਂ ਅੰਤਰ-ਰਾਸਟਰੀ ਪੱਧਰ ਦੇ ਮੁਕਾਬਲੇ ਵਿਚ ਜੇਤੂਆਂ ਨੂੰ ਯਾਦਗਾਰੀ ਟਰਾਫੀਆਂ ਅਤੇ ਇਨਾਮ ਦਿੱਤੇ ਗਏ।ਪ੍ਰੋਗਰਾਮ ਦੌਰਾਨ ਸੰਸਥਾ ਵੱਲੋਂ ਬਹੁਤ ਸਾਰੇ ਪਤਵੰਤੇ ਸੱਜਣਾਂ ਅਤੇ ਸਹਿਯੋਗੀਆਂ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ।

ਪ੍ਰੋਗਰਾਮ ਦੌਰਾਨ ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਅੰਤਰਰਾਸ਼ਟਰੀ ਸਟੇਜ ਸੰਚਾਲਿਕਾ ਬੀਬੀ ਆਸ਼ਾ ਸ਼ਰਮਾ ਅਤੇ ਗੁਰਦੀਪ ਸ਼ੇਰਗਿੱਲ ਨੇ ਬਾਖੂਬੀ ਨਿਭਾਈ। ਸਮੁੱਚੇ ਪ੍ਰੋਗਰਾਮ ਦੀ ਕਾਮਯਾਬੀ ਲਈ ਪਰਮਜੀਤ ਧਾਲੀਵਾਲ, ਉਦੈਦੀਪ ਸਿੱਧੂ ਅਤੇ ਜੀਐਚਜੀ. ਅਕੈਡਮੀ ਦੇ ਸਮੂਹ ਮੈਂਬਰ ਵਧਾਈ ਦੇ ਪਾਤਰ ਹਨ।

ਯਾਦ ਰਹੇ ਕਿ ਇਹ ਕੈਂਪ ਹਰ ਸਾਲ ਜੁਲਾਈ ਦੇ ਮਹੀਨੇ ਸਕੂਲਾਂ ਤੋਂ ਛੁੱਟੀਆਂ ਦੌਰਾਨ ਲਗਾਇਆ ਜਾਂਦਾ ਹੈ। ਇਸ ਕਾਰਜ ਤੋਂ ਆਮ ਲੋਕ ਬਹੁਤ ਖੁਸ਼ ਹਨ। ਅੱਜ ਦੇ ਸਮੇਂ ਦੀ ਇਹ ਲੋੜ ਵੀ ਹੈ ਕਿ ਅਜਿਹੇ ਪ੍ਰੋਗਰਾਮ ਹੀ ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਬੋਲੀ ਨੂੰ ਆਉਣ ਵਾਲੀਆਂ ਪੀੜ੍ਹੀਆਂ ਤੱਕ ਪੁੱਜਦਾ ਕਰਨ ਵਿਚ ਸਹਾਇਕ ਹੋਣਗੇ।

## 17ਵੀਂ ਸਦੀ 'ਚ ਸਿੱਖ ਧਰਮ ਦਾ ਪ੍ਰਚਾਰ ਤੇ ਪਸਾਰ

ਦਾਸ, ਜਾਪੂ, ਡੇਡਾ (ਮੱਲ), ਮੁਰਾਰੀ, ਬਾਲਾ ਤੇ ਰਾਮ ਰਾਇ ਪਟਨੇ ਦੀ ਸੰਗਤ ਨਾਲ ਸਬੰਧਿਤ ਸਨ। ਇਸ ਤੋਂ ਇਲਾਵਾ ਕਿਰਪਾਲ, ਗੰਗਾ ਰਾਮ ਤੇ ਰਾਮ ਰਾਇ ਬਨਾਰਸ ਤੇ ਜੌਨਪੁਰ ਦੀ ਸੰਗਤ ਵਿਚੋਂ ਸਨ। ਭਾਈ ਲਾਲ ਮਿਰਜਾਪੁਰ ਦੀ ਸੰਗਤ ਨਾਲ ਸਬੰਧਿਤ ਸੀ।

ਭਾਈ ਗੁਰਦਾਸ ਜੀ ਦੁਆਰਾ ਵਰਨਣ ਸਿੱਖਾਂ ਵਿਚੋਂ ਬਹੁ-ਸੰਮਤੀ ਪੰਜਾਬ ਦੇ ਖੱਤਰੀ ਸਿੱਖਾਂ ਦੀ ਹੈ। ਇਹ ਹੋਰ ਵੀ ਮਹੱਤਵਪੂਰਨ ਹੈ ਕਿ ਪੂਰਬ ਦੇ ਸਿੱਖਾਂ ਵਿਚੋਂ ਦੋ ਸਿੱਖ ਪਟਨਾ ਨਿਵਾਸੀ ਭਾਈ ਜੈਤਾ ਤੇ ਰਾਜਮਹਲ ਨਿਵਾਸੀ ਭਾਈ ਗੁਪਾਲ ਤਾਂ ਇੰਨੇ ਧਨਵਾਨ ਸਨ ਕਿ ਉਹ ਸ਼ਾਹੂਕਾਰਾਂ ਵਿਚ ਗਿਣੇ ਜਾਂਦੇ ਸਨ। ਗੁਰੂ ਹਰਿਗੋਬਿੰਦ ਜੀ ਨੇ ਜਿਨ੍ਹਾਂ ਸਿੱਖ ਸੰਗਤਾਂ (ਪਟਨਾ, ਆਲਮਗੰਜ, ਮੁੰਗੇਰ ਤੇ ਸ਼ੇਰਪੁਰ) ਦਾ ਜ਼ਿਕਰ ਕੀਤਾ ਹੈ, ਉਹ ਵੀ ਉਸੇ ਵਪਾਰਕ ਰਸਤੇ ਉਪਰ ਸਥਿਤ ਸਨ, ਜੋ ਖੁਸ਼ਕੀ ਤੇ ਦਰਿਆਵਾਂ ਦੇ ਰਸਤੇ ਪੂਰਬੀ ਭਾਰਤ ਨੂੰ ਆਗਰੇ ਤੋਂ ਅਗਾਂਹ ਪੰਜਾਬ ਵਿਚ ਦੀ ਮੱਧ-ਪੂਰਬ ਏਸ਼ੀਆ ਦੇ ਦੇਸ਼ਾਂ ਨਾਲ ਜੋੜਦਾ ਸੀ। ਇਸ ਲਈ ਇਨ੍ਹਾਂ ਥਾਵਾਂ ਉਪਰ ਸੰਗਠਿਤ ਹੋਈਆਂ ਸਿੱਖ ਸੰਗਤਾਂ ਦੇ ਸਿੱਖਾਂ ਦੇ ਪੰਜਾਬ ਦੇ ਖੱਤਰੀ ਸਿੱਖਾਂ ਵਿਚੋਂ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਸਮੁੱਚੇ ਪੂਰਬੀ ਭਾਰਤ ਦੀਆਂ ਸਿੱਖ ਸੰਗਤਾਂ ਦੀ ਬਣਤਰ ਬਾਰੇ ਅਨੁਮਾਨ ਹੈ ਕਿ ਇਨ੍ਹਾਂ ਵਿਚ ਬਹੁ-ਗਿਣਤੀ ਖੱਤਰੀ ਸਿੱਖਾਂ ਦੀ ਸੀ ਤੇ ਸਥਾਨਕ ਲੋਕਾਂ ਦੀ ਜੇਕਰ ਲਗਭਗ ਅਣਹੋਂਦ ਨਹੀਂ ਤਾਂ ਗਿਣਤੀ ਬੜੀ ਮਾਮੂਲੀ ਹੋਵੇਗੀ।

ਸਿੱਖੀ ਦੇ ਪ੍ਰਚਾਰ ਦੇ ਲਈ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮਜ਼ਬੂਤ ਸੰਗਠਨ ਬਣਾਇਆ ਹੋਇਆ ਸੀ। ਗੁਰੂ ਹਰਿਗੋਬਿੰਦ ਜੀ ਦੇ ਹੁਕਮਨਾਮੇ ਵਿਚ ਕੁਝ ਅਜਿਹੇ ਮਹੱਤਵਪੂਰਨ ਸੰਕੇਤ ਹਨ, ਜਿਨ੍ਹਾਂ ਤੋਂ ਕੁਝ ਅਨੁਮਾਨ ਲਾਏ ਜਾ ਸਕਦੈ ਹਨ। ਗੁਰੂ ਹਰਿਗੋਬਿੰਦ ਜੀ ਨੇ ਪੂਰਬ ਦੀ ਸੰਗਤ ਨੂੰ 'ਖਾਲਸਾ' ਦੀ ਉਪਾਧੀ ਦਿੱਤੀ ਹੈ। ਇਸ ਤੋਂ ਇਹ ਪਤਾ ਲੱਗਦਾ ਹੈ ਕਿ ਪੂਰਬ ਦੀਆਂ ਸਿੱਖ ਸੰਗਤਾਂ 'ਮਸੰਦ ਸੰਸਥਾ' ਦੇ ਰਾਹੀਂ ਨਹੀਂ, ਬਲਕਿ ਸਿੱਧੇ ਤੌਰ 'ਤੇ ਗੁਰੂ ਦਰਬਾਰ ਨਾਲ ਸਬੰਧਿਤ ਸਨ। ਪੰਜਾਬ ਦੇ ਖੱਤਰੀ ਸਿੱਖ ਵਪਾਰ ਲਈ ਪੂਰਬੀ ਭਾਰਤ ਤੋਂ ਅਕਸਰ ਪੰਜਾਬ ਆਉਂਦੇ ਰਹਿੰਦੇ ਸਨ। ਇਸ ਲਈ ਕਾਰ-ਸੇਵਾ ਤੇ ਦਸਵੰਧ ਸਹਿਜੇ ਹੀ ਗੁਰੂ ਦਰਬਾਰ ਵਿਚ ਪਹੁੰਚ ਜਾਂਦਾ ਸੀ। ਗੁਰੂ ਹਰਿਗੋਬਿੰਦ ਜੀ ਨੇ ਪੂਰਬ ਦੀ ਸੰਗਤ ਵਲੋਂ ਭੇਜੀ ਕਾਰ ਸੇਵਾ ਗੁਰੂ ਦਰਬਾਰ ਵਿਚ ਪਹੁੰਚ ਜਾਣ ਦਾ ਹਵਾਲਾ ਵੀ ਦਿੱਤਾ ਹੈ।(ਗੰਡਾ ਸਿੰਘ ਹੁਕਮਨਾਮੇ ਪੰਨਾ 67)। ਸ਼ਾਇਦ ਇਹੀ ਕਾਰਨ ਹੈ ਕਿ ਪੂਰਬੀ ਭਾਰਤ ਦੀਆਂ ਸਿੱਖ ਸੰਗਤਾਂ ਤੋਂ ਕਾਰ-ਭੇਟ ਵਸੂਲ ਕਰਨ ਲਈ ਕਿਸੇ ਮਸੰਦ ਨੂੰ ਨਿਯੁਕਤ ਨਹੀਂ ਸੀ ਕੀਤਾ, ਬਲਕਿ ਉਨ੍ਹਾਂ ਨੂੰ 'ਖਾਲਸਾ' ਹੀ ਰਹਿਣ ਦਿੱਤਾ ਗਿਆ।

ਗੁਰੂ ਹਰਿਗੋਬਿੰਦ ਜੀ ਨੇ ਪੂਰਬੀ ਭਾਰਤ ਦੀਆਂ ਸਿੱਖ ਸੰਗਤਾਂ ਨੂੰ ਸੰਬੋਧਨ ਕਰਦਿਆਂ ਪਟਨੇ ਦਾ ਉਲੇਖ ਵਿਸ਼ੇਸ਼ ਤੌਰ 'ਤੇ ਪਹਿਲੇ ਨੰਬਰ ਉਪਰ ਕੀਤਾ ਹੈ। ਇਸ ਤੋਂ ਸੰਕੇਤ ਮਿਲਦਾ ਹੈ ਕਿ ਉਸ ਸਮੇਂ ਪੂਰਬੀ ਭਾਰਤ ਵਿਚ ਪਟਨਾ ਸਿੱਖ ਧਰਮ ਦਾ ਪ੍ਰਮੁੱਖ ਕੇਂਦਰ ਸੀ। ਉਪਰੋਕਤ ਵਿਚਾਰ ਦੀ ਪੁਸ਼ਟੀ ਇਸ ਤੱਥ ਤੋਂ ਵੀ ਹੁੰਦੀ ਹੈ ਕਿ ਪੂਰਬ ਦੀਆਂ ਸਿੱਖ ਸੰਗਤਾਂ ਵਿਚੋਂ ਪਟਨੇ ਦੀ ਸੰਗਤ ਨਾਲ ਸਭ ਤੋਂ ਵਧੇਰੇ ਸਿੱਖ ਸਬੰਧਿਤ ਸਨ। ਇਹ ਸ਼ਾਇਦ ਪਟਨੇ ਵਿਚ ਵਧੇਰੇ ਸਿੱਖ ਆਬਾਦੀ ਹੋਣ ਕਰਕੇ ਸੀ। ਇਹ ਵੀ ਜ਼ਿਕਰਯੋਗ ਹੈ ਕਿ ਗੁਰੂ ਤੇਗ ਬਹਾਦਰ ਜੀ ਦੇ ਬਨਾਰਸ ਤੇ ਮਿਰਜ਼ਾਪੁਰ ਦੀਆਂ ਸਿੱਖ ਸੰਗਤਾਂ ਨੂੰ ਲਿਖੇ ਹੁਕਮਨਾਮਿਆਂ ਵਿਚ ਕਾਰ-ਭੇਟ ਇਕੱਠੀ ਕਰਕੇ ਪਟਨਾ ਨਿਵਾਸੀ ਭਾਈ ਦਿਆਲ ਦਾਸ ਨੂੰ ਪਹੁੰਚਾਉਣ ਦਾ ਹੁਕਮ ਹੈ। ਇਸ ਤਰ੍ਹਾਂ ਪਟਨਾ ਇਕ ਅਜਿਹਾ ਪ੍ਰਮੁੱਖ ਕੇਂਦਰ ਸੀ, ਜਿਥੋਂ ਪੂਰਬੀ ਭਾਰਤ ਦੀਆਂ ਢਾਕੇ ਤਕ ਦੀਆਂ ਸਿੱਖ ਸੰਗਤਾਂ ਦੇ ਸੰਗਠਨ ਤੇ ਕਾਰ-ਵਿਹਾਰ ਦੀ ਨਿਗਰਾਨੀ ਕੀਤੀ ਜਾਂਦੀ ਸੀ। ਗੁਰੂ ਤੇਗ ਬਹਾਦਰ ਜੀ ਦਾ ਆਸਾਮ ਦੀ ਯਾਤਰਾ ਨੂੰ ਜਾਂਦੇ ਸਮੇਂ ਆਪਣਾ ਪਰਿਵਾਰ ਪਟਨੇ ਛੱਡਣਾ ਤੇ ਬਾਅਦ ਵਿਚ ਪਟਨੇ ਨੂੰ ਸਿੱਖਾਂ ਦੇ ਇਕ ਤਖ਼ਤ ਵਜੋਂ ਮਾਨਤਾ, ਇਸ ਨੂੰ 17ਵੀਂ ਸਦੀ ਦੇ ਆਰੰਭ ਵਿਚ ਮਿਲੀ ਪ੍ਰਮੁੱਖਤਾ ਦਾ ਨਤੀਜਾ ਸੀ।

ਪੂਰਬੀ ਭਾਰਤ ਵਿਚ ਨਿਰੋਲ ਪ੍ਰਚਾਰ ਲਈ ਅਲਮਸਤ ਤੇ ਉਸ ਦਾ ਚੇਲਾ ਨੱਥਾ ਪਹੁੰਚੇ ਸਨ। ਜਿਨ੍ਹਾਂ ਸਿੱਖਾਂ ਦਾ ਜ਼ਿਕਰ ਗੁਰੂ ਹਰਿਗੋਬਿੰਦ ਜੀ ਤੇ ਭਾਈ ਗੁਰਦਾਸ ਜੀ ਨੇ ਕੀਤਾ, ਉਨ੍ਹਾਂ ਵਿਚੋਂ ਵਧੇਰੇ ਹਰੇਕ ਵਪਾਰ ਦੇ ਆਸ਼ੇ ਨਾਲ ਪੂਰਬੀ ਭਾਰਤ ਦੇ ਵਪਾਰਕ ਪੱਖੋਂ ਪ੍ਰਮੁੱਖ ਤੇ ਪ੍ਰਸਿੱਧ ਕੇਂਦਰਾਂ ਉਪਰ ਆਬਾਦ ਹੋਏ ਸਨ। ਜਿਵੇਂ ਕਿ ਪਹਿਲਾਂ ਉਲੇਖ ਹੋਇਆ ਹੈ, ਇਨ੍ਹਾਂ ਵਿਚੋਂ ਦੋ ਭਾਈ ਜੈਤਾ ਸੇਠ ਤੇ ਭਾਈ ਗੁਪਾਲ ਸੇਠ ਇੰਨੇ ਧੰਨਵਾਨ ਸਨ ਕਿ ਉਨ੍ਹਾਂ ਦੀ ਗਿਣਤੀ ਸ਼ਾਹੂਕਾਰਾਂ ਵਿਚ ਹੋਣ ਲੱਗ ਪਈ ਸੀ। ਉਸ ਸਮੇਂ ਬੰਗਾਲ ਤੇ ਬਿਹਾਰ ਵਿਚੋਂ ਮੁੱਖ ਤੌਰ 'ਤੇ ਸੂਤੀ ਤੇ ਰੇਸ਼ਮੀ ਕੱਪੜੇ ਦਾ ਨਿਰਯਾਤ ਹੁੰਦਾ ਸੀ, ਇਸ ਲਈ ਅਨੁਮਾਨ ਹੈ ਕਿ ਪੂਰਬ ਦੇ ਸਿੱਖ ਵਧੇਰੇ ਕਰਕੇ ਕੱਪੜੇ ਦੇ ਵਪਾਰ ਵਿਚ ਰੁੱਝੇ ਹੋਏ ਸਨ। ਸ਼ਾਇਦ ਇਹੀ ਕਾਰਨ ਹੈ ਕਿ ਗੁਰੂ ਹਰਿਗੋਬਿੰਦ ਜੀ ਨੇ ਇਨ੍ਹਾਂ ਨੂੰ ਰੇਸ਼ਮ ਤੇ ਸੂਤੀ ਕੱਪੜੇ ਦੀਆਂ ਵਸਤਾਂ ਭੇਜਣ ਦੀ ਫਰਮਾਇਸ਼ ਕੀਤੀ ਸੀ। ਵਪਾਰੀ ਹੋਣ ਕਰਕੇ ਪੂਰਬ ਦੇ ਸਿੱਖਾਂ ਦੀ ਆਰਥਿਕ ਸਥਿਤੀ ਕਾਫੀ ਮਜ਼ਬੂਤ ਸੀ, ਜਿਸ ਕਰਕੇ ਦਸਵੰਧ ਤੇ ਕਾਰ-ਭੇਟ ਭੇਜਣ ਲਈ ਉਨ੍ਹਾਂ ਵਿਚ ਵਧੇਰੇ ਉਤਸ਼ਾਹ ਸੀ।

ਪੂਰਬੀ ਭਾਰਤ ਦੇ ਸਿੱਖਾਂ ਨੂੰ ਸਮਾਜਿਕ ਤੌਰ 'ਤੇ ਰਲ-ਮਿਲ ਕੇ ਰਹਿਣ ਤੇ ਇਕ ਦੂਸਰੇ ਨਾਲ ਸਹਿਯੋਗ ਕਰਨ ਦਾ ਹੁਕਮ ਸੀ। ਧਾਰਮਿਕ ਤੇ ਭਾਈਚਾਰਕ ਕਾਰਜ ਮੁਖੀ ਸਿੱਖਾਂ ਦੀ ਸਲਾਹ ਅਨੁਸਾਰ ਕਰਨੇ ਸਨ। ਸਮਾਜ ਵਿਚ ਉਨ੍ਹਾਂ ਨੇ 'ਭਲੀ ਜੁਗਤਿ' ਵਿਚਰਨਾ ਸੀ। ਉਨ੍ਹਾਂ ਦੇ ਧਾਰਮਿਕ ਜੀਵਨ ਵਿਚ ਗੁਰਪੁਰਬ ਬੜੀ ਮਹੱਤਤਾ ਰੱਖਦੇ ਸਨ ਤੇ ਇਨ੍ਹਾਂ ਨੂੰ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਸੀ। ਧਾਰਮਿਕ ਜੀਵਨ ਵਿਚ ਗੁਰਬਾਣੀ ਦਾ ਕੀਰਤਨ ਬੜਾ ਜ਼ਰੂਰੀ ਅੰਗ ਸੀ। ਇਸੇ ਤਰ੍ਹਾਂ ਕਾਰ-ਭੇਟ ਤੇ ਦਸਵੰਧ ਨੂੰ ਧਾਰਮਿਕ ਫਰਜ਼ ਵਜੋਂ ਬੜੇ ਉਤਸ਼ਾਹ ਨਾਲ ਗੁਰੂ ਦਰਬਾਰ ਵਿਚ ਭੇਜਿਆ ਜਾਂਦਾ ਸੀ। ਹੁਕਮਨਾਮਿਆਂ ਅਨੁਸਾਰ ਗੁਰੂ ਦਰਬਾਰ ਲਈ ਭੇਜੀਆਂ ਵਸਤਾਂ, ਕਾਰ-ਭੇਟ ਤੇ ਫਰਮਾਇਸ਼ਾਂ, ਪੂਰਬ ਦੇ ਸਿੱਖਾਂ ਦੀ ਗੁਰੂ ਹੁਕਮ ਪ੍ਰਤੀ ਵਫਾਦਾਰੀ ਦਾ ਪ੍ਰਗਟਾਵਾ ਕਰਦੇ ਹਨ। ਗੁਰੂ ਹਰਿਗੋਬਿੰਦ ਜੀ ਦੁਆਰਾ ਆਪਣੇ ਇਕੋ ਹੁਕਮਨਾਮੇ ਵਿਚ ਲਗਭਗ 66 ਸਿੱਖਾਂ ਦਾ ਜ਼ਿਕਰ ਇਹ ਸਿੱਧ ਕਰਦਾ ਹੈ ਕਿ ਪੂਰਬ ਦੇ ਪ੍ਰਸਿੱਧ ਸਿੱਖਾਂ ਦੀ ਗੁਰੂ ਸਾਹਿਬ ਨੂੰ ਨਿੱਜੀ ਜਾਣਕਾਰੀ ਸੀ।

ਸਭਨਾਂ ਸਰੋਤਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਪੂਰਬੀ ਭਾਰਤ ਵਿਚ ਲਗਭਗ 80 ਪ੍ਰਮੁੱਖ ਤੇ ਪ੍ਰਸਿੱਧ ਸਿੱਖਾਂ ਦੀ ਜਾਣਕਾਰੀ ਮਿਲਦੀ ਹੈ। ਗੁਰੂ ਹਰਿਗੋਬਿੰਦ ਜੀ ਤੇ ਭਾਈ ਗੁਰਦਾਸ ਜੀ ਦੁਆਰਾ ਇਨ੍ਹਾਂ ਸਿੱਖਾਂ ਨੂੰ ਜ਼ਾਤੀ ਨਾਵਾਂ ਦੁਆਰਾ ਸੰਬੋਧਨ ਤੋਂ ਇਹ ਅਨੁਮਾਨ ਹੈ ਕਿ ਇਨ੍ਹਾਂ ਦੀ ਗੁਰੂ ਸਾਹਿਬ ਨੂੰ ਨਿੱਜੀ ਵਾਕਫੀਅਤ ਸੀ ਤੇ ਇਨ੍ਹਾਂ ਦੀ ਸਿੱਖ ਧਰਮ ਦੇ ਪ੍ਰਚਾਰ ਤੇ ਸੰਗਠਨ ਵਿਚ ਭੂਮਿਕਾ ਵਰਨਣਯੋਗ ਸੀ। ਇਹ ਵਧੇਰੇ ਕਰਕੇ ਪੂਰਬੀ ਭਾਰਤ ਦੇ ਬਿਹਾਰ ਤੇ ਬੰਗਾਲ ਪ੍ਰਾਂਤਾਂ ਦੇ ਪ੍ਰਮੁੱਖ ਸ਼ਹਿਰਾਂ ਵਿਚ ਵਸੇ ਹੋਏ ਸਨ। ਸੰਭਵ ਹੈ ਕਿ ਉਹ ਉਸ ਸਮੇਂ ਆਪੋ ਆਪਣੀਆਂ ਜਾਤਾਂ, ਖਾਨਦਾਨਾਂ, ਪਰਿਵਾਰਾਂ ਜਾਂ ਸਥਾਨਕ ਸਿੱਖ ਸੰਗਤ ਦੇ ਮੁਖੀ ਵਜੋਂ ਨੁਮਾਇੰਦਗੀ ਕਰਦੇ ਹੋਣ। ਇਸ ਲਈ ਪੂਰਬੀ ਭਾਰਤ ਵਿਚ ਸਿੱਖਾਂ ਦੀ ਗਿਣਤੀ 80 ਪ੍ਰਮੁੱਖ ਸਿੱਖਾਂ ਤੱਕ ਹੀ ਸੀਮਤ ਨਹੀਂ, ਬਲਕਿ ਇਨ੍ਹਾਂ ਤੋਂ ਕਾਫੀ ਵਧੇਰੇ ਹੋਵੇਗੀ।

ਉਪਰੋਕਤ ਵਿਚਾਰ ਉਪਰੰਤ ਇਹ ਮੱਤ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗੁਰਗੱਦੀ ਕਾਲ ਵਿਚ ਸਿੱਖ ਧਰਮ ਦਾ ਪ੍ਰਚਾਰ ਤੇ ਪ੍ਰਸਾਰ ਘੱਟ ਹੋਇਆ, ਬਿਲਕੁਲ ਬੇ-ਬੁਨਿਆਦ ਹੈ। ਗੁਰੂ ਅਰਜਨ ਦੇਵ ਜੀ ਦੇ ਸਮੇਂ ਸਿੱਖ ਪੰਥ ਦਾ ਪੰਜਾਬ ਵਿਚ ਬੋਲਬਾਲਾ ਹੋ ਕੇ ਆਗਰੇ ਤੱਕ ਸਿੱਖ ਸੰਗਤਾਂ ਕਾਇਮ ਹੋ ਗਈਆਂ ਸਨ ਪਰ ਹੁਣ ਪੂਰਬੀ ਭਾਰਤ ਦੇ ਪ੍ਰਮੁੱਖ ਵਪਾਰਕ ਕੇਂਦਰਾਂ ਉਪਰ ਸਿੱਖ ਸੰਗਤਾਂ ਸਥਾਪਤ ਹੋ ਕੇ ਸਿੱਖ ਧਰਮ ਦਾ ਪ੍ਰਸਾਰ ਬੰਗਾਲ ਵਿਚ ਢਾਕੇ ਤੱਕ ਹੋ ਗਿਆ ਸੀ। ਇਕ ਕਿਸਮ ਨਾਲ ਸਿੱਖ ਧਰਮ ਨੂੰ ਪੰਜਾਬ ਤੋਂ ਬਾਹਰ ਪ੍ਰਚਾਰਨ ਤੇ ਪ੍ਰਸਾਰਨ ਅਤੇ ਇਸ ਦੀ ਪੂਰੇ ਭਾਰਤ ਵਿਚ ਪਹਿਚਾਣ ਸਥਾਪਤ ਕਰਨ ਦਾ ਕਾਰਜ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਵਿਚ ਹੋਇਆ।

## ਸੁਆਮੀ ਅਗਨੀਵੇਸ਼ ਉਪਰ ਹਮਲਾ, ਫਿਰਕੂ ਭੀੜਾਂ ਤੇ ਮੋਦੀ ਸਰਕਾਰ

ਬੁਨਿਆਦੀ ਮੁੱਦੇ ਪਿੱਛੇ ਧੱਕ ਦਿੱਤੇ ਗਏ ਹਨ। ਇਸ ਸਭ ਕੁਝ ਦਾ ਮਕਸਦ ਹਿੰਦੂ ਵੋਟ ਬੈਂਕ ਨੂੰ ਭਾਜਪਾ ਦੇ ਹੱਕ ਵਿਚ ਭੁਗਤਾਉਣਾ ਹੈ।

ਅਗਨੀਵੇਸ਼ 'ਤੇ ਹਮਲਾ ਕਰਨ ਵਾਲੇ ਭਾਜਪਾ ਯੁਵਾ ਮੋਰਚਾ ਦੇ ਲੀਡਰਾਂ ਦਾ ਕਹਿਣਾ ਹੈ ਕਿ ਸੁਆਮੀ ਅਗਨੀਵੇਸ਼ ਇੱਥੇ ਭੋਲੇ ਭਾਲੇ ਆਦਿਵਾਸੀਆਂ ਨੂੰ ਭੜਕਾਉਣ ਆਏ ਸਨ। ਇਹ ਪਾਕਿਸਤਾਨ ਤੇ ਇਸਾਈ ਮਿਸ਼ਨਰੀਆਂ ਦੇ ਇਸ਼ਾਰੇ 'ਤੇ ਕੰਮ ਕਰ ਰਹੇ ਹਨ। ਜੇਕਰ ਇਹ ਸਹੀ ਹੈ ਤਾਂ ਇਨ੍ਹਾਂ ਨੂੰ ਕਾਨੂੰਨੀ ਕਾਰਵਾਈ ਕਰਾਉਣੀ ਚਾਹੀਦੀ ਹੈ। ਇਨ੍ਹਾਂ ਭਗਵੇਂਵਾਦੀਆਂ ਨੇ ਕਾਨੂੰਨ ਨੂੰ ਹੱਥ ਵਿਚ ਕਿਉਂ ਲਿਆ ? ਹਾਲਾਂਕਿ ਝਾਰਖੰਡ ਤੇ ਕੇਂਦਰ ਵਿਚ ਭਾਜਪਾ ਦੀ ਹੀ ਸਰਕਾਰ ਹੈ। ਇਹ ਲੋਕ ਸ਼ਰੇਆਮ ਫੇਸਬੁੱਕ 'ਤੇ ਪਾ ਰਹੇ ਹਨ ਕਿ ਸੁਆਮੀ ਅਗਨੀਵੇਸ਼ ਨੇ ਆਪਣੇ ਬਿਆਨਾਂ ਵਿਚ ਅਮਰਨਾਥ ਦਾ ਅਪਮਾਨ ਕੀਤਾ, ਸ਼ਿਵਲਿੰਗ ਦਾ ਅਪਮਾਨ ਕੀਤਾ। ਤ੍ਰਿਪਤੀ ਦਾ ਅਪਮਾਨ ਕੀਤਾ। ਇਸ ਨੂੰ ਇੰਝ ਹੀ ਕੁੱਟਿਆ ਜਾਣਾ ਚਾਹੀਦਾ ਸੀ, ਜੋ ਸੇਵਾ ਹੋਈ ਘੱਟ ਹੋਈ। ਦੂਸਰੇ ਪਾਸੇ ਆਰੀਆ ਸਮਾਜੀਆਂ ਦਾ ਕਹਿਣਾ ਹੈ ਕਿ ਪੂਜਾ ਪਾਠ ਤੇ ਕਰਮਕਾਂਡਾਂ ਬਾਰੇ ਤੇ ਮੰਦਰਾਂ ਬਾਰੇ ਆਰੀਆ ਸਮਾਜੀ ਬਹੁਤ ਸਮੇਂ ਤੋਂ ਇਹ ਗੱਲ ਕਹਿੰਦੇ ਆ ਰਹੇ ਹਨ ਜੋ ਹੁਣ ਅਗਨੀਵੇਸ਼ ਕਹਿ ਰਹੇ ਹਨ, ਇਹ ਕੋਈ ਨਵੀਂ ਗੱਲ ਨਹੀਂ ਹੈ। ਵਿਚਾਰਾਂ ਦਾ ਟਕਰਾਅ ਚਲਦਾ ਰਿਹਾ ਹੈ। ਪਰ ਇਸ ਦਾ ਮਤਲਬ ਇਹ ਨਹੀਂ ਕਿ ਭਗਵੇਂਵਾਦੀ ਹਿੰਸਾ 'ਤੇ ਉਤਰ ਆਉਣ। ਕਾਂਗਰਸੀ ਨੇਤਾ ਸ਼ਸ਼ੀ ਥਰੂਰ ਦਾ ਕਹਿਣਾ ਸਹੀ ਹੈ ਕਿ ਭਾਰਤ ਇਨ੍ਹਾਂ ਭਗਵੇਂਵਾਦੀਆਂ ਕਾਰਨ ਤਾਲਿਬਾਨੀ ਭਾਰਤ ਬਣਦਾ ਜਾ ਰਿਹਾ ਹੈ।

ਰਾਜਸਥਾਨ ਦੇ ਅਲਵਰ ਜ਼ਿਲ੍ਹੇ ਵਿੱਚ ਦੁੱਧ ਦੇਣ ਵਾਲੀਆਂ ਗਾਈਆਂ ਨੂੰ ਖ਼ਰੀਦ ਕੇ ਲੈ ਜਾ ਰਹੇ ਹਰਿਆਣੇ ਦੇ ਮੇਵਾਤ ਨਿਵਾਸੀ ਅਕਬਰ ਖ਼ਾਨ ਤੇ ਅਸਲਮ ਦੀ ਗਊ ਰਾਖਿਆਂ ਨੇ ਗਾਂਵਾਂ ਦੇ ਤਸਕਰ ਗਰਦਾਨ ਕੇ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਅਸਲਮ ਤਾਂ ਜਾਨ ਬਚਾਅ ਕੇ ਦੌੜ ਗਿਆ ਪਰ ਅਕਬਰ ਖ਼ਾਨ ਨੂੰ ਭੀੜ ਨੇ ਏਨੀ ਬੇਰਹਿਮੀ ਨਾਲ ਕੁੱਟਿਆ ਕਿ ਉਹ ਅੱਧ-ਮੋਇਆ ਹੋ ਗਿਆ। ਪੁਲਸ ਨੇ ਮੌਕੇ 'ਤੇ ਪਹੁੰਚ ਕੇ ਉਸ ਨੂੰ ਅਲਵਰ ਦੇ ਹਸਪਤਾਲ ਪੁਚਾਇਆ ਪਰ ਉਸ ਨੂੰ ਬਚਾਇਆ ਨਾ ਜਾ ਸਕਿਆ। ਰਾਜ ਦੀ ਮੁੱਖ ਮੰਤਰੀ ਵਸੁੰਧਰਾ ਰਾਜੇ ਨੇ ਇਸ ਘਟਨਾ ਦੀ ਨਿਖੇਧੀ ਕੀਤੀ ਹੈ ਤੇ ਅਧਿਕਾਰੀਆਂ ਨੂੰ ਜਾਂਚ ਦੇ ਆਦੇਸ਼ ਦਿੱਤੇ ਹਨ ਤੇ ਕਿਹਾ ਹੈ ਕਿ ਦੋਸ਼ੀਆਂ ਨੂੰ ਬਖਸ਼ਿਆ ਨਹੀਂ ਜਾਵੇਗਾ। ਦੋ ਦੋਸ਼ੀਆਂ ਨੂੰ ਪੁਲਸ ਵੱਲੋਂ ਗ੍ਰਿਫ਼ਤਾਰ ਕਰਨ ਦਾ ਐਲਾਨ ਕੀਤਾ ਗਿਆ ਹੈ।

ਇਹ ਕੋਈ ਪਹਿਲਾ ਮੌਕਾ ਨਹੀਂ, ਜਦੋਂ ਗਊ ਰੱਖਿਆ ਦੇ ਨਾਂਅ 'ਤੇ ਕਿਸੇ ਨਿਰਦੋਸ਼ ਵਿਅਕਤੀ ਦੀ ਹੱਤਿਆ ਕੀਤੀ ਗਈ ਹੋਵੇ। ਪਿਛਲੇ ਸਾਲ ਇਹਨਾਂ ਦਿਨਾਂ ਵਿੱਚ ਹੀ ਪਹਿਲੂ ਖ਼ਾਨ ਨਾਂਅ ਦੇ ਇੱਕ ਵਿਅਕਤੀ ਨੂੰ ਭੀੜ ਵੱਲੋਂ ਗਊ ਤਸਕਰੀ ਦੇ ਨਾਂਅ 'ਤੇ ਕੁੱਟ-ਕੁੱਟ ਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ ਤੇ ਉਸ ਦੇ ਨਾਲ ਆਏ ਦੋ ਰਿਸ਼ਤੇਦਾਰਾਂ ਨੂੰ ਅੱਧ-ਮੋਇਆ ਕਰ ਦਿੱਤਾ ਗਿਆ ਸੀ। ਗਊ ਰਾਖਿਆਂ ਦੇ ਹੌਸਲੇ ਏਨੇ ਵਧੇ ਹੋਏ ਸਨ ਕਿ ਉਨ੍ਹਾਂ ਨੇ ਇਸ ਘਟਨਾ ਦੀ ਵੀਡੀਓ ਬਣਾ ਕੇ ਉਸ ਨੂੰ ਨਸ਼ਰ ਕੀਤਾ। ਇਸ ਵੀਡੀਓ ਤੋਂ ਇਹ ਗੱਲ ਸਾਹਮਣੇ ਆਈ ਕਿ ਮੌਕੇ 'ਤੇ ਦੋ ਪੁਲਸ ਮੁਲਾਜ਼ਮ ਮੌਜੂਦ ਸਨ ਪਰ ਉਨ੍ਹਾਂ ਨੇ ਭੀੜ ਨੂੰ ਰੋਕਣ ਦੀ ਥਾਂ ਦੋਸ਼ੀਆਂ ਨੂੰ ਹੀ ਹੱਲਾਸ਼ੇਰੀ ਦਿੱਤੀ। ਅਫ਼ਸੋਸ ਵਾਲੀ ਗੱਲ ਇਹ ਹੈ ਕਿ ਰਾਜ ਦੇ ਗ੍ਰਿਹਿ ਮੰਤਰੀ ਗੁਲਾਬ ਚੰਦ ਕਟਾਰੀਆ ਨੇ ਇਸ ਘਟਨਾ ਦੀ ਨਿਖੇਧੀ ਕਰਨ ਦੀ ਥਾਂ ਪਹਿਲੂ ਖ਼ਾਨ ਤੇ ਉਸ ਦੇ ਦੋ ਸਾਥੀਆਂ ਨੂੰ ਗਾਂਵਾਂ ਦੇ ਤਸਕਰ ਕਰਾਰ ਦੇ ਦਿੱਤਾ। ਚਾਹੇ ਚਾਰੇ ਪਾਸੇ ਹਾਹਾਕਾਰ ਮਚਣ 'ਤੇ ਕੁਝ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਪਰ ਸ਼ਾਸਨ ਦੀ ਮਿਲੀ-ਭੁਗਤ ਕਾਰਨ ਉਹ ਸਾਰੇ ਬਰੀ ਹੋ ਗਏ।

ਏਥੇ ਹੀ ਬਸ ਨਹੀਂ, ਇੱਕ ਕੇਂਦਰੀ ਮੰਤਰੀ ਅਰਜਨ ਮੇਘਵਾਲ ਨੇ ਅਲਵਰ ਦੀ ਤਾਜ਼ਾ ਘਟਨਾ ਮਗਰੋਂ ਇਹ ਬਿਆਨ ਦੇ ਮਾਰਿਆ ਹੈ ਕਿ ਜਿਵੇਂ-ਜਿਵੇਂ ਮੋਦੀ ਜੀ ਦੀ ਹਰਮਨ-ਪਿਆਰਤਾ ਵਧੇਗੀ, ਅਜਿਹੀਆਂ ਘਟਨਾਵਾਂ ਵਧਦੀਆਂ ਜਾਣਗੀਆਂ। ਮੌਬ ਲਿੰਚਿੰਗ ਦੀ ਇਹ ਘਟਨਾ ਕੋਈ ਨਵੀਂ ਨਹੀਂ ਹੈ, ਪਹਿਲਾਂ ਵੀ ਅਜਿਹੀਆਂ ਘਟਨਾਵਾਂ ਵਾਪਰਦੀਆਂ ਰਹੀਆਂ ਹਨ। ਕੇਂਦਰੀ ਗ੍ਰਿਹਿ ਮੰਤਰੀ ਰਾਜਨਾਥ ਸਿੰਘ ਨੇ ਲੋਕ ਸਭਾ ਵਿੱਚ ਪੇਸ਼ ਬੇਭਰੋਸਗੀ ਦੇ ਮਤੇ ਉੱਤੇ ਬਹਿਸ ਦੌਰਾਨ ਮੌਬ ਲਿੰਚਿੰਗ ਬਾਰੇ ਕਿਹਾ ਸੀ ਕਿ ਸਾਡੀ ਸਰਕਾਰ ਇਸ ਦੀ ਨਿਖੇਧੀ ਕਰਦੀ ਹੈ ਤੇ ਇਸ ਨੂੰ ਰੋਕਣ ਬਾਰੇ ਵਚਨਬੱਧ ਹੈ, ਕੋਈ ਕਾਰਵਾਈ ਨਹੀਂ ਹੋ ਰਹੀ ।ਭਾਰਤ ਵਿਚ ਹਿੰਦੂ-ਮੁਸਲਮਾਨ ਨੂੰ ਲੜਾਉਣ ਤੇ ਵੰਡਣ ਵਾਲੀ ਰਾਜਨੀਤੀ ਦੇ ਕਲਾਈਮੈਕਸ ਦਾ ਵਕਤ ਆ ਗਿਆ ਹੈ, ਕਿਉਂਕਿ 2019 ਦੀਆਂ ਚੋਣਾਂ ਨੇੜੇ ਆ ਚੁੱਕੀਆਂ ਹਨ। ਇਨ੍ਹਾਂ ਨੂੰ ਕੋਈ ਫਰਕ ਨਹੀਂ ਪੈਂਦਾ ਕਿ ਮੁਸਲਮਾਨ ਮਾਰੇ ਜਾਣ, ਦਲਿਤ ਮਾਰੇ ਜਾਣ ਪਰ ਇਨ੍ਹਾਂ ਦੀ ਕੁਰਸੀ ਕਾਇਮ ਰਹਿਣੀ ਚਾਹੀਦੀ ਹੈ। ਇਹ ਗੱਲ ਸੱਚ ਹੈ ਕਿ ਦੇਸ਼ ਏਕਤਾ ਵੱਲ ਨਹੀਂ ਟੁੱਟਣ ਵਲ ਵਧ ਰਿਹਾ ਹੈ। ਇਸ ਦੇ ਜ਼ਿੰਮੇਵਾਰ ਇਹ ਭਗਵੇਂਵਾਦੀ ਹਿੰਸਕ ਲੋਕ ਹਨ। ਇਸ ਤੋਂ ਇਹੋ ਜਾਪਦਾ ਹੈ ਕਿ ਸਰਬ ਉੱਚ ਅਦਾਲਤ ਵੱਲੋਂ ਭੀੜ-ਤੰਤਰ ਵੱਲੋਂ ਫੈਲਾਈ ਜਾ ਰਹੀ ਹਿੰਸਾ ਨੂੰ ਰੋਕਣ ਬਾਰੇ ਦਿੱਤੇ ਦਿਸ਼ਾ-ਨਿਰਦੇਸ਼ਾਂ ਨੂੰ ਅਮਲ ਵਿੱਚ ਲਿਆਉਣ ਪ੍ਰਤੀ ਨਾ ਕੇਂਦਰ ਦੇ ਸ਼ਾਸਕ ਸੁਹਿਰਦ ਹਨ, ਨਾ ਭਾਜਪਾ ਦੀ ਅਗਵਾਈ ਵਾਲੇ ਰਾਜਾਂ ਦੇ ਕਰਤੇ-ਧਰਤੇ। ਅਜਿਹੀ ਹਾਲਤ ਵਿੱਚ ਅਮਨ-ਕਨੂੰਨ ਦੀ ਰਾਖੀ ਕਰਨ ਵਾਲੇ ਪੁਲਸ ਪ੍ਰਸ਼ਾਸਨ ਤੋਂ ਸਰਬ ਉੱਚ ਅਦਾਲਤ ਦੇ ਆਦੇਸ਼ਾਂ ਦੀ ਪਾਲਣਾ ਦੀ ਆਸ ਕਿਵੇਂ ਕੀਤੀ ਜਾ ਸਕਦੀ ਹੈ ?

## ਸਨਅਤੀਕਰਨ ਦੇ ਰਾਹ ਕਿਉਂ ਨਾ ਪੈ ਸਕਿਆ ਪੰਜਾਬ ?

ਵਾਤਾਵਰਨ ਕਰ ਲਗਾ ਦਿੰਦੇ ਹਨ। ਪੰਜਾਬ ਵਿੱਚ ਹਰ ਰੰਗ ਦੇ ਸਿਆਸਤਦਾਨਾਂ ਨੇ ਅਜਿਹੀਆਂ ਸਨਅਤਾਂ ਨੂੰ ਨਾ ਸਿਰਫ਼ ਹਰੀ ਝੰਡੀ ਦਿੱਤੀ ਸਗੋਂ ਇਨ੍ਹਾਂ ਨੂੰ ਉਤਸ਼ਾਹਿਤ ਵੀ ਕੀਤਾ ਜਿਹੜੀਆਂ ਦਰਿਆਵਾਂ, ਨਹਿਰਾਂ ਤੇ ਹੋਰ ਜਲ ਸਰੋਤਾਂ ਨੂੰ ਪ੍ਰਦੂਸ਼ਿਤ ਕਰਦੀਆਂ ਹਨ। ਇਸ ਨਾਲ ਫਿਰ ਲੋਕਾਂ ਦੀ ਸਿਹਤ ਨਾਲ ਖਿਲਵਾੜ ਹੋਇਆ ਅਤੇ ਸੂਬੇ ਨੂੰ ਸਾਂਭ-ਸੰਭਾਲ ਤੇ ਰਾਹਤ ਕਾਰਜਾਂ ਉੱਤੇ ਪੈਸੇ ਰੋੜ੍ਹਨੇ ਪਏ।

ਤਜਰਬੇ ਦੱਸਦੇ ਹਨ ਕਿ ਪੰਜਾਬ ਦੀ ਸਿਆਸੀ ਲੀਡਰਸ਼ਿਪ ਸੂਬੇ ਦੇ ਰੋਲ ਬਾਰੇ ਹੀ ਸਪੱਸ਼ਟ ਨਹੀਂ ਹੈ। ਸਿੱਟੇ ਵਜੋਂ ਅੜਿੱਕੇ ਲਗਾਤਾਰ ਵਧੀ ਜਾਂਦੇ ਹਨ। ਵਿਤੀ ਇਮਦਾਦ ਬਾਰੇ ਫ਼ੈਸਲੇ ਹੁੰਦੇ ਹਨ ਅਤੇ ਆਪਣਿਆਂ ਨੂੰ ਵੰਡ ਦਿੱਤੀ ਜਾਂਦੀ ਹੈ। ਤਕਨਾਲੋਜੀ ਬਹੁਤ ਸਾਰੇ ਅੜਿੱਕੇ ਖ਼ਤਮ ਕਰ ਸਕਦੀ ਹੈ ਜਾਂ ਘਟਾ ਸਕਦੀ ਹੈ ਪਰ ਇਸ ਦਾ ਇਸਤੇਮਾਲ ਹੀ ਨਹੀਂ ਕੀਤਾ ਜਾਂਦਾ। ਨਾ ਸਿਆਸਤਦਾਨ ਅਤੇ ਨਾ ਹੀ ਅਫ਼ਸਰ ਚਾਹੁੰਦੇ ਹਨ ਕਿ ਅਜਿਹਾ ਹੋਵੇ। ਨਤੀਜਾ ਹੈ: ਘੁਟਾਲੇ।

ਮੁੱਖ ਮੰਤਰੀ ਖ਼ੁਦ ਹੀ ਦੋ ਵੱਡੇ ਘੁਟਾਲਿਆਂ ਦਾ ਸਾਹਮਣਾ ਕਰ ਰਹੇ ਹਨ: ਇੱਕ ਘੁਟਾਲਾ ਅੰਮ੍ਰਿਤਸਰ ਇੰਪਰੂਵਮੈਂਟ ਟਰੱਸਟ ਨੂੰ 32 ਏਕੜ ਵਧੀਆ ਜ਼ਮੀਨ ਦੇਣ ਵੇਲੇ ਪ੍ਰਾਈਵੇਟ ਬਿਲਡਰ ਨੂੰ ਛੋਟਾਂ ਦੇਣ ਬਾਰੇ ਹੈ ਅਤੇ ਦੂਜਾ ਲੁਧਿਆਣਾ ਵਿੱਚ ਸਿਟੀ ਸੈਂਟਰ ਦੀ ਉਸਾਰੀ ਲਈ ਪ੍ਰਾਈਵੇਟ ਕੰਪਨੀ ਨੂੰ 1144 ਕਰੋੜ ਰੁਪਏ ਦਾ ਲਾਭ ਪਹੁੰਚਾਉਣ ਬਾਰੇ ਹੈ। ਇਨ੍ਹਾਂ ਦੋਹਾਂ ਕੇਸਾਂ ਵਿੱਚ ਹੁਣ ਵਿਜੀਲੈਂਸ ਬਿਓਰੋ ਨੇ ਯੂ-ਟਰਨ ਲੈ ਲਿਆ ਹੈ ਅਤੇ ਕੇਸ ਰੱਦ ਕਰਨ ਲਈ ਅਦਾਲਤਾਂ ਵਿੱਚ ਲਿਖ ਕੇ ਦੇ ਦਿੱਤਾ ਹੈ।

ਜੇ ਸਰਕਾਰ ਨਿਰਪੱਖ ਰੋਲ ਨਿਭਾਉਂਦੀ ਅਤੇ ਨੇਮਾਂ ਮੁਤਾਬਿਕ ਚੱਲਦੀ ਤਾਂ ਘੁਟਾਲੇ ਹੋਣੇ ਹੀ ਨਹੀਂ ਸਨ। ਪੁਲੀਸ ਅਤੇ ਅਫ਼ਸਰਸ਼ਾਹੀ ਨੇ ਆਪਣੇ ਆਪ ਨੂੰ ਇਸ ਤਰ੍ਹਾਂ ਢਾਲ ਲਿਆ ਹੈ ਕਿ ਨੇਮਾਂ ਦੀ ਉਲੰਘਣਾ ਹੋਣ ਦੇ ਬਾਵਜੂਦ ਕੁਸਕਦੇ ਨਹੀਂ। ਲੁਧਿਆਣਾ ਕੇਸ ਵਿੱਚ ਜਿਸ ਸਾਬਕਾ ਐੱਸਐੱਸਪੀ ਨੇ ਐੱਫਆਈਆਰ ਦਰਜ ਕੀਤੀ ਸੀ, ਹੁਣ ਕਿਤੇ ਜਾ ਕੇ ਬੋਲਿਆ ਹੈ, ਕਿਉਂਕਿ ਉਸ ਨੂੰ ਖ਼ਦਸ਼ਾ ਹੈ ਕਿ ਸੇਵਾਮੁਕਤੀ ਤੋਂ ਬਾਅਦ ਉਸ ਨਾਲ ਉਸੇ ਤਰ੍ਹਾਂ ਦਾ ਵਿਹਾਰ ਹੋ ਸਕਦਾ ਹੈ, ਜਿਸ ਤਰ੍ਹਾਂ ਦਾ ਅਕਸਰ ਪੁਲੀਸ ਕਰਦੀ ਹੈ।

ਸੂਬੇ ਵਿੱਚ ਸਨਅਤ ਅਤੇ ਵਿਕਾਸ ਲਈ ਮੁਆਫ਼ਕ ਮਾਹੌਲ ਲਈ ਸਭ ਤੋਂ ਪਹਿਲੀ ਸ਼ਰਤ ਕਾਨੂੰਨ ਵਿਵਸਥਾ ਲਾਗੂ ਹੋਣਾ ਹੈ। ਸਰਕਾਰ ਕੋਲੋਂ ਆਪਣਾ ਰੋਲ ਸੀਮਤ ਕਰਨ, ਬਾਕਾਇਦਾ ਨੇਮ ਬਣਾਉਣ ਅਤੇ ਉਲੰਘਣਾ ਕਰਨ ਵਾਲਿਆਂ ਨੂੰ ਖਦੇੜਨ ਦੀ ਤਵੱਕੋ ਹੈ। ਪੰਜਾਬ ਦੇ ਸਿਆਸਤਦਾਨ ਇਹੀ ਕੁਝ ਹੀ ਤਾਂ ਨਹੀਂ ਕਰਦੇ ਜਾਂ ਸੂਬੇ ਦੀਆਂ ਸੰਸਥਾਵਾਂ ਨੂੰ ਕਰਨ ਦਿੱਤਾ ਜਾਵੇ ਕਿਉਂਕਿ ਜੇ ਮਨਜ਼ੂਰੀਆਂ ਦਾ ਮਸਲਾ ਆਪਣੇ-ਆਪ ਹੋਣ ਵਾਲਾ ਬਣਾ ਦਿੱਤਾ ਜਾਵੇ ਤਾਂ ਵੱਖ ਵੱਖ ਪੱਧਰਾਂ ਉੱਤੇ ਪੈਸੇ ਬਟੋਰਨ ਦੀ ਰੀਤ ਨੂੰ ਠੱਲ੍ਹ ਪਵੇਗੀ।


Sir Speedy Tustin Printers to the Community
SUBWAY eat fresh.
OPEN 24 HOURS
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
OPEN 24 HOURS
OPEN HOUSE!
Welcome
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Product
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

# ਇੰਮੀਗਰੇਸ਼ਨ ਤੇ ਟੈਕਸ ਅਧਿਕਾਰੀ ਦੱਸ ਕੇ ਠੱਗੀਆਂ ਮਾਰਨ ਵਾਲੇ ਅੰਤਰਰਾਸ਼ਟਰੀ ਗਿਰੋਹ ਦਾ ਭਾਂਡਾ ਫੁੱਟਿਆ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਅਮਰੀਕਾ ਵਿਚ ਪਿਛਲੇ ਹਫਤੇ ਅੰਤਰਰਾਸ਼ਟਰੀ ਪੱਧਰ ਦੇ ਠੱਗ-ਗੈਂਗ ਦੇ 21 ਸਾਜ਼ਿਸ਼ਕਾਰੀਆਂ ਨੂੰ ਫੜ ਲੈਣ ਦਾ ਐਲਾਨ ਹੋਇਆ ਹੈ, ਜਿਨ੍ਹਾਂ ਦੇ ਤਾਰ ਭਾਰਤ ਨਾਲ ਵੀ ਜੁੜੇ ਹੋਏ ਹਨ। ਅਮਰੀਕੀ ਨਿਆਂ ਵਿਭਾਗ ਨੇ ਕਿਹਾ ਹੈ ਕਿ ਉਸ ਨੇ ਦੇਸ਼ ਵਿਚ ਪਹਿਲੇ ਵੱਡੇ ਪੈਮਾਨੇ ਉਤੇ ਬਹੁਰਾਸ਼ਟਰੀ ਟੈਲੀਫੋਨ ਧੋਖਾਧੜੀ ਕਰਨ ਵਾਲੇ ਗੈਂਗ ਦੀ ਨਿਸ਼ਾਨਦੇਹੀ ਕਰਕੇ ਚਾਰ ਸਾਲ ਤੋਂ ਵੱਧ ਦੇ ਸਮੇਂ ਦੌਰਾਨ ਸੰਯੁਕਤ ਰਾਜ ਅਮਰੀਕਾ ਵਿਚ ਠੱਗੀ ਦਾ ਸ਼ਿਕਾਰ ਹੋਏ 15,000 ਤੋਂ ਵੱਧ ਪੀੜਤਾਂ ਨੂੰ ਨਿਆਂ ਦੇਣ ਦੀ ਕੋਸ਼ਿਸ਼ ਕੀਤੀ ਹੈ। ਗੌਰਤਲਬ ਹੈ ਕਿ ਠੱਗੀ ਦੇ ਇਸ ਨੈਟਵਰਕ ਵਿਚ ਫਸ ਕੇ ਬਹੁਤ ਸਾਰੇ ਲੋਕਾਂ ਨੇ ਸੈਂਕੜੇ ਮਿਲੀਅਨ ਡਾਲਰ ਗੁਆਏ ਹਨ। ਇਸ ਗੈਂਗ ਵੱਲੋਂ 50,000 ਤੋਂ ਵੱਧ ਲੋਕਾਂ ਦੀ ਨਿੱਜੀ ਜਾਣਕਾਰੀ ਦਾ ਦੁਰਉਪਯੋਗ ਕੀਤਾ ਗਿਆ ਹੈ। ਵਿਭਾਗ ਨੇ ਕਿਹਾ ਕਿ ਠੱਗੀ ਦਾ ਇਹ ਪੈਸਾ ਭਾਰਤ ਵਿਚ ਕਾਲ ਸੈਂਟਰਾਂ ਰਾਹੀਂ ਅੱਠ ਰਾਜਾਂ ਵਿਚ ਪਹੁੰਚਾਇਆ ਗਿਆ ਹੈ। ਅਦਾਲਤ ਦੇ ਦਸਤਾਵੇਜ਼ਾਂ ਅਨੁਸਾਰ ਇਹ ਘੁਟਾਲਾ ਸੰਨ 2012 ਤੋਂ ਸੰਨ 2016 ਤਕ ਹੋਇਆ। ਆਮ ਲੋਕਾਂ ਨੂੰ ਧੋਖਾਧੜੀ 'ਚ ਫਸਾਉਣ ਵਾਸਤੇ ਅਕਸਰ ਕਾਲਾਂ ਆਉਂਦੀਆਂ ਸਨ। ਫੋਨ ਕਰਕੇ ਕਿਹਾ ਜਾਂਦਾ ਸੀ ਕਿ ਅਮਰੀਕਾ ਦਾ ਟੈਕਸ ਸੇਵਾ ਜਾਂ ਇਮੀਗ੍ਰੇਸ਼ਨ ਅਫਸਰ ਬੋਲ ਰਿਹਾ ਹੈ ਅਤੇ ਧਮਕੀ ਦਿਤੀ ਜਾਂਦੀ ਸੀ ਕਿ ਤੁਹਾਨੂੰ ਗ੍ਰਿਫਤਾਰ ਕਰਕੇ ਦੇਸ਼ ਨਿਕਾਲਾ ਜਾਂ ਹੋਰ ਜੁਰਮਾਨੇ ਕੀਤੇ ਜਾਣਗੇ, ਕਿਉਂਕਿ ਤੁਸੀਂ ਟੈਕਸ ਚੋਰੀ ਕੀਤੀ ਹੈ ਜਾਂ ਆਪਣਾ ਕਰਜ਼ਾ ਨਹੀਂ ਦਿਤਾ ਹੈ। ਇਸ ਤੋਂ ਬਚਣ ਲਈ ਪੀੜਤਾਂ ਨੂੰ ਤੁਰੰਤ ਔਨਲਾਇਨ ਪੈਸਾ ਟਰਾਂਸਫਰ ਕਰਨ ਲਈ ਕਿਹਾ ਜਾਂਦਾ ਸੀ। ਇਨ੍ਹਾਂ ਨੇ ਆਪਣਾ ਸ਼ਿਕਾਰ ਸਭ ਤੋਂ ਕਮਜ਼ੋਰ ਅਮਰੀਕੀਆਂ ਨੂੰ ਬਣਾਇਆ, ਜਿਨ੍ਹਾਂ ਵਿਚ ਇੰਮੀਗਰਾਂਟ ਅਤੇ ਬਜ਼ੁਰਗ ਹਨ। ਸੇਨ ਡਿਊਗੋ ਵਿਚ ਇਕ 85 ਸਾਲਾ ਬਜ਼ੁਰਗ ਔਰਤ ਨੇ ਆਈਆਰਐੱਸ. ਹੋਣ ਦਾ ਦਾਅਵਾ ਕਰਨ ਵਾਲੇ ਇਕ ਠੱਗ ਨੂੰ 12,300 ਡਾਲਰ ਅਦਾ ਕੀਤੇ ਸਨ, ਕਿਉਂਕਿ ਉਸ ਨੇ ਉਕਤ ਔਰਤ ਨੂੰ ਟੈਕਸ ਉਲੰਘਣਾ ਦੇ ਦੋਸ਼ ਵਿਚ ਗ੍ਰਿਫਤਾਰ ਕਰਨ ਦੀ ਧਮਕੀ ਦਿਤੀ ਸੀ।

## ਟਕਸਾਲਾਂ ਅਤੇ ਹੋਰ ਸੰਸਥਾਵਾਂ ਦੀ ਗੁਰਮਤਿ ਸੰਗੀਤ ਨੂੰ ਦੇਣ

ਸਿੰਘ ਜਲੰਧਰ, ਭਾਈ ਅਵਤਾਰ ਸਿੰਘ ਲੁਧਿਆਣਾ, ਭਾਈ ਰਜਿੰਦਰ ਸਿੰਘ ਅਤੇ ਭਾਈ ਖਜ਼ਾਨ ਸਿੰਘ।

6. ਮਸਤੂਆਣਾ ਟਕਸਾਲ: ਸੰਤ ਅਤਰ ਸਿੰਘ ਨੇ ਸੰਨ 1867 ਵਿੱਚ ਇਸ ਟਕਸਾਲ ਨੂੰ ਸਥਾਪਤ ਕੀਤਾ ਜਿੱਥੇ ਕਿ ਪ੍ਰਸਿੱਧ ਰਾਗੀ ਭਾਈ ਜਸਵੰਤ ਸਿੰਘ 25 ਸਾਲ ਗੁਰਮਤਿ ਸੰਗੀਤ ਸਿਖਾਉਂਦੇ ਰਹੇ। ਭਾਈ ਲਾਲ ਜੀ ਅਤੇ ਭਾਈ ਜਸਵੰਤ ਸਿੰਘ ਇਸੇ ਟਕਸਾਲ ਦੇ ਵਿਦਿਆਰਥੀ ਸਨ। ਹਿਮਾਚਲ ਵਿੱਚ ਇਸ ਵੇਲੇ ਬੜੂ ਸਾਹਿਬ ਵਿਖੇ ਇਸ ਟਕਸਾਲ ਦੀ ਸ਼ਾਖਾ ਵਿੱਚ ਵਿਦਿਆਰਥੀਆਂ ਨੂੰ ਤੰਤੀ ਸਾਜ਼ਾਂ ਨਾਲ ਕੀਰਤਨ ਦੀ ਸਿੱਖਿਆ ਦਿੱਤੀ ਜਾਂਦੀ ਹੈ।

7. ਯਤੀਮਖਾਨਾ ਟਕਸਾਲ ਅੰਮ੍ਰਿਤਸਰ: ਸਿੱਖਾਂ ਦੀ ਪ੍ਰਤਿਨਿਧ ਸੰਸਥਾ ਚੀਫ਼ ਖਾਲਸਾ ਦੀਵਾਨ ਵੱਲੋਂ ਗਰੀਬ ਅਤੇ ਅਨਾਥ ਬੱਚਿਆਂ ਨੂੰ ਸਕੂਲੀ ਪੜਾਈ ਦੇ ਨਾਲ ਨਾਲ ਗੁਰਬਾਣੀ ਕੀਰਤਨ ਦੀ ਮੁਫਤ ਸਿਖਲਾਈ ਦੇਣ ਵਾਸਤੇ ਇਸ ਅਦਾਰੇ ਦੀ ਸਥਾਪਨਾ ਸੰਨ 1904 ਵਿੱਚ ਕੀਤੀ ਗਈ। ਗੁਰਮਤਿ ਸੰਗੀਤ ਦੇ ਖੇਤਰ ਵਿੱਚ ਇਸ ਸੰਸਥਾ ਦੀ ਦੇਣ ਸੁਨਿਹਰੀ ਅੱਖਰਾਂ ਵਿੱਚ ਲਿਖਣ ਯੋਗ ਹੈ ਕਿਉਂਕਿ ਲਗਪਗ 75 ਫੀਸਦ ਪ੍ਰਸਿੱਧ ਕੀਰਤਨਕਾਰਾਂ ਨੇ ਇੱਥੋਂ ਹੀ ਸਿੱਖਿਆ ਪ੍ਰਾਪਤ ਕੀਤੀ ਜਨ੍ਹਿਾਂ ਵਿਚ ਇਹ ਕੀਰਤਨਕਾਰ ਸ਼ਾਮਲ ਹਨ- ਰਾਗੀ ਭਾਈ ਸੰਤਾ ਸਿੰਘ, ਭਾਈ ਸੁਰਜਨ ਸਿੰਘ, ਭਾਈ ਗੋਪਾਲ ਸਿੰਘ, ਭਾਈ ਗੁਰਮੇਲ ਸਿੰਘ, ਭਾਈ ਗੁਰਮੇਜ ਸਿੰਘ, ਭਾਈ ਮੋਹਣ ਸਿੰਘ, ਭਾਈ ਤਰਲੋਕ ਸਿੰਘ, ਭਾਈ ਜੋਗਿੰਦਰ ਸਿੰਘ ਅਤੇ ਪ੍ਰਸਿਧ ਸੰਗੀਤ ਅਚਾਰਿਆ ਪੰਡਿਤ ਦਲੀਪ ਚੰਦਰ ਬੇਦੀ।

8. ਡੁਮੇਲੀ ਟਕਸਾਲ : ਸੰਨ 1900 ਵਿੱਚ ਇਸ ਦੀ ਸਥਾਪਨਾ ਸੰਤ ਸਰਵਣ ਸਿੰਘ ਗੰਧਰਬ ਨੇ ਕੀਤੀ। ਉਹ ਸੰਗੀਤ ਦੀ ਡਬਲ ਐੱਮਏ ਸਨ ਜਨ੍ਹਿਾਂ ਨੇ ਸਿਤਾਰ ਦੀ ਸਿੱਖਿਆ ਵਿਸ਼ਵ ਪ੍ਰਸਿੱਧ ਪੰਡਿਤ ਰਵੀ ਸ਼ੰਕਰ ਤੋਂ ਪ੍ਰਾਪਤ ਕੀਤੀ। ਸ੍ਰੀ ਦਰਬਾਰ ਸਾਹਿਬ ਦੇ ਸਾਬਕਾ ਰਾਗੀ ਸਵਰਗੀ ਭਾਈ ਬੰਤਾ ਸਿੰਘ ਅਤੇ ਭਾਈ ਸੱਜਣ ਸਿੰਘ ਸਮੇਤ ਉਨ੍ਹਾਂ ਦੇ ਅਨੇਕ ਵਿਦਿਆਰਥੀ ਕੀਰਤਨ ਦੀ ਸੇਵਾ ਕਰਦੇ ਰਹੇ।

9. ਦਮਦਮੀ ਟਕਸਾਲ: ਇਸ ਦਾ ਆਰੰਭ ਬਾਬਾ ਦੀਪ ਸਿੰਘ ਤੋਂ ਮੰਨਿਆ ਜਾਂਦਾ ਹੈ। ਭਾਈ ਤਾਰਾ ਸਿੰਘ, ਭਾਈ ਗੁਰਮੁਖ ਸਿੰਘ ਅਠਾਰਵੀਂ ਸਦੀ ਦੌਰਾਨ ਇਥੇ ਕੀਰਤਨ ਸਿਖਾਉਂਦੇ ਰਹੇ। 19ਵੀਂ ਸਦੀ ਵਿਚ ਸੰਤ ਗੁਰਬਚਨ ਸਿੰਘ, ਸੰਤ ਕਰਤਾਰ ਸਿੰਘ ਭਿੰਡਰਾਂਵਾਲਿਆਂ ਨੇ ਇਹ ਸੇਵਾ ਨਿਭਾਈ ਅਤੇ ਮੌਜੂਦਾ ਸਮੇਂ ਸੰਤ ਹਰਨਾਮ ਸਿੰਘ ਖਾਲਸਾ ਇਸ ਸੇਵਾ ਨੂੰ ਨਿਭਾਅ ਰਹੇ ਹਨ।

10. ਅੰਮ੍ਰਿਤ ਕੀਰਤਨ ਟਰਸਟ ਚੰਡੀਗੜ੍ਹ: ਇਸ ਨਿਵੇਕਲੀ ਸੰਸਥਾ ਦੀ ਸ਼ੁਰੂਆਤ ਸ਼੍ਰੋਮਣੀ ਰਾਗੀ ਡਾ. ਜਗੀਰ ਸਿੰਘ, ਜੋ ਕਿ ਮਹਾਨ ਕੀਰਤਨੀਏ, ਵਿਦਵਾਨ ਅਤੇ ਗੁਣੀਜਨ ਡਾਕਟਰ ਗੁਰਨਾਮ ਸਿੰਘ ਪਟਿਆਲਾ ਦੇ ਭਰਾਤਾ ਹਨ, ਵੱਲੋਂ ਕੀਤੀ ਗਈ। ਗੁਰਮਤਿ ਸੰਗੀਤ ਦੇ ਪ੍ਰਚਾਰ ਅਤੇ ਪ੍ਰਸਾਰ ਲਈ 'ਅੰਮ੍ਰਿਤ ਕੀਰਤਨ ਮੈਗਜ਼ੀਨ' ਹਰ ਮਹੀਨੇ ਪ੍ਰਕਾਸ਼ਤ ਕੀਤਾ ਜਾਂਦਾ ਹੈ।

11. 'ਸ਼ੁਭ ਕਰਮਨ ਤੇ ਕਬਹੂੰ ਨਾ ਟਰੋਂ ਮਿਸ਼ਨ' ਅੰਮ੍ਰਿਤਸਰ: ਇਹ ਸੰਸਥਾ ਸੰਨ 2004 ਤੋਂ ਨਿਰਧਾਰਤ ਰਾਗਾਂ ਵਿੱਚ ਤੰਤੀ ਸਾਜ਼ਾਂ ਵਿੱਚ ਕੀਰਤਨ ਦਰਬਾਰ ਕਰਵਾਉਂਦੀ ਆ ਰਹੀ ਹੈ, ਜਿਸ ਵਿੱਚ ਸਾਰੇ ਪ੍ਰਸਿੱਧ ਰਾਗੀ, ਤੰਤੀ ਸਾਜ਼ਾਂ ਰਾਹੀਂ ਸ਼ਬਦ ਗਾਇਨ ਦੀ ਹਾਜ਼ਰੀ ਭਰ ਚੁੱਕੇ ਹਨ।

12. ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ : ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿੱਚ ਇਸ ਦੀ ਸਥਾਪਨਾ ਸ਼੍ਰੋਮਣੀ ਕਮੇਟੀ ਵੱਲੋਂ ਕੀਤੀ ਗਈ, ਜਿੱਥੇ ਕਿ ਪ੍ਰੋਫੈਸਰ ਰਜਿੰਦਰ ਸਿੰਘ, ਅਵਤਾਰ ਸਿੰਘ, ਭਾਈ ਮਨਿੰਦਰ ਸਿੰਘ, ਮਾਸਟਰ ਸਾਧੂ ਸਿੰਘ ਤੇ ਪ੍ਰੋਫੈਸਰ ਅਵਤਾਰ ਸਿੰਘ ਨਾਜ਼ ਵਿਦਿਆਰਥੀਆਂ ਨੂੰ ਸਿਖਾਉਂਦੇ ਰਹੇ। ਭਾਈ ਹਰਜਿੰਦਰ ਸਿੰਘ ਸ਼੍ਰੀਨਗਰ ਵਾਲੇ, ਪਦਮਸ੍ਰੀ ਭਾਈ ਨਿਰਮਲ ਸਿੰਘ ਖਾਲਸਾ (ਸ਼੍ਰੋਮਣੀ ਰਾਗੀ) ਤੇ ਭਾਈ ਰਵਿੰਦਰ ਸਿੰਘ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ) ਇਸੇ ਟਕਸਾਲ ਨਾਲ ਸਬੰਧਤ ਹਨ। ਅੱਜ-ਕੱਲ੍ਹ ਇਥੇ ਪ੍ਰੋਫੈਸਰ ਸੁਰਜੀਤ ਸਿੰਘ ਤਾਲੀਮ ਦੇ ਰਹੇ ਹਨ।

ਜਵੱਦੀ ਟਕਸਾਲ ਲੁਧਿਆਣਾ : ਲੁਧਿਆਣਾ ਸ਼ਹਿਰ ਦੇ ਨਾਲ ਲੱਗਦੇ ਪਿੰਡ ਜਵੱਦੀ ਕਲਾਂ ਵਿੱਚ ਸੰਤ ਸੁੱਚਾ ਸਿੰਘ ਵੱਲੋਂ ਸਥਾਪਤ ਇਹ ਟਕਸਾਲ ਕੀਰਤਨਕਾਰਾਂ ਲਈ ਇੱਕ ਮੋਹਰੀ ਸੰਸਥਾ ਹੋ ਨਿੱਬੜੀ ਹੈ। ਸੱਚਖੰਡ ਵਾਸੀ ਸੰਤ ਸੁੱਚਾ ਸਿੰਘ ਨੇ 1991 ਵਿੱਚ ਅਦੁੱਤੀ ਗੁਰਮਤਿ ਸੰਗੀਤ ਸੰਮੇਲਨਾਂ ਦੀ ਸ਼ੁਰੂਆਤ ਕੀਤੀ। ਉਨ੍ਹਾਂ ਦੇ ਅਕਾਲ ਚਲਾਣੇ ਤੋਂ ਬਾਅਦ ਉਨ੍ਹਾਂ ਦੇ ਯੋਗ ਜਾਨਸ਼ੀਨ ਸੰਤ ਅਮੀਰ ਸਿੰਘ ਚਾਰ ਦਿਨਾ ਅਦੁੱਤੀ ਗੁਰਮਤਿ ਸੰਗੀਤ ਸੰਮੇਲਨਾਂ ਨੂੰ ਬਖੂਬੀ ਕਰਵਾਉਂਦੇ ਆ ਰਹੇ ਹਨ। ਇਥੇ ਮਹਾਨ ਗੁਣੀਜਨ ਪ੍ਰੋਫੈਸਰ ਕਰਤਾਰ ਸਿੰਘ ਜੀ, ਸੰਗੀਤ ਦੇ ਪ੍ਰਸਿੱਧ ਉਸਤਾਦ ਜਸਵੰਤ ਸਿੰਘ ਭੰਵਰਾ, ਡਾਕਟਰ ਜਸਬੀਰ ਕੌਰ ਪਟਿਆਲਾ, ਪ੍ਰੋਫੈਸਰ ਕੁਲਵਿੰਦਰ ਸਿੰਘ, ਪ੍ਰੋਫੈਸਰ ਤੇਜਿੰਦਰ ਸਿੰਘ ਜੀ, ਇੰਦਰਜੀਤ ਸਿੰਘ ਬਿੰਦੂ, ਪ੍ਰਿੰਸੀਪਲ ਸੁਖਵੰਤ ਸਿੰਘ ਅਤੇ ਪ੍ਰੋਫੈਸਰ ਚਰਨਜੀਤ ਕੌਰ ਸੰਗੀਤ ਦੀ ਸਿੱਖਿਆ ਦੇਣ ਵਾਲਿਆਂ ਵਿੱਚ ਸ਼ਾਮਲ ਹਨ। ਇਸ ਸੰਸਥਾ ਦੀ ਵੱਡੀ ਦੇਣ ਇਹ ਹੈ ਕਿ ਇਸ ਵੱਲੋਂ ਸੰਗੀਤਕਾਰਾਂ, ਰਾਗੀਆਂ, ਗਾਇਕਾਂ, ਰਬਾਬੀਆਂ, ਅਤੇ ਵਾਦਕਾਂ ਵੱਲੋਂ ਨਿਰਧਾਰਤ ਰਾਗਾਂ ਵਿੱਚ ਗਾਏ ਗਏ ਕੀਰਤਨ ਦੀਆਂ ਆਡੀਓ-ਵੀਡੀਓ ਰਿਕਾਰਡਿੰਗਜ਼ ਅਤੇ ਸੈਮੀਨਾਰਾਂ ਵਰਗੇ ਮਹੱਤਵਪੂਰਨ ਕਾਰਜ ਸੰਤ ਅਮੀਰ ਸਿੰਘ ਦੀ ਦੇਖ ਰੇਖ ਹੇਠ ਕਰਵਾਏ ਜਾ ਰਹੇ ਹਨ।

ਇਨ੍ਹਾਂ ਤੋਂ ਇਲਾਵਾ ਦਿੱਲੀ ਵਿੱਚ 1925 ਨੂੰ ਗਿਆਨ ਸਿੰਘ ਐਬਟਾਬਾਦ ਅਤੇ ਭਾਈ ਦਿਆਲ ਸਿੰਘ ਨੇ ਰਕਾਬਗੰਜ ਟਕਸਾਲ ਦੀ ਸਥਾਪਨਾ ਕੀਤੀ । ਇਸ ਦੇ ਨਾਲ ਨਾਲ ਗੋਨਿਆਣਾ ਮੰਡੀ ਬਠਿੰਡਾ ਵਿੱਚ ਸੇਵਾ ਪੰਥੀ ਭਾਈ ਜੰਤਾ ਜੀ ਨੇ 1935 ਵਿੱਚ ਗੁਰਮਤਿ ਸੰਗੀਤ ਵਿਦਿਆਲਾ ਸਥਾਪਤ ਕੀਤਾ, ਜਿਸ ਨੂੰ ਹੁਣ ਕਾਨ੍ਹ ਸਿੰਘ ਜੀ ਚਲਾ ਰਹੇ ਹਨ। ਭਾਈ ਪੂਰਨ ਸਿੰਘ, ਭਾਈ ਸੰਪੂਰਨ ਸਿੰਘ, ਪੰਡਿਤ ਦਲੀਪ ਚੰਦਰ ਬੇਦੀ ਅਤੇ ਭਾਈ ਲਾਲ ਜੀ ਵੱਲੋਂ ਚਮਕੌਰ ਸਾਹਿਬ ਵਿੱਚ ਸਥਾਪਤ ਕੀਤੀ 'ਹਰਗਨਾ ਟਕਸਾਲ' ਦਾ ਵੀ ਬਹੁਤ ਮਹੱਤਵਪੂਰਨ ਯੋਗਦਾਨ ਹੈ। ਇਥੋਂ ਪ੍ਰਸਿੱਧ ਸੰਗੀਤ ਵਿਦਵਾਨ ਪ੍ਰੋਫੈਸਰ ਤਾਰਾ ਸਿੰਘ, ਉਸਤਾਦ ਜਸਵੰਤ ਸਿੰਘ ਭੰਵਰ, ਭਾਈ ਬਲਦੇਵ ਸਿੰਘ, ਡਾਕਟਰ ਗੁਰਨਾਮ ਸਿੰਘ ਪਟਿਆਲਾ ਅਤੇ ਸਾਗਰ ਮਸਤਾਨਾ ਨੇ ਸੰਗੀਤ ਦੀ ਸਿੱਖਿਆ ਪ੍ਰਾਪਤ ਕੀਤੀ।

## ਸੋਸ਼ਲ ਮੀਡੀਆ ਦੀ ਭਰੋਸੇਯੋਗਤਾ 'ਤੇ ਸਵਾਲੀਆ ਨਿਸ਼ਾਨ

ਜੋੜੋ। ਓਟੀਪੀ ਰਾਹੀਂ ਆਪਣੀ ਚੋਣ ਨੂੰ ਪੱਕਾ ਕਰੋ। ਇਸ ਨਾਲ ਖਾਤਾ ਹੈਕ ਹੋਣ (ਧੋਖੇ ਨਾਲ ਪਾਸਵਰਡ ਚੁਰਾ ਕੇ ਬਦਲਣ) ਦੀ ਸੂਰਤ ਵਿਚ ਫ਼ੌਰਨ ਪਾਸਵਰਡ ਰੀਸੈੱਟ ਕੀਤਾ ਜਾ ਸਕਦਾ ਹੈ। ਜਿਹੜੇ ਲੋਕ ਫੇਸਬੁੱਕ ਉੱਤੇ ਆਪਣੇ ਮੋਬਾਈਲ ਨੰਬਰ ਨੂੰ ਜਨਤਕ ਤੌਰ 'ਤੇ ਨਹੀਂ ਦਿਖਾਉਣਾ ਚਾਹੁੰਦੇ ਉਹ ਸੈਟਿੰਗਜ਼ ਵਿੱਚ ਜਾ ਕੇ ਹਾਈਡ ਕਰ ਸਕਦੇ ਹਨ।

* ਫੇਸਬੁੱਕ ਦੀ 'ਵਾਲ' ਉੱਤੇ ਅਕਸਰ ਤੁਹਾਡੇ ਮਿੱਤਰ ਤੁਹਾਨੂੰ ਕਿਸੇ ਨਾਲ ਕਿਸੇ ਪੋਸਟ ਵਿੱਚ ਟੈਗ ਕਰਦੇ ਰਹਿੰਦੇ ਹਨ। ਇਸੇ ਤਰ੍ਹਾਂ ਕਿਸੇ ਦੂਸਰੇ ਵਿਅਕਤੀ ਵੱਲੋਂ ਤੁਹਾਡੀ ਵਾਲ ਉੱਤੇ ਪੋਸਟਾਂ ਪਾਉਣ ਦਾ ਮਾਮਲਾ ਵੀ 'ਘਾਟੇ ਦਾ ਸੌਦਾ' ਹੋ ਸਕਦਾ ਹੈ। ਇਨ੍ਹਾਂ ਦੋਹਾਂ ਮਸਲਿਆਂ ਦਾ ਹੱਲ ਫੇਸਬੁੱਕ ਦੀ 'ਸੈਟਿੰਗਜ਼' ਵਾਲੀ ਆਪਸ਼ਨ ਵਿੱਚ ਜਾ ਕੇ ਕੀਤਾ ਜਾ ਸਕਦਾ ਹੈ।

* ਛੁੱਟੀਆਂ ਵਿੱਚ ਬਾਹਰ ਘੁੰਮਣ ਜਾਣ ਸਮੇਂ ਉਸ ਦੀ ਸੂਚਨਾ ਸੋਸ਼ਲ ਮੀਡੀਆ ਉੱਤੇ ਸ਼ਾਇਆ ਕਰਨ ਨਾਲ ਕਈ ਚੋਰੀ ਦੀਆਂ ਵਾਰਦਾਤਾਂ ਹੋਈਆਂ ਹਨ। ਸੰਵੇਦਨਸ਼ੀਲ ਜਾਣਕਾਰੀ ਅਤੇ ਪਰਿਵਾਰਕ ਫ਼ੋਟੋਆਂ ਪਾਉਣ ਸਮੇਂ ਸਾਨੂੰ ਥੋੜ੍ਹੇ ਜਿਹੇ ਸੰਜਮ ਤੋਂ ਕੰਮ ਲੈਣਾ ਪਵੇਗਾ।

* ਵਟਸਐਪ ਦੇ ਕਈ ਗਰੁੱਪ ਐਡਮਿਨ ਇਸ ਕਾਰਨ ਗਰੁੱਪ ਠੱਪ ਕਰ ਗਏ ਕਿ ਉਸ ਦੇ ਮੈਂਬਰ ਗਰੁੱਪ ਦੇ ਵਿਧਾਨ ਅਨੁਸਾਰ ਪੋਸਟਾਂ ਪਾਉਣ ਦੀ ਥਾਂ ਫ਼ਾਲਤੂ ਪੋਸਟਾਂ 'ਤੇ ਜ਼ੋਰ ਦਿੰਦੇ ਹਨ। ਹੁਣ ਵੱਟਸਐਪ ਨੇ ਵਰਤੋਂਕਾਰਾਂ ਨੂੰ ਜਿਹੜੀ ਨਵੀਂ ਸਹੂਲਤ ਦਿੱਤੀ ਹੈ ਉਸ ਰਾਹੀਂ ਤੁਸੀਂ ਗਰੁੱਪ ਦੇ ਮੈਂਬਰਾਂ ਦੀਆਂ ਪੋਸਟਾਂ 'ਤੇ ਟਿੱਪਣੀਆਂ 'ਤੇ ਰੋਕ ਲਾ ਸਕਦੇ ਹੋ। ਇਸੇ ਤਰ੍ਹਾਂ ਅਜਿਹੀ ਰੋਕ ਗਰੁੱਪ ਦਾ ਟਾਈਟਲ ਬਦਲਣ 'ਤੇ ਵੀ ਲਾਈ ਜਾ ਸਕਦੀ ਹੈ। ਇਸ ਸਹੂਲਤ ਨੂੰ 'ਆਨ' ਕਰਨ ਮਗਰੋਂ ਤੁਹਾਡਾ ਗਰੁੱਪ ਇਕ ਬਰਾਡਕਾਸਟ ਵਜੋਂ ਕੰਮ ਕਰੇਗਾ ਪਰ ਇਸ ਵਿਚ ਦੂਜੇ ਐਡਮਿਨ ਸਾਥੀ ਰਾਹੀਂ ਅਗਿਆਤ ਲੋਕਾਂ ਨੂੰ ਵੀ ਗਰੁੱਪ ਦਾ ਮੈਂਬਰ ਬਣਾਇਆ ਜਾ ਸਕਦਾ ਹੈ। ਦੂਜੇ ਪਾਸੇ ਬ੍ਰਾਡਕਾਸਟ ਵਿੱਚ ਸਿਰਫ਼ ਤੁਹਾਡੇ ਫ਼ੋਨ ਦੀ ਸੰਪਰਕ ਸੂਚੀ ਵਿੱਚ ਜੁੜੇ ਵਿਅਕਤੀਆਂ ਨੂੰ ਹੀ ਮੈਂਬਰ ਬਣਾਇਆ ਜਾ ਸਕਦਾ ਹੈ।

* ਯੂ-ਟਿਊਬ ਉੱਤੇ ਗ਼ਲਤ ਵੀਡੀਓ ਨੂੰ ਹਟਵਾਉਣ ਲਈ 'ਐਬਿਊਜ਼ ਰਿਪੋਰਟ' ਕਰੋ, 'ਡਿਸਲਾਇਕ' ਕਰੋ ਤੇ ਹੋਰਨਾਂ ਤੋਂ ਵੀ ਕਰਵਾਓ। ਇਕ ਖ਼ਾਸ ਗਿਣਤੀ ਤੱਕ 'ਐਬਊਜ਼ ਰਿਪੋਰਟਾਂ' ਮਿਲਣ ਮਗਰੋਂ ਗੂਗਲ ਉਸ ਵੀਡੀਓ ਨੂੰ ਹਟਾ ਦਿੰਦੀ ਹੈ।ਜੇਕਰ ਅਸੀਂ ਸੋਸ਼ਲ ਮੀਡੀਆ ਦੀ ਸਹੀ ਵਰਤੋਂ ਕਰਨ ਵਿੱਚ ਅੱਗੇ ਆਈਏ ਤੇ ਇਸ ਦੀ ਦੁਰਵਰਤੋਂ ਦੇ ਨੁਕਸਾਨਾਂ ਦਾ ਵੱਧ ਤੋਂ ਵੱਧ ਪ੍ਰਚਾਰ ਕਰੀਏ ਤਾਂ ਅਪਰਾਧੀਆਂ ਦੀ ਗਿਣਤੀ ਆਪਣੇ-ਆਪ ਘਟ ਜਾਵੇਗੀ।

## ਪਹਿਲੀ ਬੋਲਦੀ ਪੰਜਾਬੀ ਫ਼ਿਲਮ

(ਲਾਹੌਰ), ਸਫ਼ਾ 216, ਸਾਲ 1936 'ਤੇ ਦਰਜ ਹੈ)। ਓੜਕ ਇਸ ਫ਼ਿਲਮ ਦੀ ਸ਼ੂਟਿੰਗ ਪੰਜਾਬ ਦੀ ਧਰਤੀ ਉੱਤੇ 1933 ਵਿੱਚ ਜੀ ਆਰ ਸੇਠੀ ਦੀ ਨਿਰਦੇਸ਼ਨਾ ਵਿੱਚ ਦੁਬਾਰਾ ਸ਼ੁਰੂ ਹੋਈ। ਦੋ ਸਾਲਾਂ ਤਕ ਇਸ ਫ਼ਿਲਮ ਨੂੰ ਕਾਮਯਾਬ ਬਣਾਉਣ ਲਈ ਬੰਬੇ ਦੀ ਹਿੰਦਮਾਤਾ ਸਿਨੇਟੋਨ ਕੰਪਨੀ ਨੇ ਰੁਪਇਆ ਪਾਣੀ ਵਾਂਗੂੰ ਵਹਾਇਆ। ਉਸ ਵੇਲੇ ਇਸ ਦਾ ਡਿਸਟ੍ਰੀਬਿਊਸ਼ਨ ਦਫ਼ਤਰ ਲਾਹੌਰ ਵਿੱਚ ਮੌਜੂਦ ਸੀ। ਪੰਜਾਬ ਦੇ ਵੱਡੇ-ਵੱਡੇ ਮਸ਼ਹੂਰ ਸ਼ਹਿਰਾਂ ਅੰਮ੍ਰਿਤਸਰ, ਲਾਹੌਰ, ਗੁੱਜਰਾਂਵਾਲਾ, ਝੰਗ ਅਤੇ ਗੁਰਦਾਸਪੁਰ ਵਿੱਚੋਂ ਸੋਹਣੇ-ਸੋਹਣੇ ਨਜ਼ਾਰੇ ਤੇ ਦ੍ਰਿਸ਼ ਲਏ ਗਏ ਸਨ। ਪੰਜਾਬੀ ਰਸਮਾਂ ਨੂੰ ਬੜੀ ਉਮਦਗੀ ਨਾਲ ਪੇਸ਼ ਕੀਤਾ ਗਿਆ ਸੀ। ਬੋਮਨ ਸ਼ਰਾਫ਼ ਦੀ ਫ਼ਿਲਮਕਾਰੀ ਅਤੇ ਜੀ ਆਰ ਸੇਠੀ ਦੀ ਨਿਰਦੇਸ਼ਨਾ ਵਿੱਚ ਇਹ ਫ਼ਿਲਮ 'ਮਿਰਜ਼ਾ ਸਾਹਿਬਾਂ' ਦੀ ਬਜਾਏ 'ਇਸ਼ਕ-ਏ-ਪੰਜਾਬ' ਉਰਫ਼ 'ਮਿਰਜ਼ਾ-ਸਾਹਿਬਾਂ' ਦੇ ਨਾਂ ਨਾਲ ਸ਼ੁੱਕਰਵਾਰ, 29 ਮਾਰਚ, 1935 ਨੂੰ ਨਿਰੰਜਨ ਟਾਕੀਜ਼, ਮੈਕਲੋਡ ਰੋਡ, ਲਾਹੌਰ ਵਿਖੇ ਪਰਦਾ-ਪੇਸ਼ ਹੋਈ। ਫ਼ਿਲਮ ਵਿੱਚ ਮਿਰਜ਼ੇ ਦਾ ਕਿਰਦਾਰ ਪੰਜਾਬ ਦੇ ਨਾਮਵਰ ਗਵੱਈਏ ਤੇ ਰਬਾਬੀ ਭਾਈ ਦੇਸਾ (ਅੰਮ੍ਰਿਤਸਰੀ) ਨੇ ਅਤੇ ਸਾਹਿਬਾਂ ਦਾ ਪਾਰਟ ਨਵੀਂ ਅਦਾਕਾਰਾ ਵਜੋਂ ਤਹਿਸੀਲ ਚੂਨੀਆਂ, ਜ਼ਿਲ੍ਹਾ ਲਾਹੌਰ ਦੀ ਪੰਜਾਬਣ ਮੁਟਿਆਰ ਮਿਸ ਖ਼ੁਰਸ਼ੀਦ ਨੇ ਅਦਾ ਕੀਤਾ। ਇਸ ਫ਼ਿਲਮ ਵਿੱਚ ਪੰਜਾਬ ਦੇ ਇੱਕ ਹੋਰ ਮਸ਼ਹੂਰ ਗਵੱਈਏ ਰਬਾਬੀ ਭਾਈ ਛੈਲਾ ਪਟਿਆਲਾ ਵਾਲਾ ਨੇ ਵੀ ਦੂਜੇ ਹੀਰੋ ਵਜੋਂ ਅਹਿਮ ਭੂਮਿਕਾ ਨਿਭਾਈ ਸੀ। ਫ਼ਿਲਮ ਦਾ ਪੁਰ-ਅਸਰ ਸੰਗੀਤ ਪ੍ਰੋਫੈਸਰ ਨਵਾਬ ਖ਼ਾਨ ਨੇ ਤਅਮੀਰ ਕੀਤਾ ਸੀ। ਸਾਊਂਡ ਰਿਕਾਰਡਿਸਟ ਸ਼ੇਰ ਅਲੀ ਸਨ। ਕੈਮਰਾਮੈਨ ਈ. ਆਰ. ਕੂਪਰ ਦੀ ਪਾਰਖੂ ਅੱਖ ਨੇ ਹਰ ਇੱਕ ਮੰਜ਼ਰ ਅਤੇ ਨਜ਼ਾਰੇ ਨੂੰ ਬੜੀ ਖ਼ੂਬਸੂਰਤੀ ਨਾਲ ਫ਼ਿਲਮਾਇਆ ਸੀ। ਇਸ ਇਤਿਹਾਸਕ ਫ਼ਿਲਮ ਦੇ ਹੁਣ ਤਕ ਸਿਰਫ਼ ਇੱਕੋ ਗੀਤ ਦਾ ਹਵਾਲਾ ਹੀ ਮਿਲ ਪਾਇਆ ਹੈ। ਮਿਸ ਖ਼ੁਰਸ਼ੀਦ ਦੇ ਗਾਏ ਅਤੇ ਉਸੇ ਉੱਪਰ ਫ਼ਿਲਮਾਏ ਇਸ ਨਾਯਾਬ ਗੀਤ ਦੇ ਬੋਲ ਹਨ:

ਜੇ ਮੈਂ ਐਸਾ ਜਾਣਦੀ ਪ੍ਰੀਤ ਕੀਏ ਦੁੱਖ ਹੋ
ਨਗਰ ਢੂੰਡਣ ਦਰ ਅੱਪੜੀ ਪ੍ਰੀਤ ਕਰੇ ਨਾ ਕੋ

ਪੰਜਾਬੀ ਫ਼ਿਲਮ ਇਤਿਹਾਸ ਦੀ ਇਸ ਪਹਿਲੀ ਬੋਲਦੀ ਪੰਜਾਬੀ ਫ਼ਿਲਮ ਦਾ ਪਹਿਲਾ ਇਸ਼ਤਿਹਾਰ ਰੋਜ਼ਾਨਾ ਅਖ਼ਬਾਰ 'ਵਾਇਸ ਆਫ ਮੁਸਲਿਮ ਵਰਲਡ' (ਲਾਹੌਰ) ਵਿੱਚ 17 ਦਸੰਬਰ, 1933 ਨੂੰ ਨਸ਼ਰ ਹੋਇਆ। ਇਸ ਅਖ਼ਬਾਰੀ ਇਸ਼ਤਿਹਾਰ 'ਤੇ ਲਿਖੀ ਇਬਾਰਤ ਇੰਨ-ਬਿੰਨ ਪੇਸ਼ ਕਰ ਰਿਹਾ ਹਾਂ। ਇਸ ਉੱਪਰ ਲਿਖਿਆ ਹੋਇਆ ਸੀ 'ਸਰਜ਼ਮੀਨ ਪੰਜਾਬ ਵਿੱਚ ਤਿਆਰ ਕਰਦਾ ਪੰਜਾਬੀ ਜ਼ੁਬਾਨ ਦਾ ਵਾਹਿਦ ਮੁੱਤਕਦਮ (ਪੁਰਾਤਨ) ਡਰਾਮਾ ਪੰਜਾਬੀ ਲਿਬਾਸ ਵਿੱਚ।' ਉਸ ਤੋਂ ਬਾਅਦ ਫ਼ਿਲਮ ਦਾ ਨਾਂ ਦਰਜ ਸੀ 'ਮਿਰਜ਼ਾ ਸਾਹਿਬਾਂ' ਜਿਸ ਦੇ ਥੱਲੇ ਇਬਾਰਤ ਲਿਖੀ ਸੀ 'ਹਿੰਦਮਾਤਾ ਸਿਨੇਟੋਨ' ਦਾ ਤਿਆਰ ਕਰਦਾ ਲਾਜਵਾਬ ਸ਼ਾਹਕਾਰ। ਫ਼ਿਲਮ ਵਿੱਚ ਕੰਮ ਕਰਨ ਵਾਲੇ ਸਿਤਾਰਿਆਂ ਬਾਬਤ ਵੀ ਬੜੀ ਦਿਲਚਸਪੀ ਨਾਲ ਇੰਜ ਬਿਆਨ ਕੀਤਾ ਹੋਇਆ ਸੀ।

## ਬਾਬਾ ਸਾਹਿਬ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ ?

ਤੋਂ 60-70 ਮੀਲ ਜਜ਼ੀਰਾ ਵਿਖੇ ਹੀ ਟੁੱਟ ਗਈ ਸੀ। ਇਸ ਤੋਂ ਬਾਅਦ ਦੂਜੇ ਤੀਜੇ ਦਰਜੇ ਦਾ ਕੋਈ ਵਿਅਕਤੀ ਭਾਵੇਂ ਸਿੱਖ ਹੀ ਕਿਉਂ ਨਾ ਹੋਵੇ, ਕਿਤੇ ਬੈਠ ਕੇ ਘਟੀਆ ਗੱਲਾਂ ਕਰੇ ਉਸ ਦੀ ਕੋਈ ਅਹਿਮੀਅਤ ਨਹੀਂ। ਸਿੱਖਾਂ ਸਿਰ ਖਾਹ-ਮਖਾਹ ਮੜ੍ਹਿਆ ਦੋਸ਼ ਨਿਰਮੂਲ ਹੈ, ਜਿਸ ਵਿਚ ਸਿੱਖ ਲੀਡਰਸ਼ਿਪ ਦੇ ਪੱਖ ਵਿਚ ਕੋਈ ਕਮਜ਼ੋਰੀ ਸਾਬਤ ਨਹੀਂ ਹੁੰਦੀ। ਜੇਕਰ ਪੰਥ ਦਾ, ਸਿੱਖਾਂ ਦਾ, ਜਾਂ ਬਾਬਾ ਸਾਹਿਬ ਅੰਬੇਡਕਰ ਜੀ ਅਤੇ ਛੇ ਕਰੋੜ ਅਛੂਤਾਂ ਦਾ ਕੋਈ ਸਾਂਝਾ ਵੈਰੀ, ਵਿਸ਼ਵਾਸਘਾਤੀ ਤੇ ਦੋਸ਼ੀ ਹੈ, ਤਾਂ ਉਹ ਇਕ ਅਛੂਤ ਰਾਓ ਬਹਾਦਰ ਐਮ ਸੀ ਰਾਜਾ ਵੀ ਹੈ। ਸਿੱਖ ਨਹੀਂ ਹਨ। ਜਾਂ ਉਸ ਵੇਲੇ ਦੀ ਹਿੰਦੂ ਲੀਡਰਸ਼ਿਪ ਵੀ ਦੋਸ਼ੀ ਸੀ।

ਸ. ਮੱਲ ਸਿੰਘ ਨੇ ਸ. ਕਪੂਰ ਸਿੰਘ ਵੱਲੋਂ ਲਿਖੀ ਪੁਸਤਕ 'ਸਾਚੀ ਸਾਖੀ' ਵਿਚ ਕਿਸੇ ਇੰਦਰ ਸਿੰਘ ਕਰਵਾਲ ਵੱਲੋਂ ਅਕਾਲੀ ਆਗੂ ਹਰਨਾਮ ਸਿੰਘ ਝੱਲਾ ਦੇ ਹਵਾਲੇ ਨਾਲ ਦਿੱਤੀ ਇਸ ਟਿੱਪਣੀ ਨੂੰ ਵੀ ਬੜੇ ਸਤਿਕਾਰ ਨਾਲ ਰੱਦ ਕਰ ਦਿੱਤਾ ਹੈ ਜਿਸ ਵਿਚ ਹਰਨਾਮ ਸਿੰਘ ਝੱਲਾ ਇੰਦਰ ਸਿੰਘ ਕਰਵਾਲ ਨੂੰ ਇਹ ਕਹਿੰਦਾ ਹੈ, 'ਓਏ ਤੈਨੂੰ ਇਨ੍ਹਾਂ ਗੱਲਾਂ ਦੀ ਸਮਝ ਨਹੀਂ। 6 ਕਰੋੜ ਅਛੂਤ ਸਿੱਖ ਬਣਾ ਕੇ ਦਰਬਾਰ ਸਾਹਿਬ ਉਨ੍ਹਾਂ ਨੂੰ ਹੀ ਦੇ ਛੱਡੀਏ।' ਚੇਤੇ ਰਹੇ ਕਿ ਇਹ ਕਰਵਾਲ ਜਾਤਪਾਤ ਤੋੜਕ ਮੰਡਲ ਦਾ ਸਹਾਇਕ ਸਕੱਤਰ ਸੀ ਅਤੇ ਉਨ੍ਹਾਂ ਮੈਂਬਰਾਂ ਵਿਚ ਸ਼ਾਮਿਲ ਸੀ ਜਿਸ ਨੂੰ ਹਿੰਦੂਆਂ ਨੇ ਪੰਜਾਬ ਤੋਂ ਡਾ. ਅੰਬੇਡਕਰ ਨਾਲ ਗੱਲਬਾਤ ਕਰਨ ਲਈ ਮੰਡਲ ਵੱਲੋਂ ਭੇਜਿਆ ਸੀ। ਇਸ ਵਿਅਕਤੀ ਦੇ ਇਰਾਦੇ ਸਪੱਸ਼ਟ ਸਨ। ਇੰਜ ਸੁਣੀਆਂ ਸੁਣਾਈਆਂ ਗੱਲਾਂ ਦੀ ਇਤਿਹਾਸ ਵਿਚ ਕੋਈ ਮਹੱਤਤਾ ਨਹੀਂ। ਬਾਅਦ ਵਿਚ ਬਾਮਸੈਫ, ਡੀ.ਐਸ ਫੋਰ ਤੇ ਬੀਐਸਪੀ ਦੇ ਕਾਰਕੁੰਨ ਸ. ਕਪੂਰ ਸਿੰਘ ਦੀ ਲਿਖਤ ਦਾ ਸਹਾਰਾ ਲੈ ਕੇ ਇਹ ਗੁਮਰਾਹਕੁੰਨ ਪ੍ਰਚਾਰ ਕਰਦੇ ਰਹੇ ਕਿ ਡਾ. ਸਾਹਿਬ ਦੇ ਸਿੱਖ ਨਾ ਬਣਨ ਪਿੱਛੇ ਸਿੱਖ ਹੀ ਦੋਸ਼ੀ ਹਨ ਪਰ ਹੁਣ ਇਸ ਕਿਤਾਬ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਸਿੱਖ ਲੀਡਰਸ਼ਿਪ ਜਾਂ ਕਿਸੇ ਸਿੱਖ ਆਗੂ ਦਾ ਇਸ ਵਿਚ ਕੋਈ ਦੋਸ਼ ਨਹੀਂ ਸੀ।

**ਮੈਂ ਇਕ ਹਿੰਦੂ ਵੱਜੋਂ ਮਰਾਂਗਾਂ ਨਹੀਂ : ਅੰਬੇਡਕਰ**

ਬਾਬਾ ਸਾਹਿਬ ਡਾ. ਅੰਬੇਡਕਰ ਜੀ ਨੇ ਸੰਨ 1935-36 ਈਸਵੀ ਵਿਚ ਹਿੰਦੂਇਜ਼ਮ ਦਾ ਤਿਆਗ ਕਰਕੇ ਤਿੰਨ ਧਰਮ ਇਸਲਾਮ, ਈਸਾਈ ਅਤੇ ਸਿੱਖਇਜ਼ਮ 'ਚੋਂ ਇਕ ਇਜ਼ਮ, ਸਿੱਖਇਜ਼ਮ ਨੂੰ ਅਪਨਾਉਣ ਦਾ ਮਨ ਬਣਾ ਲਿਆ ਸੀ ਅਤੇ ਇਸ ਸਬੰਧ 'ਚ ਉਨ੍ਹਾਂ ਨੇ ਯਿਓਲਾ ਜ਼ਿਲ੍ਹਾ ਨਾਸਿਕ ਵਿਖੇ ਮਿਤੀ 12-13 ਅਕਤੂਬਰ 1935 ਨੂੰ ਕਾਨਫਰੰਸ ਵਿਚ ਆਪਣਾ ਇਰਾਦਾ ਖੁੱਲ੍ਹੇਆਮ ਪ੍ਰਗਟ ਕਰ ਦਿੱਤਾ ਕਿ 'ਬਦਕਿਸਮਤੀ ਨਾਲ ਮੈਂ ਇਕ ਹਿੰਦੂ ਪੈਦਾ ਹੋਇਆ ਪਰ ਮੈਂ ਇਕ ਹਿੰਦੂ ਵਜੋਂ ਮਰਾਂਗਾ ਨਹੀਂ।' - ਡਾ. ਅੰਬੇਡਕਰ ਜੀ ਦੇ ਯਿਓਲਾ ਦੇ ਭਾਸ਼ਣ ਵਿਚੋਂ।

ਉਪਰੋਕਤ ਬਿਆਨ ਨਾਲ ਹਿੰਦੂਇਜ਼ਮ ਦੇ ਘੇਰੇ ਅੰਦਰ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਦੇ ਕੈਂਪ ਅੰਦਰ ਹਲਚਲ ਮਚ ਗਈ ਜਿਸ ਦਾ ਵਿਰੋਧ ਸ੍ਰੀ ਮੋਹਨ ਦਾਸ ਕਰਮ ਚੰਦ ਗਾਂਧੀ ਵੱਲੋਂ ਫੌਰ ਤੌਰ 'ਤੇ ਕੀਤਾ ਗਿਆ ਅਤੇ ਇਹ ਸਿਲਸਿਲਾ ਹਿੰਦੂਆਂ ਦੇ ਹੋਰ ਲੀਡਰਾਂ ਵੱਲੋਂ ਵੀ ਜਾਰੀ ਰਿਹਾ।

**ਮਾਸਟਰ ਤਾਰਾ ਸਿੰਘ ਦੋਸ਼ੀ ਨਹੀਂ-ਮੱਲ ਸਿੰਘ**

ਪੁਰਾਣੇ ਸਮੇਂ ਤੋਂ ਪ੍ਰਚਲਿਤ ਕਹਾਵਤ ਹੈ ਕਿ ਸੱਚ ਤਾਂ ਪੱਥਰ ਪਾੜ ਕੇ ਵੀ ਬਾਹਰ ਆ ਜਾਂਦਾ ਹੈ। 'ਡਾ. ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ', ਦਾ ਦੋਸ਼ ਮਾਸਟਰ ਤਾਰਾ ਸਿੰਘ ਅਤੇ ਸਿੱਖਾਂ ਦੀ ਲੀਡਰਸ਼ਿਪ ਸਿਰ ਅੱਜ ਤੱਕ ਮੜ੍ਹਿਆ ਗਿਆ ਹੈ। ਇਹ ਭੈੜਾ ਕੂੜ ਪ੍ਰਚਾਰ ਜਲੰਧਰ-ਨਕੋਦਰ ਰੋਡ ਤੋਂ ਮੌਖਿਕ ਰੂਪ ਵਿਚ ਸਟੇਜਾਂ ਤੋਂ ਜਾਂ ਦਲਿਤਾਂ ਵਿਚੋਂ ਕੁਝ ਪੱਤਰਕਾਰਾਂ, ਲਿਖਾਰੀਆਂ ਤੇ ਬੁਲਾਰਿਆਂ ਰਾਹੀਂ ਸਾਰੇ ਪੰਜਾਬ ਤੇ ਭਾਰਤ ਅੰਦਰ ਅਤੇ ਵਿਦੇਸ਼ਾਂ ਅੰਦਰ ਫੈਲਾ ਦਿਤਾ ਗਿਆ ਹੈ, ਜੋ ਦਲਿਤ ਸਮਾਜ ਅੰਦਰ ਖਾਸ ਤੌਰ 'ਤੇ ਬਾਕੀ ਸਮਾਜ ਦੇ ਹਿੱਸਿਆਂ 'ਚ ਅਗਿਆਨਤਾਵਸ਼ ਜਨਤਾ ਦੇ ਮਨਾਂ ਅੰਦਰ ਧੱਸ ਕੇ ਘਰ ਕਰ ਚੁੱਕਾ ਹੈ।

**ਜਾਤ ਵਰਣ ਪ੍ਰਣਾਲੀ ਦੋਸ਼-ਰਹਿਤ : ਗਾਂਧੀ**

ਗਾਂਧੀ ਜੀ ਨੇ ਆਪਣੇ ਹਫਤਾਵਾਰੀ ਅਖਬਾਰ 'ਹਰੀਜਨ' ਮਿਤੀ 15 ਅਗਸਤ 1936 ਨੂੰ ਇਕ ਲੇਖ 'ਡਾ. ਅੰਬੇਡਕਰ ਦੇ ਦੋਸ਼-ਆਰੋਪਣ' ਸਿਰਲੇਖ ਹੇਠ ਲਿਖਿਆ, ਜਿਸ ਵਿਚ ਇਹ ਸਿੱਧ ਕਰਨ ਦਾ ਯਤਨ ਕੀਤਾ ਗਿਆ ਕਿ ਚਤੁਰ ਵਰਣ (ਜਾਤ ਵਰਣ ਪ੍ਰਣਾਲੀ) ਦੋਸ਼ ਰਹਿਤ ਹੈ। ਡਾ. ਅੰਬੇਡਕਰ ਜੀ ਨੇ ਆਪਣੀ ਪੁਸਤਕ 'ਜਾਤ ਪਾਤ ਦਾ ਬੀਜ ਨਾਸ' ਦੇ ਦੂਜੇ ਸੰਸਕਰਣ ਵਿਚ ਇਸ ਦਾ ਮੂੰਹਤੋੜ ਜਵਾਬ ਦਿੱਤਾ।

## ਸਿੱਖਾਂ ਵੱਲੋਂ ਜਗਤਾਰ ਸਿੰਘ ਜੱਗੀ ਜੌਹਲ ਦੇ ਹੱਕ ਵਿੱਚ ਬ੍ਰਮਿੰਘਮ ਅਤੇ ਸਕਾਟਲੈਂਡ ਵਿਖੇ ਭਾਰੀ ਰੋਸ ਪ੍ਰਦਰਸ਼ਨ

ਸ਼ਹਿਰਾਂ ਤੋਂ ਪੂਰੇ ਉਤਸ਼ਾਹ ਨਾਲ ਪੁੱਜੀਆਂ। ਬ੍ਰਮਿੰਘਮ ਅਤੇ ਐਡਨਬਰਾ ਵਿੱਚ ਇੱਕ ਤਰਾਂ ਨਾਲ "ਫਰੀ-ਫਰੀ-ਜੱਗੀ", "ਖਾਲਿਸਤਾਨ ਜਿੰਦਾਬਾਦ" ਦੇ ਨਾਹਰਿਆਂ ਨਾਲ ਗੂੰਜਾਂ ਪੈ ਗਈਆਂ। ਜੱਗੀ ਦੀ ਘਰ ਵਾਪਸੀ ਲਈ ਬ੍ਰਿਟਿਸ਼ ਸਰਕਾਰ ਨੂੰ ਕੂਟਨੀਤਕ ਦਬਾਅ ਬਣਾਉਣ ਵਸਤੇ ਆਖਿਆ ਗਿਆ। ਇਸ ਦੇ ਨਾਲ ਹੀ ਭਾਰਤੀ ਦੂਤਾਵਾਸ ਦੇ ਅਧਿਕਾਰੀਆਂ ਨੂੰ ਸਪੱਸ਼ਟ ਸੁਨੇਹਾ ਦਿੱਤਾ ਗਿਆ ਕਿ ਅਸੀਂ ਤੁਹਾਡੇ ਪਾਸੋਂ ਕੋਈ ਭੀਖ ਮੰਗਣ ਨਹੀਂ ਆਏ, ਬਲਕਿ ਆਪਣੇ ਹੱਕ ਮੁਤਾਬਿਕ ਤੁਹਾਡੇ ਬੋਲੇ ਕੰਨਾਂ ਨੂੰ ਖੋਲ੍ਹਣ ਵਾਸਤੇ ਆਏ ਹਾਂ। ਤੁਸੀਂ ਇੱਕ ਜੱਗੀ ਫੜਿਆ ਹੈ ਪਰ ਅੱਜ ਲੱਖਾਂ ਜੱਗੀ ਉਸ ਦੇ ਪਿੱਠ ਉਤੇ ਖੜ੍ਹੇ ਹਨ, ਉਹ ਸਾਡਾ ਬੱਚਾ ਅਤੇ ਸਾਡਾ ਭਰਾ ਹੈ।

ਬ੍ਰਮਿੰਘਮ ਵਿੱਚ ਰੋਸ ਪ੍ਰਦਰਸ਼ਨ ਅਰੰਭ ਹੋਣ ਤੋਂ ਕੁੱਝ ਸਮਾਂ ਪਹਿਲਾਂ ਹੀ ਭਾਰਤੀ ਦੂਤ-ਘਰ ਨੇ ਜਨਤਕ ਦਰਵਾਜ਼ਾ ਬੰਦ ਕਰ ਦਿੱਤਾ ਪਰ ਸਾਰਾ ਸਟਾਫ ਅੰਦਰ ਬੈਠ ਕੇ ਭਾਰਤ ਸਰਕਾਰ ਅਤੇ ਪੰਜਾਬ ਪੁਲਿਸ ਦੇ ਜ਼ੁਲਮੀਂ ਵਰਤਾਰੇ ਦਾ ਵਿਰੋਧ ਕਰਦੀਆਂ ਸਿੱਖ ਸੰਗਤਾਂ ਅਤੇ ਬੁਲਾਰਿਆਂ ਪਾਸੋਂ ਲਾਹਨਤਾਂ ਸੁਣਦਾ ਅਤੇ ਵਾਚਦਾ ਰਿਹਾ । ਸਿੱਖ ਨੌਜਵਾਨਾਂ ਵਿੱਚ ਜਗਤਾਰ ਸਿੰਘ ਜੌਹਲ ਉਤੇ ਪੁਲਿਸ ਵਲੋਂ ਕੀਤੇ ਗਏ ਅਣਮਨੁੱਖੀ ਤਸ਼ੱਦਦ ਅਤੇ ਦਰਜ ਕੀਤੇ ਝੂਠੇ ਮੁਕੱਦਮਿਆਂ ਕਾਰਨ ਭਾਰੀ ਰੋਸ ਸੀ , ਜਿਸ ਦਾ ਪ੍ਰਗਟਾਵਾ ਉਨ੍ਹਾਂ ਵੱਲੋਂ ਭਾਰਤ ਦੇ ਤਿਰੰਗੇ ਝੰਡੇ ਨੂੰ ਸਾੜ ਕੇ ਕੀਤਾ ਗਿਆ।


First Punjabi Channel to go HD Worldwide
jus punjabi HD
IS NOW
HD
HIGH DEFINITION
Subscribe to the JUS Pack Today!
subscribe now
JUS Pack
has it all!
jus punjabi
JUS one
JUS 24x7
9x TASHAN
4 channels for only $14.99 on dish | sling
Call 1-888-246-6242 to Subscribe
For advertisement & more information call: +1-718-752-9290
www.jusbroadcasting.com

# RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ
ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ




ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

**Satnam Singh Khalsa 510.706.1300**

info@singhsolar.com

SUNPREME
Premium Bifacial Thin Film Solar






Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:

Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

**Raja™ Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja™ Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

## (510) 900-6319

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING
  TABLE CLOTH, NAPKINS, CHAIRS ETC.


APNA DESH, APNI SABHYATA, APNA PARIVAAR
24 HOURS
Kitchen & Grocery
SYMBOL OF PURITY
APNA BAZAR
FARMERS MARKET
BEST PRICE GUARANTEE
APNA BAZAR
FARMER'S MARKET
FREE
TICKET FOR
Vishal & Shekhar Show
buy any Grocery
Grand Opening Sale
July 19th 'til August 18th, 2018
OPM METALS
1 TROY OUNCE
.9999
FINE GOLD
D15202347T
U.S.A.
Raffle Drawing!*
Chance to Win 24 Karat (31 Gram) Gold Bar Each Evening!*
*One lucky winner will be announced every evening during the Grand Opening event (July 19th 'til August 18th, 2018).
Apna Bazar Farmers Market
1111 W El Camino Real • Sunnyvale, CA 94087 • For info, call: (408) 746-5966 • Call/ Text: (408) 513-4300 • www.ApnaBazar.com